
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 17
August 2, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਨਵਾਬ ਰਾਇ ਕੱਲ੍ਹਾ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਥਾਪਤ
**ਰਿਪੋਰਟ ਦੇਖੋ ਸਫਾ 5 'ਤੇ**



ਸ੍ਰੀ ਜੈ ਰਾਮ ਗਾਟ ਅਤੇ ਸ੍ਰੀਮਤੀ ਸਵਰਨ ਕੌਰ ਗਾਟ (ਇੰਡੀਆ ਬਾਜ਼ਾਰ, ਸਟਾਕਟਨ ਵਾਲੇ) ਕੇਵਲ ਕ੍ਰਿਸ਼ਨ ਅਤੇ ਆਸ਼ਾ ਰਾਣੀ ਦੇ ਸ਼ੁਭ ਆਨੰਦ ਕਾਰਜ ਮੌਕੇ ਆਸ਼ੀਰਵਾਦ ਦਿੰਦੇ ਹੋਏ। **ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 11 ਅਤੇ 12 'ਤੇ**

# ਗਲੋਬਲ ਵਾਰਮਿੰਗ ਕਾਰਨ ਕਰ ਰਹੇ ਨੇ ਕਿਸਾਨ ਖੁਦਕੁਸ਼ੀਆਂ!

**ਲਾਸ ਏਂਜਲਸ (ਬਿਊਰੋ)**–ਅਮਰੀਕੀ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਆਪਣੇ ਅਧਿਐਨ ’ਚ ਦਾਅਵਾ ਕੀਤਾ ਹੈ ਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਮੁੱਖ ਕਾਰਨ ਗਲੋਬਲ ਵਾਰਮਿੰਗ (ਆਲਮੀ ਤਪਸ਼) ਵੀ ਹੈ। ਅਧਿਐਨ ਅਨੁਸਾਰ ਖੇਤੀ ਦੇ ਕਿਸੇ ਵੀ ਮੌਸਮ ’ਚ ਤਾਪਮਾਨ ’ਚ ਇਕ ਡਿਗਰੀ ਸੈਲਸੀਅਸ ਦਾ ਵਾਧਾ ਹੁੰਦਾ ਹੈ ਤਾਂ ਉਸ ਸਾਲ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ’ਚ ਔਸਤ 67 ਫੀਸਦੀ ਦਾ ਵਾਧਾ ਹੁੰਦਾ ਹੈ। ਅਮਰੀਕਾ ਦੀ ਇਕ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਭਾਰਤ ’ਚ ਪਿਛਲੇ 30 ਸਾਲਾਂ ’ਚ 59,000 ਕਿਸਾਨਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦਾ ਮੁੱਖ ਕਾਰਨ ਗਲੋਬਲ ਵਾਰਮਿੰਗ ਹੈ, ਇਸ ਦੇ ਨਾਲ ਹੀ ਚਿਤਾਵਨੀ ਦਿੱਤੀ ਗਈ ਹੈ ਕਿ ਗਲੋਬਲ ਵਾਰਮਿੰਗ ’ਚ ਜਿਸ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਉਸ ਕਰਕੇ



ਖੁਦਕੁਸ਼ੀਆਂ ਦੀ ਦਰ ’ਚ ਵਾਧਾ ਹੋ ਸਕਦਾ ਹੈ। ਅਮਰੀਕਾ ਦੇ ਬਾਰਕਲੇ ’ਚ ਕੈਲੀਫੋਰਨੀਆ ਯੂਨੀਵਰਸਿਟੀ ਵੱਲੋਂ ਕੀਤੇ ਗਏ ਅਧਿਐਨ ਤੋਂ ਪਤਾ ਲੱਗਾ ਹੈ ਕਿ ਫ਼ਸਲਾਂ ਦੇ ਠੀਕ ਤਰ੍ਹਾਂ ਨਾ ਹੋਣ ਕਾਰਨ ਕਿਸਾਨ ਗਰੀਬ ਹੋ ਰਹੇ ਹਨ ਤੇ ਨਿਰਾਸ਼ਾ ’ਚ ਉਹ ਖੁਦਕੁਸ਼ੀਆਂ ਦੇ ਸ਼ਿਕਾਰ ਹੋ ਰਹੇ ਹਨ। ਯੂ. ਸੀ. ਬਾਰਕਲੇ ’ਚ ਖੋਜਾਰਥੀ ਤਾਮਾ ਕਾਰਲਟਨ ਦਾ ਕਹਿਣਾ ਹੈ ਕਿ ਇਹ ਬਹੁਤ ਅਚੰਭੇ ਤੇ ਦਿਲ ਤੋੜਨ ਵਾਲੀ ਗੱਲ ਹੈ ਕਿ ਨਿਰਾਸ਼ਾ ਦੀ ਹਾਲਤ ’ਚ ਲੋਕ ਖੁਦ ਨੂੰ ਹੀ ਨੁਕਸਾਨ ਪਹੁੰਚਾਉਣ ਤੱਕ ਚਲੇ ਜਾਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਿਰਾਸ਼ਤਾ ਦੀ ਵਜ੍ਹਾ ਆਰਥਿਕਤਾ ਹੈ ਤੇ ਇਸ ਲਈ ਬਿਹਤਰ ਨੀਤੀਆਂ ਬਣਾ ਕੇ ਹਜ਼ਾਰਾਂ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਖੋਜ ਮੁਤਾਬਿਕ ਫ਼ਸਲਾਂ ਦੀ ਬਿਜਾਈ ਸਮੇਂ ਵਧੇਰੇ ਤਾਪਮਾਨ ਤੇ ਘੱਟ ਵਰਖਾ ਸਾਲਾਨਾ ਖੁਦਕੁਸ਼ੀਆਂ ਦੀ ਦਰ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕਰਦੀ ਹੈ। ਇਹ ਸਰਵੇ ਜਰਨਲ ਪ੍ਰੋਸੀਡਿੰਗ ਆਫ਼ ਦਾ ਨੈਸ਼ਨਲ ਅਕੈਡਮੀ ਆਫ਼ ਸਾਇੰਸ ’ਚ

**(ਬਾਕੀ ਸਫਾ 5 ਤੇ)**

# ਪਾਸਵਰਡ ਵਾਲੀ ਚਿੱਪ ਹੁਣ ਤੁਹਾਡੇ ਸਰੀਰ ’ਚ ਲੱਗੇਗੀ

**ਨਿਊਯਾਰਕ (ਬਿਊਰੋ)**– ਅਮਰੀਕਾ ਦੀ ਇਕ ਤਕਨੀਕੀ ਕੰਪਨੀ ਥ੍ਰੀ ਸੁਕੇਅਰ ਮਾਰਕਟ (32ਐਮ.) ਨੇ ਆਪਣੇ ਕਰਮਚਾਰੀਆਂ ਦੇ ਸਰੀਰ ’ਚ ਆਰ. ਐਫ. ਆਈ. ਡੀ. ਚਿੱਪ ਲਾਉਣ ਦਾ ਬਦਲ ਦਿੱਤਾ ਹੈ, ਜਿਸ ਦੀ ਵਰਤੋਂ ਕਈ ਚੀਜ਼ਾਂ ’ਚ ਕੀਤਾ ਜਾ ਸਕੇਗਾ। ਇਹ ਚਿੱਪ ਚੌਲ ਦੇ ਦਾਣੇ ਦੇ ਆਕਾਰ ਦੀ ਹੈ, ਜਿਸ ਨੂੰ ਕੁਝ ਨੂੰ ਸਕਿੰਟਾਂ ’ਚ ਅੰਗੂਠੇ ਅਤੇ ਤਰਜਨੀ ਉਂਗਲ ਦੇ ਵਿਚਾਲੇ ਫਿੱਟ ਕੀਤਾ ਜਾ ਸਕਦਾ ਹੈ। ਇਹ ਚਿੱਪ ’ਨੀਅਰ ਫੀਲਡ ਕਮਿਊਨੀਕੇਸ਼ਨ’ (ਐਨ. ਐਫ਼. ਸੀ.) ਤਕਨੀਕ ਨਾਲ ਲੈਸ ਹੈ। ਇਸੇ ਤਕਨੀਕ ਦੀ ਵਰਤੋਂ ਕ੍ਰੈਡਿਟ



ਕਾਰਡ ਅਤੇ ਮੋਬਾਈਲ ਭੁਗਤਾਨ ’ਚ ਵੀ ਕੀਤੀ ਜਾਂਦੀ ਹੈ। 32 ਐਮ. ਦੇ ਸੀ.ਈ.ਓ. ਨੇ ਆਪਣੀ ਬਲਾਗ ਪੋਸਟ ’ਚ ਕਿਹਾ ਕਿ ਅਸੀਂ ਆਰ. ਐਫ. ਆਈ. ਡੀ. ਤਕਨੀਕ ਦੀ ਵਰਤੋਂ ਨਾਲ ਕਈ ਕੰਮ ਕਰ ਸਕਦੇ ਹਾਂ।

ਇਸ ਵਿਚ ਦਫ਼ਤਰ ਦਾ ਦਰਵਾਜ਼ਾ ਖੋਲ੍ਹਣ, ਕੰਪਿਊਟਰ ਲਾਗ ਇਨ ਕਰਨ, ਫੋਟੋ ਕਾਪੀ ਮਸ਼ੀਨ ਦੀ ਵਰਤੋਂ ਕਰਨ, ਫੋਨ ਖੋਲ੍ਹਣ, ਬਿਜਨੈੱਸ ਕਾਰਡ ਅਦਾਨ-ਪ੍ਰਦਾਨ ਕਰਨ, ਸਿਹਤ ਸਬੰਧੀ ਸੂਚਨਾਵਾਂ ਇਕੱਠੀਆਂ ਕਰਨ ਅਤੇ ਦੂਜੇ ਆਰ. ਐਫ. ਆਈ. ਡੀ. ਟਰਮੀਨਲਾਂ ’ਤੇ ਭੁਗਤਾਨ ਕਰਨ ਵਰਗੇ ਕੰਮ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਕੁਝ ਸਮੇਂ ਬਾਅਦ ਇਹ ਤਕਨੀਕ ਮਾਨਵੀਕ੍ਰਿਤ ਹੋ ਜਾਵੇਗੀ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


ELITE REALTY SERVICES
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax: 916-917-5773
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
ELITE REALTY SERVICES
7412 Elsie Avenue Sacramento, CA 95828
Cell : 916-770-9334
Jasvinder.sandhu@yahoo.com

Jasvinder Sandhu

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511
Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**Kash FABRICS**

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



**KASH FABRICS**
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਦੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸੈਕਰਾਮੈਂਟੋ 'ਚ ਗੈਸ ਸਟੇਸ਼ਨ 'ਤੇ ਕੰਮ ਕਰਦੇ 20 ਸਾਲਾ ਸਿੱਖ ਨੌਜਵਾਨ ਨੂੰ ਗੋਲੀ ਮਾਰ ਕੇ ਕੀਤਾ ਹਲਾਕ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਸਾਊਥ ਸੈਕਰਾਮੈਂਟੋ ਦੇ ਫਲੋਰਨ ਰੋਡ 'ਤੇ ਸਥਿਤ ਸ਼ੈਵਰਨ ਗੈਸ ਸਟੇਸ਼ਨ ਤੇ ਰਾਤ 10.30 ਵਜੇ ਦੋ ਮੈਕਸੀਕੋ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਨੇ ਸਿੱਖ ਨੌਜਵਾਨ ਸਿਮਰਨਜੀਤ ਸਿੰਘ ਭੰਗੂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੈਸ ਸਟੇਸ਼ਨ ਦੇ ਬਾਕੀ ਮੁਲਾਜ਼ਮਾਂ ਮੁਤਾਬਕ ਉਹ ਉਸ ਸਮੇਂ ਗੈਸ ਸਟੇਸ਼ਨ ਤੇ ਬਾਹਰੀ ਸਫਾਈ ਕਰ ਰਿਹਾ ਸੀ ਤੇ ਜਦੋਂ ਉਹ ਅੰਦਰ ਜਾਣ ਲੱਗਾ ਤਾਂ ਬਾਹਰ ਪਾਰਕਿੰਗ ਵਿਚ ਬੈਠੇ ਦੋ ਮੈਕਸੀਕੋ ਨਿਵਾਸੀਆਂ ਨੇ ਉਸਦੇ ਸੱਤ ਗੋਲੀਆਂ ਮਾਰੀਆਂ ਪਰ ਤਿੰਨ ਸਿਮਰਨਜੀਤ ਸਿੰਘ ਦੇ ਸਰੀਰ ਦੇ ਉਪਰਲੇ ਹਿੱਸੇ 'ਚ ਲੱਗੀਆਂ ਤੇ ਤੁਰੰਤ ਐਂਬੂਲੈਂਸ ਆਈ ਪਰ ਸਿਮਰਨਜੀਤ ਸਿੰਘ ਥਾਂ ਤੇ ਹੀ ਮਰ ਗਿਆ। ਬਾਕੀ ਵੇਰਵੇ ਅਨੁਸਾਰ ਤੇ ਸੈਕਰਾਮੈਂਟੋ ਕਾਉਂਟੀ ਸ਼ੈਰਫ ਇਨਵੈਸਟੀਗੇਟ ਡਿਪਾਰਟਮੈਂਟ ਅਨੁਸਾਰ ਇਸੇ ਗੈਸ ਸਟੇਸ਼ਨ 'ਤੇ ਹੀ ਕੰਮ ਕਰ ਰਹੇ ਪਾਕਿਸਤਾਨੀ ਮੂਲ ਦੇ ਮੁਲਾਜ਼ਮ ਨਾਲ ਪਹਿਲਾਂ ਇਹ ਮੈਕਸੀਕੋ ਹੱਥੋਪਾਈ ਹੋਏ ਸਨ ਪਰ ਉਹ ਉਸਤੋਂ ਬਾਅਦ ਅੰਦਰ ਜਾ ਕੇ 911 ਕਰਨ ਚਲੇ ਗਿਆ। ਐਨੇ



ਨੂੰ ਮਾੜੀ ਕਿਸਮਤ ਕਰਕੇ ਸਿਮਰਨ-ਜੀਤ ਪਾਰਕਿੰਗ ਸਾਫ ਕਰਕੇ ਅੰਦਰ ਜਾ ਰਿਹਾ ਸੀ ਤੇ ਬਿਨਾਂ ਵਜ੍ਹਾ ਮੈਕ-ਸੀਕਨਾਂ ਨੇ ਉਸ ਉਪਰ ਗੋਲੀਆਂ ਚਲਾ ਦਿੱਤੀਆਂ ਪਤਾ ਲੱਗ ਹੈ ਕਿ ਪਾਕਿਸਤਾਨੀ ਮੁਲਾਜ਼ਮ ਇਹਨਾਂ ਮੈਕਸੀਕਨਾਂ ਨੂੰ ਪਾਰਕਿੰਗ ਲਾਟ ਵਿਚ ਸ਼ਰਾਬ ਪੀਣ ਤੋਂ ਰੋਕਣ ਗਿਆ ਸੀ, ਜਿਸ ਕਰਕੇ ਉਸ ਨਾਲ ਹੱਥੋਪਾਈ ਹੋ ਗਈ ਤੇ ਬਾਅਦ ਵਿਚ ਸਿਮਰਨਜੀਤ ਸਿੰਘ ਨੂੰ ਸ਼ਾਇਦ ਪਤਾ ਵੀ ਨਹੀਂ ਸੀ ਕਿ ਕੀ ਗੱਲ ਹੋਈ ਹੈ।

ਸਿਮਰਨਜੀਤ ਸਿੰਘ ਪੰਜਾਬ ਦੇ ਮੋਹਾਲੀ ਦਾ ਰਹਿਣ ਵਾਲਾ ਸੀ ਤੇ ਤਿੰਨ ਭੈਣਾਂ ਦਾ ਇਕ ਭਰਾ ਸੀ ਤੇ ਵਿਦਿਆਰਥੀ ਵੀਜੇ ਤੇ ਸਿਰਫ



ਡੇਢ ਸਾਲ ਪਹਿਲਾਂ ਹੀ ਅਮਰੀਕਾ ਆਇਆ ਸੀ ਤੇ ਆਪਣੀ ਭੈਣ ਤੇ ਜੀਜੇ ਪਾਸ ਰਹਿੰਦਾ ਸੀ। ਇਸ ਘਟਨਾ ਨੇ ਸਥਾਨਕ ਭਾਈਚਾਰੇ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ। ਸ਼ੈਰਫ ਡਿਪਾਰਟਮੈਂਟ ਨੇ ਮੌਕੇ ਤੇ ਭੱਜੇ ਮੈਕਸੀਕਨ ਜਿਸਦਾ ਨਾਂ ਅਲੈਗਜੈਂਡਰ ਲੋਪੇਜ ਦੱਸਿਆ ਗਿਆ ਹੈ, ਨੂੰ ਫੜ ਲਿਆ ਹੈ। ਇਸ ਤੋਂ ਇਲਾਵਾ ਪੁਲਿਸ ਮੁਤਾਬਕ ਦੋ ਹੋਰ ਵਿਅਕਤੀਆਂ ਦੀ ਭਾਲ ਜਾਰੀ ਹੈ ਜੋ ਇਸ ਕਤਲ ਵਿਚ ਲੋੜੀਂਦੇ ਹਨ। ਸਿੱਖ ਭਾਈਚਾਰੇ ਨੂੰ ਇਹੋ ਜਿਹੀਆਂ ਸਥਿਤੀਆਂ ਵਿਚ ਇਕੱਠੇ ਹੋ ਕੇ ਅਜਿਹੇ ਕਤਲਾਂ ਪ੍ਰਤੀ ਸਰਕਾਰੇ-ਦਰਬਾਰੇ ਸੰਘਰਸ਼ ਕਰਕੇ ਇਨਸਾਫ ਲੈਣ ਦੀ ਲੋੜ ਹੈ।

# ਕਿਸੇ ਖ਼ੁਦਕੁਸ਼ੀ ਪੀੜਤ ਪਰਿਵਾਰ ਤਕ ਨਹੀ ਪਹੁੰਚੀ ਵਿਧਾਨ ਸਭਾ ਕਮੇਟੀ

**ਚੰਡੀਗੜ੍ਹ–** ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਸਾਰ ਲੈਣ ਤੇ ਖੇਤ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਲਈ ਬਣੀ ਪੰਜਾਬ ਵਿਧਾਨ ਸਭਾ ਦੀ ਕਮੇਟੀ ਨੇ ਅਜੇ ਤਕ ਕਿਸੇ ਖ਼ੁਦਕੁਸ਼ੀ ਪੀੜਤ ਪਰਿਵਾਰ ਤਕ ਪਹੁੰਚ ਨਹੀਂ ਕੀਤੀ ਹੈ। ਕਮੇਟੀ ਵੱਲੋਂ ਕੀਤੇ ਜਾਣ ਵਾਲੇ ਕੰਮ ਦਾ ਰਿਕਾਰਡ ਰੱਖਣ ਜਾਂ ਇਸ ਦੀਆਂ ਮੀਟਿੰਗਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਅਜੇ ਤਕ ਕਿਸੇ ਅਧਿਕਾਰੀ ਨੂੰ ਜ਼ਿੰਮੇਵਾਰੀ ਨਹੀਂ ਦਿੱਤੀ ਗਈ। ਦੂਜੇ ਪਾਸੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਸਬੰਧੀ ਬਣਾਈ ਟੀ. ਹੱਕ ਕਮੇਟੀ ਨੇ ਅੰਮ੍ਰਿਤਸਰ ਵਿੱਚ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕੀਤੀ ਅਤੇ ਮੰਗਲਵਾਰ ਨੂੰ ਲੁਧਿਆਣਾ ਵਿੱਚ ਕਿਸਾਨਾਂ ਨਾਲ ਮੀਟਿੰਗ ਕੀਤੇ ਜਾਣ ਦਾ ਪ੍ਰੋਗਰਾਮ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਧਾਨ ਸਭਾ 'ਚ 19 ਜੂਨ ਨੂੰ ਕੀਤੇ ਗਏ ਐਲਾਨ ਮੁਤਾਬਕ ਸਪੀਕਰ ਰਾਣਾ ਕੇ.ਪੀ. ਸਿੰਘ ਨੇ 7 ਜੁਲਾਈ ਨੂੰ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਸੀ। ਇਸ ਕਮੇਟੀ 'ਚ ਅਨੁਸੂਚਿਤ ਜਾਤੀ ਨਾਲ ਸਬੰਧਤ ਇੱਕ ਵਿਧਾਇਕ ਸ਼ਾਮਲ ਕਰਨ ਦਾ ਤਾਂ ਧਿਆਨ ਰੱਖਿਆ ਗਿਆ ਪਰ ਕੋਈ ਔਰਤ ਵਿਧਾਇਕ ਕਮੇਟੀ 'ਚ ਸ਼ਾਮਲ ਨਹੀਂ ਕੀਤੀ ਗਈ। ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਦੇ ਖ਼ੁਦਕੁਸ਼ੀ ਕਰਨ ਬਾਅਦ ਉਨ੍ਹਾਂ ਦੀਆਂ ਵਿਧਵਾਵਾਂ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੀਆਂ ਹਨ। ਉਨ੍ਹਾਂ 'ਚ ਉਮੀਦ ਪੈਦਾ ਕਰਨ ਲਈ ਸਿੱਧੇ ਤੌਰ 'ਤੇ ਔਰਤਾਂ ਤੇ ਉਨ੍ਹਾਂ ਦੇ ਬੱਚਿਆਂ ਨਾਲ ਗੱਲਬਾਤ ਕੀਤੀ ਜਾਵੇ। ਪਿੰਡ ਝੁਨੀਰ ਦੇ ਖ਼ੁਦਕੁਸ਼ੀ ਕਰ ਗਏ ਕਿਸਾਨ ਗੁਰਨਾਮ ਸਿੰਘ ਦੀ ਧੀ ਕਿਰਨਜੀਤ ਕੌਰ ਨੇ ਵੀ ਕਿਹਾ ਕਿ ਜੇਕਰ ਔਰਤ ਵਿਧਾਇਕ ਹੋਵੇ ਤਾਂ ਔਰਤਾਂ ਬਿਹਤਰ ਤਰੀਕੇ ਨਾਲ ਆਪਣੇ ਦਿਲ ਦੀ ਗੱਲ ਕਰ ਸਕਦੀਆਂ ਹਨ।

ਜਾਣਕਾਰੀ ਅਨੁਸਾਰ ਸਰਕਾਰ ਵੱਲੋਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਐਲਾਨ ਨੂੰ ਅਮਲੀ ਰੂਪ ਦੇਣ ਲਈ ਵੀ ਵਿਧਾਨ ਸਭਾ ਕਮੇਟੀ ਨੇ ਸੁਝਾਅ ਦੇਣੇ ਹਨ। ਸੰਭਵ ਹੈ ਕਿ ਡਿਪਟੀ ਕਮਿਸ਼ਨਰਾਂ ਦੀਆਂ ਖ਼ੁਦਕੁਸ਼ੀ ਰਾਹਤ ਕਮੇਟੀਆਂ ਨੂੰ ਹੀ ਇਹ ਕੰਮ ਸੌਂਪ ਦਿੱਤਾ ਜਾਵੇ। ਮੁੱਖ ਮੰਤਰੀ ਨੇ ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ ਉੱਤੇ ਪੰਜ ਏਕੜ ਤਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਦਾ ਕਰਜ਼ਾ ਤੇ ਢਾਈ ਏਕੜ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਹੱਕ ਕਮੇਟੀ ਨੂੰ ਦੋ ਮਹੀਨੇ ਦਾ ਹੋਰ ਸਮਾਂ ਦਿੱਤਾ ਗਿਆ ਸੀ। ਇਹ ਸਮਾਂ 17 ਅਗਸਤ ਨੂੰ ਪੂਰਾ ਹੋ ਜਾਵੇਗਾ। ਡਾ. ਟੀ. ਹੱਕ ਸੋਮਵਾਰ ਨੂੰ ਅੰਮ੍ਰਿਤਸਰ ਵਿੱਚ ਸਨ ਅਤੇ ਉਨ੍ਹਾਂ ਨੇ ਕਿਸਾਨ ਜਥੇਬੰਦੀਆਂ ਨਾਲ ਮੁਲਾਕਾਤ ਕੀਤੀ। ਮੰਗਲਵਾਰ ਨੂੰ ਲੁਧਿਆਣਾ ਵਿਖੇ ਉਹ ਕੁੱਝ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਅਤੇ ਕਈ ਹੋਰ ਕਿਸਾਨਾਂ ਨਾਲ ਗੱਲਬਾਤ ਕਰਨਗੇ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨਾਲ ਮੀਟਿੰਗ ਬਾਅਦ ਕਮੇਟੀ ਆਪਣੇ ਤੈਅ ਸਮੇਂ ਤੋਂ ਪਹਿਲਾਂ ਮੁਕੰਮਲ ਰਿਪੋਰਟ ਪੇਸ਼ ਕਰ ਦੇਵੇਗੀ। ਕਮੇਟੀ ਕੋਲ ਕਿਸਾਨਾਂ ਵੱਲੋਂ ਲਏ ਜਾਂਦੇ ਮਿਆਦੀ ਕਰਜ਼ੇ ਭਾਵ ਟਰੈਕਟਰ, ਮਸ਼ੀਨਰੀ, ਖੇਤੀ ਦੇ ਸਹਾਇਕ ਧੰਦਿਆਂ ਆਦਿ ਦੀ ਮੁਆਫ਼ੀ ਬਾਰੇ ਸਿਫਾਰਸ਼ ਕਰਨ ਦਾ ਕੰਮ ਵੀ ਹੈ। ਕਿੰਨਾ ਕਰਜ਼ਾ ਤੇ ਕਿਸ ਢੰਗ ਨਾਲ ਮੁਆਫ਼ ਕੀਤਾ ਜਾਵੇ ਤੋਂ ਇਲਾਵਾ ਸਰਕਾਰ ਵਸੀਲੇ ਪੈਦਾ ਕਰਨ ਦੀ ਸਿਫਾਰਸ਼ ਵੀ ਕਮੇਟੀ ਤੋਂ ਚਾਹੁੰਦੀ ਹੈ। ਸ਼ਾਹੂਕਾਰਾ ਕਰਜ਼ੇ ਸਬੰਧੀ ਕਾਨੂੰਨ 'ਚ ਸੋਧ ਲਈ ਤਿੰਨ ਮੰਤਰੀਆਂ ਨਵਜੋਤ ਸਿੱਧੂ, ਮਨਪ੍ਰੀਤ ਬਾਦਲ ਅਤੇ ਤ੍ਰਿਪਤ ਰਜਿੰਦਰ ਬਾਜਵਾ ਉੱਤੇ ਆਧਾਰਤ ਵੱਖਰੀ ਕਮੇਟੀ ਬਣੀ ਹੋਈ ਹੈ।

# ਕਿਸਾਨਾਂ ਦੇ ਕਰਜ਼ਾ ਮੁਆਫ਼ੀ 'ਤੇ ਕੈਪਟਨ ਨੇ ਦਿਖਾਈ ਅਸਮੱਰਥਾ

**ਚੰਡੀਗੜ੍ਹ –**ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਇਥੇ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਕਰਜ਼ਾ ਮੁਆਫ਼ੀ ਲਈ ਡਾ. ਟੀ. ਹੱਕ ਦੀ ਅਗਵਾਈ 'ਚ ਮਾਹਿਰਾਂ ਦੀ ਕਮੇਟੀ ਨਾਲ ਹੋਈ ਇਕ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਸੂਬਾ ਸਰਕਾਰ ਲਈ ਆਪਣੇ ਸਰੋਤਾਂ ਨਾਲ ਕਿਸਾਨਾਂ ਨੂੰ ਮਦਦ ਦੇਣਾ ਜਾਂ ਉਨ੍ਹਾਂ ਦਾ ਕਰਜ਼ਾ ਮੁਆਫ਼ ਕਰਨਾ ਸੰਭਵ ਨਹੀਂ ਹੈ । ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਸੰਗੀਨ ਮੁੱਦੇ 'ਤੇ ਸੂਬਾ ਸਰਕਾਰ ਦੀ ਮਦਦ ਕਰਨੀ ਪਵੇਗੀ, ਕਿਉਂਕਿ ਸੂਬਾ ਸਰਕਾਰ ਕੇਂਦਰ ਦੇ ਐਫ.ਆਰ.ਬੀ.ਐਮ. ਐਕਟ 2003 ਦੀਆਂ ਵਿਵਸਥਾਵਾਂ ਅਨੁਸਾਰ ਸੂਬਾ ਆਪਣੀ ਜੀ.ਐਸ.ਡੀ.ਪੀ. ਦਾ 3 ਫੀਸਦੀ ਤੱਕ ਕਰਜ਼ਾ ਪ੍ਰਾਪਤ ਕਰ ਸਕਦਾ ਹੈ ਅਤੇ ਇਸ ਅਨੁਸਾਰ ਚਾਲੂ ਸਾਲ 'ਚ ਰਾਜ ਸਰਕਾਰ ਕੇਵਲ 12,819 ਕਰੋੜ ਰੁਪਏ ਦਾ ਕਰਜ਼ਾ ਪ੍ਰਾਪਤ ਕਰ ਸਕਦੀ ਹੈ । ਉਨ੍ਹਾਂ ਕਿਹਾ ਕਿ ਚਾਲੂ ਮਾਲੀ ਸਾਲ ਦੌਰਾਨ ਸੂਬੇ ਦੇ ਮਾਲੀਏ ਅਤੇ ਖ਼ਰਚੇ 'ਚ ਸੰਭਾਵਿਤ ਪਾੜਾ ਕੋਈ 10,273 ਕਰੋੜ ਰੁਪਏ ਦਾ ਹੋਣ ਦਾ ਅਨੁਮਾਨ ਹੈ । ਜਿਸ ਦੇ ਨਤੀਜੇ ਵਜੋਂ ਸੂਬਾ ਸਰਕਾਰ ਕਿਸਾਨਾਂ ਨੂੰ ਕੋਈ ਵੀ ਕਰਜ਼ਾ ਰਾਹਤ ਸਕੀਮ ਪ੍ਰਦਾਨ ਕਰਨ ਲਈ ਓਨਾ ਚਿਰ ਸਮਰੱਥ ਨਹੀਂ ਹੋਵੇਗੀ, ਜਦੋਂ ਤੱਕ ਕੇਂਦਰ ਵੱਲੋਂ ਸੂਬੇ ਨੂੰ ਐਫ.ਆਰ.ਬੀ.ਐਮ. ਐਕਟ 2003 ਅਧੀਨ ਕਰਜ਼ਾ ਲੈਣ ਦੀ ਸੀਮਾ ਤੋਂ ਛੋਟ ਨਹੀਂ ਦਿੱਤੀ ਜਾਂਦੀ । ਵਰਨਣਯੋਗ ਇਹ ਹੈ ਕਿ ਕੇਂਦਰ ਸਰਕਾਰ ਵੱਲੋਂ ਭਾਜਪਾ ਹਕੂਮਤ ਵਾਲੇ ਰਾਜ ਉੱਤਰ ਪ੍ਰਦੇਸ਼ ਨੂੰ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਅਜਿਹੀ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉੱਤਰ ਪ੍ਰਦੇਸ਼ ਸਰਕਾਰ



ਵੱਲੋਂ ਕੇਂਦਰ ਨੂੰ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ 35,000 ਕਰੋੜ ਰੁਪਏ ਦੇ ਕਿਸਾਨ ਰਾਹਤ ਬਾਂਡ ਜਾਰੀ ਕਰਨ ਦੀ ਤਜਵੀਜ਼ ਭੇਜੀ ਸੀ, ਜਿਸ ਲਈ ਉਨ੍ਹਾਂ ਐਫ.ਆਰ.ਬੀ.ਐਮ. ਐਕਟ 2003 ਤੋਂ ਛੋਟ ਵੀ ਮੰਗੀ ਸੀ ਪਰ ਕੇਂਦਰ ਵੱਲੋਂ ਯੂ.ਪੀ. ਸਰਕਾਰ ਦੀ ਤਜਵੀਜ਼ ਰੱਦ ਕਰਨ ਤੋਂ ਬਾਅਦ ਯੂ.ਪੀ. ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਧਨ ਰਾਸ਼ੀ ਆਪਣੇ ਸਾਧਨਾਂ ਰਾਹੀਂ ਹੀ ਜੁਟਾਉਣ ਦਾ ਫ਼ੈਸਲਾ ਲਿਆ ਗਿਆ ਹੈ । ਪੰਜਾਬ ਸਰਕਾਰ ਜੋ ਕਿ ਪਹਿਲਾਂ ਹੀ ਆਪਣੀ ਕਰਜ਼ਾ ਸੀਮਾ ਨੂੰ ਪਾਰ ਕਰ ਚੁੱਕੀ ਹੈ ਲਈ ਕਿਸਾਨਾਂ ਲਈ 10,000 ਕਰੋੜ ਦਾ ਕਰਜ਼ਾ ਚੁੱਕਣ ਲਈ ਹੋਰ ਛੋਟ ਨੂੰ ਪ੍ਰਵਾਨ ਕਰਨਾ ਕੇਂਦਰ ਲਈ ਵੀ ਆਸਾਨ ਨਹੀਂ ਹੋਵੇਗਾ, ਕਿਉਂਕਿ ਕੇਂਦਰ ਪਹਿਲਾਂ ਹੀ ਪੰਜਾਬ ਨੂੰ ਫ਼ਸਲ ਦੀ ਖ਼ਰੀਦ ਦੇ ਐਡਵਾਂਸ ਵਿਚਲੇ ਘਾਟੇ ਦੀ 31 ਹਜ਼ਾਰ ਕਰੋੜ ਦੀ ਰਾਸ਼ੀ ਨੂੰ ਕਰਜ਼ੇ 'ਚ ਤਬਦੀਲ ਕਰਨ ਅਤੇ ਇਸ ਨੂੰ ਐਫ.ਆਰ.ਬੀ.ਐਮ. ਐਕਟ ਤੋਂ ਮੁਕਤ ਰੱਖਣ ਦੀ ਚਾਲੂ ਸਾਲ ਲਈ ਪ੍ਰਵਾਨਗੀ ਦੇ ਚੁੱਕਾ ਹੈ । ਮੁੱਖ ਮੰਤਰੀ ਨੇ ਅੱਜ ਦੀ ਮੀਟਿੰਗ 'ਚ ਇਹ ਵੀ ਦੱਸਿਆ ਕਿ ਰਾਜ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਅਤੇ ਉਨ੍ਹਾਂ ਦੇ ਚੀਫ਼ ਪ੍ਰਮੁੱਖ ਸਕੱਤਰ ਸ੍ਰੀ ਸੁਰੇਸ਼ ਕੁਮਾਰ ਅਤੇ ਰਾਜ ਦੇ ਪ੍ਰਮੁੱਖ ਸਕੱਤਰ ਕਰਨਅਵਤਾਰ ਸਿੰਘ 26-27 ਜੁਲਾਈ ਨੂੰ ਮੁੰਬਈ ਵਿਖੇ ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਅਤੇ ਨਾਬਾਰਡ ਦੇ ਚੇਅਰਮੈਨ ਨੂੰ ਮਿਲ ਕੇ ਆਏ ਹਨ ਅਤੇ ਰਿਜ਼ਰਵ ਬੈਂਕ ਵੱਲੋਂ ਵੀ ਸੂਬਾ ਸਰਕਾਰ ਨੂੰ ਕਰਜ਼ਾ ਰਾਹਤ ਸਕੀਮ ਲਈ ਆਪਣੇ ਸਰੋਤਾਂ ਰਾਹੀਂ ਫ਼ੰਡਾਂ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ । ਮੁੱਖ ਮੰਤਰੀ ਦੇ ਇਸ ਕਥਨ ਤੋਂ ਸਪੱਸ਼ਟ ਹੈ ਕਿ ਰਿਜ਼ਰਵ ਬੈਂਕ ਸੂਬਾ ਸਰਕਾਰ ਨੂੰ ਹੋਰ ਕਰਜ਼ਾ ਦੇਣ ਲਈ ਤਿਆਰ ਨਹੀਂ । ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਦੱਸਿਆ ਕਿ ਸੂਬਾ ਸਰਕਾਰ ਆਪਣੇ ਪੱਖ ਤੋਂ ਵਾਧੂ ਸਰੋਤ ਜੁਟਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਕਰ ਰਹੀ ਹੈ ਅਤੇ ਸਰਕਾਰ ਵੱਲੋਂ ਆਪਣੇ ਖ਼ਰਚੇ ਵੀ ਘਟਾਏ ਜਾ ਰਹੇ ਹਨ । ਸੂਬੇ 'ਚ ਨਵੇਂ ਟੈਕਸਾਂ ਸਬੰਧੀ ਚੱਲ ਰਹੇ ਚਰਚਿਆਂ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਪੇਸ਼ੇਵਰ ਟੈਕਸ, ਯੂਜ਼ਰ ਚਾਰਜ ਟੈਕਸ ਅਤੇ ਕੁਝ ਹੋਰ ਟੈਕਸਾਂ ਨੂੰ ਤਰਕ ਸੰਗਤ ਬਣਾਉਣ ਲਈ ਅੰਤਲੇ ਪੜਾਅ 'ਚ ਹੈ । ਉਨ੍ਹਾਂ ਇਹ ਵੀ ਦੱਸਿਆ ਕਿ ਵੱਖ-ਵੱਖ ਤਰ੍ਹਾਂ ਦੇ ਸੈਸ ਅਤੇ ਪ੍ਰਾਪਤ ਹੁੰਦੀਆਂ ਪ੍ਰਾਪਤੀਆਂ ਵੀ ਉਨ੍ਹਾਂ ਸੰਸਥਾਵਾਂ ਵੱਲੋਂ ਰੱਖੇ ਜਾਣ ਦੀ ਥਾਂ ਹੁਣ ਸਿੱਧੇ ਤੌਰ 'ਤੇ ਸੂਬੇ ਦੇ ਖ਼ਜ਼ਾਨੇ 'ਚ ਅਤੇ ਸੰਚਿਤ ਫ਼ੰਡ ਵਿਚ ਜਮ੍ਹਾਂ ਕਰਾਉਣ ਦਾ ਫ਼ੈਸਲਾ ਲਿਆ ਗਿਆ ਹੈ । ਉਨ੍ਹਾਂ ਇਹ ਵੀ ਦੱਸਿਆ ਕਿ ਜੀ.ਐਸ.ਟੀ. ਪ੍ਰਣਾਲੀ ਨਾਲ ਸੂਬੇ ਦੇ ਮਾਲੀਏ 'ਚ ਚੰਗਾ ਵਾਧਾ ਹੋਣ ਦੀ ਸੰਭਾਵਨਾ ਹੈ।

# ਸਰਕਾਰ ਕੈਪਟਨ ਦੀ, ਦਬਕੇ ਮਾਰ ਰਹੇ ਨੇ ਸੁਖਬੀਰ ਬਾਦਲ

**ਚੰਡੀਗੜ੍ਹ (ਬਿਊਰੋ)–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅਫ਼ਸਰਸ਼ਾਹੀ ਅਤੇ ਪੁਲੀਸ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਮਾਮਲੇ ਵਿੱਚ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਬਾਅ ਬਣਾਉਣ ਵਾਲੇ ਦਾਅ-ਪੇਚਾਂ ਨੂੰ ਸਹਿਣ ਨਹੀਂ ਕਰੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕਰੇਗੀ। ਮੁੱਖ ਮੰਤਰੀ ਨੇ ਪੁਲੀਸ ਤੇ ਪ੍ਰਸ਼ਾਸਨ ਨੂੰ ਬਿਨਾਂ ਭੈਅ ਤੋਂ ਕੰਮਕਾਜ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਜਾਇਜ਼ ਕਾਰਵਾਈਆਂ ਅਤੇ ਫ਼ੈਸਲਿਆਂ ਸਬੰਧੀ ਪੂਰੀ ਹਮਾਇਤ ਦਾ ਭਰੋਸਾ ਦਿੱਤਾ।

ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਵਰਕਰਾਂ ਵਿਰੁੱਧ ਝੂਠੇ ਕੇਸ ਦਰਜ ਹੋਣ ਦਾ ਦਾਅਵਾ ਕਰਦੇ ਹੋਏ ਅਧਿਕਾਰੀਆਂ ਨੂੰ ਦਿੱਤੀਆਂ ਧਮਕੀਆਂ 'ਤੇ ਤਿੱਖੀ ਪ੍ਰਤੀਕਿਰਿਆ ਜਤਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਦਲਾਖੋਰੀ ਦੀ ਸਿਆਸਤ ਵਿੱਚ ਵਿਸ਼ਵਾਸ ਨਹੀਂ ਰੱਖਦੀ ਅਤੇ ਹਰੇਕ ਮਾਮਲੇ ਵਿੱਚ ਜਮਹੂਰੀ ਨਿਯਮਾਂ 'ਤੇ ਚੱਲਦੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਨੂੰ ਇਸ ਤਰ੍ਹਾਂ ਦੇ ਭੜਕਾਊ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਸ ਤਰ੍ਹਾਂ ਦੇ ਬਿਆਨ ਸੂਬੇ ਦੀ ਸ਼ਾਂਤੀ ਅਤੇ ਸਥਿਰਤਾ ਨੂੰ ਭੰਗ ਕਰ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਹਰੇਕ ਉਸ ਵਿਅਕਤੀ ਜਾਂ ਸੰਸਥਾ ਵਿਰੁੱਧ ਤਿੱਖੀ ਕਾਰਵਾਈ ਕਰੇਗੀ, ਜੋ ਇਸ ਤਰ੍ਹਾਂ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਵੇਗਾ।

ਅਕਾਲੀਆਂ ਵਿਰੁੱਧ ਝੂਠੇ ਕੇਸ ਦਰਜ ਕਰਨ ਸਬੰਧੀ ਆਪਣੀ ਸਰਕਾਰ ਜਾਂ ਅਧਿਕਾਰੀਆਂ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਜਿਹਾ ਤਾਂ ਬਾਦਲ ਸਰਕਾਰ ਕਰਦੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਮਿਸ਼ਨ ਦਾ ਗਠਨ ਕਰ ਕੇ ਸਾਰੇ ਕੇਸਾਂ ਦੀ ਜਾਂਚ ਕਰਵਾ ਰਹੀ ਹੈ ਤਾਂ ਜੋ ਬੇਗੁਨਾਹਾਂ ਲਈ ਨਿਆਂ ਯਕੀਨੀ ਬਣਾਇਆ ਜਾ ਸਕੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੋਲ ਅਕਾਲੀ ਆਗੂਆਂ ਅਤੇ ਵਰਕਰਾਂ ਵਿਰੁੱਧ ਭਾਵੇਂ ਕਈ ਸਬੂਤ ਹਨ ਪਰ ਸਰਕਾਰ ਜਾਂਚ ਕਮਿਸ਼ਨ ਦੀ ਰਿਪੋਰਟ ਦਾ ਇੰਤਜ਼ਾਰ ਕਰੇਗੀ। ਕੈਪਟਨ ਨੇ ਕਿਹਾ ਕਿ ਉਹ ਸਾਰੀ ਕਾਰਵਾਈ ਕਾਨੂੰਨ ਅਨੁਸਾਰ ਕਰਨਾ ਚਾਹੁੰਦੇ ਹਨ ਅਤੇ ਕਾਨੂੰਨੀ ਪ੍ਰਕਿਰਿਆ ਤੋਂ ਲਾਂਭੇ ਜਾ ਕੇ ਕੋਈ ਵੀ ਕਦਮ ਨਹੀਂ ਚੁੱਕਣਗੇ।

ਕੈਪਟਨ ਨੇ ਅਕਾਲੀ ਦਲ ਦੀ 'ਜਬਰ ਵਿਰੋਧੀ ਲਹਿਰ' ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਜਬਰ ਕਰਨਾ, ਬਾਦਲ ਸਰਕਾਰ ਦੀ ਕਾਰਜਪ੍ਰਣਾਲੀ ਦਾ ਹਿੱਸਾ ਸੀ, ਜਦੋਂਕਿ ਕਾਂਗਰਸ ਹਮੇਸ਼ਾ ਜਮਹੂਰੀ ਸਿਧਾਂਤਾਂ ਅਤੇ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਅਤੇ ਹੋਰ ਅਕਾਲੀ ਆਗੂ ਆਪਾ ਬਚਾਉਣ ਲਈ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ।

# ਭਾਰਤ 'ਚ ਵਿਆਹਾਂ ਦੀ ਰਜਿਸਟਰੇਸ਼ਨ ਲਾਜ਼ਮੀ

**ਨਵੀਂ ਦਿੱਲੀ –** ਔਰਤਾਂ ਨੂੰ ਪ੍ਰੇਸ਼ਾਨੀਆਂ ਤੋਂ ਬਚਾਉਣ ਲਈ ਸਰਕਾਰ ਨੇ ਵਿਆਹਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਜਾਣਕਾਰੀ ਲੋਕ ਸਭਾ ਵਿੱਚ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਦਿੰਦਿਆਂ ਕਿਹਾ ਕਿ ਹਾਲ ਦੀ ਘੜੀ ਰਜਿਸਟਰੇਸ਼ਨ ਨੂੰ ਆਧਾਰ ਨਾਲ ਜੋੜਨ ਦੀ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਇਕ ਲਿਖਤੀ ਜਵਾਬ ਵਿੱਚ ਕਿਹਾ, ''ਵਿਆਹਾਂ ਨੂੰ ਦਸਤਾਵੇਜ਼ੀ ਮੁੱਲ ਮੁਹੱਈਆ ਕਰਾਉਣ ਤੇ ਔਰਤਾਂ ਨੂੰ ਪ੍ਰੇਸ਼ਾਨੀਆਂ ਤੋਂ ਬਚਾਉਣ ਲਈ ਇਹ ਫ਼ੈਸਲਾ ਲਿਆ ਗਿਆ ਹੈ ਕਿ ਵਿਆਹਾਂ ਦੀ ਰਜਿਸਟਰੇਸ਼ਨ ਲਾਜ਼ਮੀ ਕੀਤੀ ਜਾਵੇ।''

ਉਨ੍ਹਾਂ ਇਸ ਸਬੰਧੀ ਸੁਪਰੀਮ ਕੋਰਟ ਦੇ 2006 ਦੇ ਇਕ ਫ਼ੈਸਲੇ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਧਰਮ ਵੱਲ ਤਵੱਜੋ ਦਿੱਤੇ ਬਿਨਾਂ ਦੇਸ਼ ਦੇ ਸਾਰੇ ਨਾਗਰਿਕਾਂ ਦੇ ਵਿਆਹ ਦੀ ਰਜਿਸਟਰੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ।

ਹਾਲ ਹੀ ਵਿੱਚ ਲਾਅ ਕਮਿਸ਼ਨ ਨੇ ਵੀ ਕਿਹਾ ਸੀ ਕਿ ਵਿਆਹਾਂ ਦੀ ਰਜਿਸਟਰੇਸ਼ਨ ਲਾਜ਼ਮੀ ਕੀਤੇ ਜਾਣ ਨਾਲ ਇਸ ਮਾਮਲੇ ਵਿੱਚ ਹੁੰਦੀਆਂ 'ਠੱਗੀਆਂ' ਨੂੰ ਰੋਕਣ ਵਿੱਚ ਮੱਦਦ ਮਿਲੇਗੀ। ਦੱਸਣਯੋਗ ਹੈ ਕਿ ਅਕਸਰ ਵਿਆਹਾਂ ਦਾ ਕੋਈ ਰਿਕਾਰਡ ਨਾ ਹੋਣ ਕਾਰਨ ਔਰਤਾਂ ਨੂੰ ਪਤਨੀ ਦਾ ਰੁਤਬਾ ਦੇਣ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ।

# ਦਲ ਖ਼ਾਲਸਾ ਦੇ ਕਾਰਕੂਨਾਂ ਨੂੰ ਮਿਲੀ ਪੱਕੀ ਜ਼ਮਾਨਤ

**ਅੰਮ੍ਰਿਤਸਰ –** ਤਕਰੀਬਨ 36 ਸਾਲ ਪੁਰਾਣੇ ਜਹਾਜ਼ ਅਗਵਾ ਮਾਮਲੇ ਦੀ ਮੁੜ ਸੁਣਵਾਈ ਕਰਦਿਆਂ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਇਸ ਮਾਮਲੇ ਵਿੱਚ ਪੇਸ਼ ਹੋਏ ਦਲ ਖ਼ਾਲਸਾ ਦੇ ਦੋ ਸਿੱਖ ਆਗੂਆਂ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਤੇਜਿੰਦਰਪਾਲ ਸਿੰਘ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਪ੍ਰਵਾਨ ਕਰ ਲਈ ਹੈ। ਮਾਮਲੇ ਦੀ ਅਗਲੀ ਸੁਣਵਾਈ 31 ਜੁਲਾਈ ਨਿਰਧਾਰਿਤ ਕੀਤੀ ਗਈ ਹੈ।

ਇਸ ਮਾਮਲੇ ਵਿੱਚ ਦੋਵਾਂ ਸਿੱਖ ਆਗੂਆਂ ਵੱਲੋਂ ਸੀਨੀਅਰ ਵਕੀਲ ਮੋਹਿਤ ਮਾਥੁਰ ਅਤੇ ਮਨੀਸ਼ਾ ਭੰਡਾਰੀ ਅਦਾਲਤ ਵਿੱਚ ਪੇਸ਼ ਹੋਏ, ਜਿਨ੍ਹਾਂ ਅਦਾਲਤ ਅੱਗੇ ਸਾਰੇ ਪੱਖ ਰੱਖੇ। ਉਨ੍ਹਾਂ ਕਿਹਾ ਕਿ ਦੋਵੇਂ ਪਹਿਲਾਂ ਹੀ ਇਸ ਮਾਮਲੇ ਵਿੱਚ ਸਜ਼ਾ ਭੁਗਤ ਚੁੱਕੇ ਹਨ। ਇਸੇ ਮਾਮਲੇ ਵਿੱਚ ਦਿੱਲੀ ਅਦਾਲਤ ਵੱਲੋਂ ਸਤਨਾਮ ਸਿੰਘ ਨੂੰ ਬਰੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਸ ਪੱਖ ਨੂੰ ਵਿਚਾਰਨ ਮਗਰੋਂ ਦੋਵਾਂ ਸਿੱਖ ਆਗੂਆਂ ਨੂੰ ਪੱਕੀ ਜ਼ਮਾਨਤ ਦੇ ਦਿੱਤੀ ਹੈ। ਇਸ ਸਬੰਧੀ ਪਹਿਲਾਂ ਅਦਾਲਤ ਵੱਲੋਂ ਦੋਵਾਂ ਨੂੰ ਸਿਰਫ਼ ਦੋ ਦਿਨ ਦੀ ਆਰਜ਼ੀ ਜ਼ਮਾਨਤ ਦਿੱਤੀ ਗਈ ਸੀ। ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ 36 ਸਾਲ ਪੁਰਾਣੇ ਹਵਾਈ ਜਹਾਜ਼ ਅਗਵਾ ਕੇਸ ਵਿੱਚ ਨਵੀਆਂ ਧਾਰਾਵਾਂ ਅਧੀਨ ਦਿੱਲੀ ਪੁਲੀਸ ਵੱਲੋਂ ਦੋ ਸਿੱਖਾਂ 'ਤੇ ਮੁੜ ਮੁਕੱਦਮਾ ਚਲਾਉਣ ਨੂੰ ਇੱਕ ਦੋਸ਼ ਵਿੱਚ ਦੋ ਵਾਰ ਸਜ਼ਾ ਨਾ ਦੇ ਸਕਣ ਦੇ ਸਿਧਾਂਤ ਅਤੇ ਜਨੇਵਾ ਕਨਵੈਨਸ਼ਨ ਦੀ ਉਲੰਘਣਾ ਕਰਾਰ ਦਿੱਤਾ। ਉਨ੍ਹਾਂ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਤੁਰੰਤ ਦਖ਼ਲ ਦੇਣ ਅਤੇ ਨਿਆਂ ਦੇਣ ਦੀ ਅਪੀਲ ਕੀਤੀ ਹੈ।

# ਜੀਐਚਜੀ.ਅਕੈਡਮੀ ਵੱਲੋਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿਬੜਿਆ







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਦੀ ਤਰ੍ਹਾਂ ਪੰਜਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਸਮਰਪਿਤ ਨੌਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਡਾ. ਦਲਜਿੰਦਰਿ ਸੰਘ ਜੌਹਲ ਦੀ ਅਗਵਾਈ ਹੇਠ ਸਫਲਤਾ ਨਾਲ ਫਰਿਜ਼ਨੋਂ ਵਿਖੇ ਸ਼ੈਂਟਰਲ ਹਾਈ ਸਕੂਲ ਵਿੱਚ ਕਰਵਾਇਆ ਿਗਆ। ਜਿਸ ਦੌਰਾਨ ਅਕੈਡਮੀ ਵੱਲੋਂ ਕੈਂਪ ਦੌਰਾਨ ਦੋ ਹਫ਼ਤਿਆਂ ਵੱਿਚ ਸੱਖਿਅਤ ਬੱਚਿਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ 27 ਟੀਮਾਂ ਅਤੇ ਤਰਨਜੀਤ ਕਲੇਰ ਦੁਆਰਾ ਤਿਆਰ ਮਾਂਵਾਂ ਦੇਿਇਕ ਗਰੁੱਪ ਨੇ ਸਟੇਜ਼ 'ਤੇ ਕਲਾ ਦਾ ਖ਼ੂਬ ਪ੍ਰਦਰਸ਼ਨ ਕੀਤਾ।

ਜਦ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਕੁੜੀਆਂ ਅਤੇ ਮੁੰਡਿਆਂ ਦੇ ਭੰਗੜੇ ਦੇ ਮੁਕਾਬਲੇਿ ਵੱਚ ਕਨੇਡਾ ਅਤੇ ਨੌਰਥ ਅਮਰੀਕਾ ਦੀਆਂ 13 ਟੀਮਾਂ ਨੇ ਪੰਜਾਬੀ ਸੱਭਿਆਚਾਰ ਪ੍ਰਤੀ ਕਲਾ ਦੇ ਜੌਹਰ ਦਿਖਾਏ। ਲਾਈਵ ਭੰਗੜਾ ਮੁਕਾਬਲੇ ਵਿੱਚ 'ਰੌਇਲ ਭੰਗੜਾ' ਗਰੁੱਪ ਪਹਿਲੇ, 'ਕੈਲੀਫੋਰਨੀਆਂ ਫੌਕ ਭੰਗੜਾ' ਗਰੁੱਪ ਦੂਜੇ ਸਥਾਨ 'ਤੇ ਰਹੇ। ਜਦ ਕਿ ਸੰਗੀਤਕ ਭੰਗੜਾ ਮੁਕਾਬਲੇ ਵਿੱਚ 'ਬੁਲਡੌਗ ਭੰਗੜਾ ਜੂਨੀਅਰ' ਕੈਲੀਫੋਰਨੀਆ ਪਹਿਲੇ ਸਥਾਨ 'ਤੇ ਰਹੀ। ਇਸ ਬਾਅਦ ਸਰੀ, ਕਨੇਡਾ ਦੀਆਂ ਦੋ ਟੀਮਾਂ ਜਿਨ੍ਹਾਂ ਵਿੱਚ 'ਰੌਇਲ ਏਜ਼ਲਸ਼' ਦੂਜੇ ਅਤੇ 'ਸ਼ਾਨੇ ਪੰਜਾਬ ਨੱਚਦੇ ਪੰਜਾਬੀ' ਤੀਜੇ ਸਥਾਨ 'ਤੇ ਰਹੇ। ਇਸੇ ਦੌਰਾਨ ਦੋ ਟੀਮਾਂ 'ਰੌਇਲ ਬਲੌਕਰਜ਼' ਅਤੇ ਵਿਨਸਿਟੀ ਭੰਗੜਾ' ਚੌਥੇ ਸਥਾਨ 'ਤੇ ਰਹੇ।

ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਟਰਾਫੀਆਂ ਦੇ ਨਾਲ ਸਨਮਾਨਿਤ ਕੀਤਾਿ ਗਆ। ਇਸੇ ਤਰ੍ਹਾਂ ਅੰਤਰ-ਰਾਸਟਰੀ ਪੱਧਰ ਸਮੇਂ ਮੁਕਾਬਲੇ ਵਿੱਚ ਜੇਤੂਆਂ ਨੂੰ ਯਾਦਗਾਰੀ ਟਰਾਫੀਆਂ ਅਤੇ ਿਇਨਾਮ ਦਿੱਤੇ ਗਏ। ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਸਥਾਨਿਕ ਮੁਢਲੇ ਮੈਂਬਰ ਅਤੇ ਪੱਤਰਕਾਰ ਜਗਜੀਤ ਸਿੰਘ ਥਿੰਦ ਅਤੇ ਹੋਰ ਬਹੁਤ ਸਾਰੇ ਪੱਤਵੰਤੇ ਸੱਜਣਾਂ, ਸਹਿਯੋਗੀਆਂ ਦਾ ਸਨਮਾਨਿ ਚੰਨ ਦੇ ਕੇ ਸਨਮਾਨਿਤ ਕੀਤੇ ਗਏ। ਇਸ ਸੱਤ ਘੰਟੇ ਤੋਂ ਵਧੀਕ ਚਲੇ ਪ੍ਰੋਗਰਾਮ ਦਾ ਭਰੇ ਹਾਲਿ ਵੱਚ ਸਭ ਹਾਜਰੀਨ ਨੇ ਭਰਪੂਰ ਅਨੰਦ ਮਾਣਿਆ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਅੰਤਰ-ਰਾਸ਼ਟਰੀ ਸਟੇਜ਼ਾ ਦੀ ਮਲਕਾ ਬੀਬੀ ਆਸ਼ਾ ਸ਼ਰਮਾਂ ਨੇ ਬਾਖ਼ੂਬੀ ਸ਼ਾਇਰਾਨਾ ਅੰਦਾਜ ਵਿੱਚ ਕੀਤਾ ਅਤੇ ਗੁਰਦੀਪ ਸ਼ੇਰਗਿੱਲ ਨੇ ਵੀ ਉਨ੍ਹਾਂ ਦਾ ਸਟੇਜ਼ ਸੰਚਾਲਨਿ ਵੱਚ ਸਾਥ ਸਫਲਤਾ ਨਾਲ ਨਿਭਾਇਆ।

ਇਸ ਅੰਤਰ-ਰਾਸ਼ਟਰੀ ਯੁਵਕ ਮੇਲੇ ਵਿੱਚ ਕੈਲੀਫੋਰਨੀਆਂ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕਨੇਡਾ ਤੋਂ ਬਹੁਤ ਸਾਰੇ ਪਰਿਵਾਰਾਂ ਨੇ ਸ਼ਿਰਕਤ ਕੀਤੀ। ਸਮੁੱਚੇ ਪ੍ਰੋਗਰਾਮ ਦੀ ਕਾਮਯਾਬੀ ਲਈ ਪਰਮਜੀਤ ਧਾਲੀਵਾਲ, ਉਦੈਦੀਪ ਸਿੱਧੂ ਅਤੇ ਜੀ.ਐਚ.ਜੀ. ਅਕੈਡਮੀ ਦੇ ਸਮੂੰਹ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਮੇਲਾ ਯਾਦਗਾਰੀ ਹੋ ਨਿਬੜਿਆ।

# ਨਟੋਮਸ, ਸੈਕਰਾਮੈਂਟੋ ਦੀਆਂ ਤੀਆਂ 'ਚ ਗਿੱਧੇ, ਭੰਗੜੇ ਤੇ ਸਕਿੱਟਾਂ ਦੀਆਂ ਵੱਖ-ਵੱਖ ਟੀਮਾਂ ਨੇ ਜੌਹਰ ਦਿਖਾਏ

**ਨਟੋਮਸ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੈਕਰਾਮੈਂਟੋ ਦੇ ਨਾਲ ਲੱਗਦੇ ਸ਼ਹਿਰ ਨਟੋਮਸ ਦੀਆਂ ਬੀਬੀਆਂ ਵੱਲੋਂ ਰਲ ਕੇ ਕਰਵਾਈਆਂ ਜਾਂਦੀਆਂ ਤੀਆਂ ਵਿਚ ਐਤਕਾਂ ਈ ਵੱਖ-ਵੱਖ ਸਭਿਅਕ ਝਾਕੀਆਂ ਦੇ ਨਾਲ ਨਾਲ ਗਿੱਧਾ ਭੰਗੜਾ ਤੇ ਸਕਿੱਟਾਂ ਵੇਖਣ ਨੂੰ ਮਿਲੀਆਂ। ਫੋਰ ਪੁਆਇੰਟ ਸੈਰਟਨ ਹੋਟਲ ਦੇ ਹਾਲ ਵਿਚ ਕਰਵਾਈਆਂ ਇਹਨਾਂ ਤੀਆਂ ਦੀ ਤਿਆਰੀ ਕਰੀਬ ਢਾਈ ਮਹੀਨੇ ਤੋਂ ਚੱਲ ਰਹੀ ਸੀ। ਇਹਨਾਂ ਤੀਆਂ ਦੌਰਾਨ ਖਾਸ ਆਈਟਮਾਂ 'ਚ ਗਿੱਧਾ ਪੰਜਾਬਣਾਂ ਦਾ, ਨਵਕਿਰਨ ਦੀ ਸੋਲੋ ਆਈਟਮ, ਪਟਾਕੇ ਪਾਉਣ ਨੂੰ, ਮਹਿਕਾਂ ਦਾ ਸਿਰਨਾਵਾਂ, ਨਖਰੋ, ਵਣਜਾਰਾ, ਮੋਨਾ ਖਾਨ ਕੰਪਨੀ, ਸਹੁਰਿਆਂ ਦਾ ਪਿੰਡ, ਦੇਸੀ ਜ਼ੁੰਬਾ ਸਕਿੱਟ, ਕੈਪੀਟਨ ਭੰਗੜਾ, ਪੂਨਮ ਮਲਹੋਤਰਾ ਦਾ ਗੀਤ, ਮਜਾਜਣਾਂ ਪੰਜਾਬ ਦੀਆਂ, ਲਾਡੋ ਸਕਿੱਟ, ਨਖਰਾ ਮੁਟਿਆਰਾਂ ਦਾ, ਭੰਗੜਾ ਸੀ ਅੱਪ, ਧੀਆਂ ਪੰਜਾਬ ਦੀਆਂ, ਨਟੋਮਸ ਧੜਕਣ ਆਦਿ ਤੋਂ ਇਲਾਵਾ ਬੀਬੀਆਂ ਦਾ ਲਾਈਵ ਗਿੱਧਾ ਬਹੁਤ ਆਕਰਸ਼ਕ ਰਿਹਾ। ਇਸ ਪ੍ਰੋਗਰਾਮ ਵਿਚ ਸੈਕਰਾਮੈਂਟੋ ਵੈਲੀ ਵਿਚ ਆਪਣੀ ਆਵਾਜ਼ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਾਲੀ ਮਨਿੰਦਰ ਕੌਰ ਨੇ ਗੀਤ ਗਾ ਕੇ ਦਰਸ਼ਕ ਬੀਬੀਆਂ ਤੇ ਆਪਣਾ ਪ੍ਰਭਾਵ ਛੱਡਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ



ਐਂਜਲੀਕ ਐਸ਼ਬੀ ਜੋ ਡਿਸਟ੍ਰਿਕ ਇਕ ਦੀ ਕੌਂਸਲ ਮੈਂਬਰ ਲਈ ਉਮੀਦਵਾਰ ਹੈ, ਆਈ। ਬੌਬੀ ਗੋਸਲ ਨੇ ਉਹਨਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਸਮਾਗਮ ਨੂੰ ਤੱਖਰ ਮੈਡੀਕਲ ਸਪਾ ਵੱਲੋਂ ਤੇ ਬੌਬੀ ਗੋਸਲ ਵੱਲੋਂ ਸਪੌਂਸਰ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਬੱਗਾ ਜਿਊਲਰ ਤੇ ਸ਼ੈਰਫ ਜਿਊਲਰ ਵੱਲੋਂ ਰੈਫਲ ਵੀ ਕੱਢੇ ਗਏ।

ਇਸ ਮੌਕੇ ਕੱਪੜੇ, ਗਹਿਣੇ ਅਤੇ ਮਹਿੰਦੀ ਦੇ ਸਟਾਲ ਵੀ ਲਗਾਏ ਗਏ। ਸਟੇਜ ਦੀ ਕਾਰਵਾਈ ਬੀਬੀਆਂ ਨੇ ਰਲ ਕੇ ਚਲਾਈ। ਤੀਆਂ ਦੀਆਂ ਪ੍ਰਬੰਧਕ ਬੀਬੀਆਂ ਵਿਚ ਚਰਨਜੀਤ ਕੌਰ ਗਿੱਲ, ਸਰਬਜੀਤ ਕੌਰ, ਮਨਜੀਤ ਸਿਬੀਆ, ਨਿੰਦਰ ਸ਼ੋਕਰ, ਰਾਜ ਗਰੇਵਾਲ, ਦੀਪਾ ਬੰਗਾ, ਬਲਜੀਤ ਕੌਰ, ਰਣਜੀਤ ਕੌਰ, ਪੂਨਮ ਮਲਹੋਤਰਾ, ਮਨੀਸ਼ ਸ਼ਰਮਾ, ਮਨਜੀਤ ਕੌਰ ਗਰੇਵਾਲ, ਸੰਦੀਪ ਵਾਲੀਆ ਤੇ ਮਨਪ੍ਰੀਤ ਕੌਰ ਦਿਓਲ ਆਦਿ ਨੇ ਤੀਆਂ ਵਿਚ ਭਾਰੀ ਗਿਣਤੀ ਵਿਚ ਸ਼ਾਮਲ ਹੋਣ ਤੇ ਦਰਸ਼ਕ ਬੀਬੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੱਖਰ ਮੈਡੀਕਲ ਸਪਾ ਵੱਲੋਂ ਵਿਸ਼ੇਸ਼ ਤੌਰ 'ਤੇ ਸਟਾਲ ਲਗਾਇਆ ਗਿਆ ਸੀ, ਜਿਸਦਾ ਬੀਬੀਆਂ ਨੇ ਪੂਰਾ ਲਾਹਾ ਲਿਆ। ਤੀਆਂ ਵਿਚੋਂ ਸ਼ਾਮਲ ਕਲਾਕਾਰ, ਨੌਜਵਾਨ, ਬੱਚਿਆਂ ਤੇ ਕੁੜੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hay-ward, CA 94544



Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਨਵਾਬ ਰਾਇ ਕੱਲ੍ਹਾ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਥਾਪਤ

**ਅੰਮ੍ਰਿਤਸਰ** – ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾ ਭਾਵਨਾ ਨਾਲ ਸੇਵਾ ਕਰਕੇ ਗੁਰੂ ਸਾਹਿਬ ਤੋਂ ਗੰਗਾ ਸਾਗਰ ਦੀ ਬਖਸ਼ਿਸ਼ ਪ੍ਰਾਪਤ ਕਰਨ ਵਾਲੇ ਗੁਰੂ ਘਰ ਦੇ ਮੁਸਲਮਾਨ ਸ਼ਰਧਾਲੂ ਤੇ ਰਾਏਕੋਟ ਦੇ ਨਵਾਬ ਰਾਇ ਕੱਲ੍ਹਾ ਦਾ ਵੱਡ ਅਕਾਰੀ ਚਿੱਤਰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਵਿਚ ਸਥਾਪਤ ਕੀਤਾ ਗਿਆ, ਜਿਸ ਤੋਂ ਪਰਦਾ ਹਟਾਉਣ ਦੀ ਰਸਮ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਅਦਾ ਕੀਤੀ। ਭਾਈ ਸੁਖਜਿੰਦਰ ਸਿੰਘ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਗਾਇਣ ਕੀਤੇ ਜਾਣ ਉਪਰੰਤ ਸੰਗਤ ਨੂੰ ਸੰਬੋਧਨ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਅਨੇਕਾਂ ਹਿੰਦੂ ਅਤੇ ਮੁਸਲਮਾਨ ਧਰਮ ਨਾਲ ਸਬੰਧਿਤ ਸਤਿਕਾਰਤ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਸਿੱਖ ਪੰਥ ਪ੍ਰਤੀ ਬਹੁਤ ਵੱਡੀਆਂ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਕਿ ਰਾਇ ਕੱਲ੍ਹਾ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵੱਡੀ ਸੇਵਾ ਕੀਤੀ। ਉਨ੍ਹਾਂ ਦੀ ਸੇਵਾ ਤੋਂ ਪ੍ਰਭਾਵਿਤ ਗੁਰੂ ਸਾਹਿਬ ਵੱਲੋਂ ਰਾਇ ਪਰਿਵਾਰ ਨੂੰ ਗੰਗਾ ਸਾਗਰ ਨਾਂਅ ਦਾ ਇਕ ਬਰਤਨ, ਕਿਰਪਾਨ ਅਤੇ ਹੋਰ ਵਸਤਾਂ ਦੇ ਕੇ ਨਿਵਾਜਿਆ ਗਿਆ ਸੀ। ਉਨ੍ਹਾਂ ਰਾਏ ਕੱਲ੍ਹਾ ਦੀ ਤਸਵੀਰ ਅਜਾਇਬ ਘਰ ਵਿਚ ਲਗਾਉਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਵੇਂ ਸਿੱਖ ਤਸਵੀਰ ਦਾ ਪੁਜਾਰੀ ਨਹੀਂ ਪਰ ਮਹਾਨ ਸ਼ਹੀਦਾਂ, ਯੋਧਿਆਂ ਤੇ ਹੋਰਨਾਂ ਧਰਮਾਂ ਨਾਲ ਸਬੰਧਿਤ ਗੁਰੂ ਘਰ ਦੇ ਮਹਾਨ ਸੇਵਕਾਂ ਦੀਆਂ ਤਸਵੀਰਾਂ ਅਜਾਇਬ ਘਰਾਂ ਵਿਚ ਲਗਾਉਣੀਆਂ ਚਾਹੀਦੀਆਂ ਹਨ, ਜਿਨ੍ਹਾਂ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲਦੀ ਹੈ।



# ਫਰਿਜ਼ਨੋ ਨਿਵਾਸੀ ਸੁਬੇਗ ਸਿੰਘ ਦੀ ਭੇਦ ਭਰੇ ਹਲਾਤ 'ਚ ਮੌਤ

**ਫਰਿਜ਼ਨੋ (ਕੈਲੇਫੋਰਨੀਆਂ)– ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਸਾਊਥ ਈਸਟ ਫਰਿਜਨੋ ਏਰੀਏ ਤੋਂ ਬੜੀ ਮਾੜੀ ਖਬਰ ਸੁਣਨ ਨੂੰ ਮਿਲੀ ਹੈ..! ਪੰਜਾਬੀ ਬਜ਼ੁਰਗ ਸੁਬੇਗ ਸਿੰਘ ਦੀ ਭੇਦ ਭਰੀ ਹਾਲਤ ਵਿੱਚ ਲਾਸ਼ ਬਰਾਮਦ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 68 ਸਾਲਾ ਸੁਬੇਗ ਸਿੰਘ ਪਿਛਲੇ ਦਿਨੀਂ ਕਿੰਗਜ਼ ਕੈਨੀਅਨ ਤੇ ਆਰਮਸਟਰੌਂਗ ਸਟਰੀਟ ਤੇ ਸੈਰ ਕਰ ਰਿਹਾ ਸੀ ਤੇ ਘਰ ਨਾ ਪਰਤਣ ਤੇ ਪੁਲਿਸ ਰਿਪੋਰਟ ਹੋਈ ਤੇ ਪੁਲਿਸ ਨੂੰ ਸਬੇਗ ਸਿੰਘ ਦੀ ਲਾਸ਼ ਸੈਰ ਕਰਨ ਵਾਲੀ ਜਗ੍ਹਾ ਤੋਂ ਪੰਜ ਮੀਲ ਦੂਰ ਮਕੈਲ ਤੇ ਜਿਨਸਨ ਸਟਰੀਟ ਤੇ ਵਗਦੀ ਛੋਟੀ ਨਹਿਰ ਵਿੱਚੋਂ ਮਿਲੀ ਹੈ। ਪੁਲਿਸ ਅਨੁਸਾਰ ਲਾਸ਼ ਤੇ ਸੱਟਾਂ-ਫੇਟਾਂ ਦੇ ਨਿਸ਼ਾਨ ਵੀ ਸਾਫ਼ ਦਿਸਦੇ ਹਨ ਜਿਸ ਤੋਂ ਇਹ ਕਤਲ ਕੇਸ ਜਾਪਦਾ ਹੈ। ਯਾਦ ਰਹੇ ਕਿ ਹੁਣ ਤੱਕ ਫਰਿਜ਼ਨੋ ਏਰੀਏ ਵਿੱਚ ਸਿੱਖ ਬਜ਼ੁਰਗਾਂ ਤੇ ਕਈ ਨਸਲੀ ਹਮਲੇ ਹੋ ਚੁੱਕੇ ਹਨ। ਪੁਲਿਸ ਨੂੰ ਹਾਲੇ ਤੱਕ ਇਸ ਕੇਸ ਸਬੰਧੀ ਕੋਈ ਵੀ ਸੁਰਾਗ ਨਾਲ ਮਿਲਣ ਕਾਰਨ ਪੁਲਿਸ ਨੇ ਦੋਸ਼ੀਆਂ ਨੂੰ ਫੜਨ ਲਈ ਦੋ ਹਜ਼ਾਰ ਡਾਲਰ ਦਾ ਇਨਾਮ ਵੀ ਐਲਾਨਿਆਂ ਹੈ। ਫਰਿਜ਼ਨੋ ਏਰੀਏ ਦੇ ਸਿੱਖ ਇਸ ਘਟਨਾ ਨੂੰ ਵੀ ਨਸਲੀ ਹਮਲੇ ਨਾਲ ਜੋੜਕੇ ਵੇਖ ਰਹੇ ਹਨ। ਸਵ. ਸੁਬੇਗ ਸਿੰਘ ਮੋਨਾ ਸਿੱਖ ਸੀ ਅਤੇ ਸੈਰ ਕਰਨ ਮੌਕੇ ਉਸਨੇ ਸਿਰ ਤੇ ਚਿੱਟਾ ਰੁਮਾਲ ਬੰਨਿਆ ਹੋਇਆ ਸੀ। ਅਗਰ ਕਿਸੇ ਕੋਲ ਇਸ ਕੇਸ ਸਬੰਧੀ ਕੋਈ ਜਾਣਕਾਰੀ ਹੋਵੇ ਤਾ ਫਰਿਜ਼ਨੋ ਕਾਉਂਟੀ ਸ਼ੈਰਫ਼ ਡਿਪਾਰਟਮੈਂਟ ਨੂੰ ਕਾਲ ਕਰੋ 559-600-3131.



# ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਕਰਾਮੈਂਟੋ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਵਿਖੇ ਸਜੇ ਵਿਸ਼ੇਸ਼ ਦੀਵਾਨਾਂ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਤੇ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰਦੇਵ ਦੇ ਜੀਵਨ ਇਤਿਹਾਸ 'ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਵਰਣਨਯੋਗ ਹੈ ਕਿ ਆਪ ਨੇ ਢਾਈ ਸਾਲ ਦੀ ਗੁਰਤਾ ਵਿਚ ਬੜੀ ਸਿਆਣਪ, ਦ੍ਰਿੜ੍ਹਤ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਪ੍ਰਮਿੰਦਰ ਸਿੰਘ ਰਾਏ ਖਾਨ-ਖਾਨਾ, ਤਰਸੇਮ ਸਿੰਘ, ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਪ੍ਰਵਾਨਾ, ਗੁਰਮੇਲ ਕੌਰ, ਪਰਮਜੀਤ ਕੌਰ, ਬਲਵਿੰਦਰ ਸਿੰਘ ਆਦਿ ਕਵੀ ਸ਼ਾਮਲ ਹੋਏ। ਸੰਗਤਾਂ ਵੱਲੋਂ ਸਾਰਾ ਪ੍ਰੋਗਰਾਮ ਬੜੀ ਇਕਾਗਰਤਾ ਨਾਲ ਸਰਵਣ ਕੀਤਾ ਗਿਆ।



# ਆਧੁਨਿਕ ਤਕਨੀਕਾਂ ਨਾਲ ਲੈਸ ਕਰਨ ਦੀ ਲੋੜ ਹੈ ਸਿੱਖ ਅਜਾਇਬ ਘਰ ਨੂੰ

**ਅੰਮ੍ਰਿਤਸਰ** – ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਦੇਸ਼-ਵਿਦੇਸ਼ ਤੋਂ ਗੁਰੂ ਨਗਰੀ ਆਉਂਦੇ ਸਿੱਖ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ 60 ਵਰ੍ਹਿਆਂ ਤੋਂ ਸਿੱਖੀ ਵਿਰਸੇ, ਵਿਰਾਸਤ, ਸਿੱਖ ਇਤਿਹਾਸ ਤੇ ਸਭਿਆਚਾਰ ਦੇ ਰੂਬਰੂ ਕਰਵਾ ਰਿਹਾ ਕੇਂਦਰੀ ਸਿੱਖ ਅਜਾਇਬ ਘਰ ਲੋੜੀਂਦੀਆਂ ਆਧੁਨਿਕ ਤਕਨੀਕਾਂ ਨਾਲ ਲੈਸ ਹੋ ਕੇ ਸਮੇਂ ਦਾ ਹਾਣੀ ਬਣਨ ਲਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੀ ਸਵੱਲੀ ਨਜ਼ਰ ਦੀ ਉਡੀਕ ਵਿਚ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਘੰਟਾ ਘਰ ਵਾਲੀ ਡਿਓੜੀ ਉਪਰ ਖੱਬੇ ਪਾਸੇ ਪਹਿਲੀ ਮੰਜ਼ਿਲ 'ਤੇ ਬਣੇ ਇਸ ਅਜਾਇਬ ਨੂੰ ਛੋਟਾ ਜਿਹਾ ਰਸਤਾ ਡਿਓੜੀ ਦੀਆਂ ਪੌੜੀਆਂ ਰਾਹੀਂ ਜਾਂਦਾ ਹੈ। ਇਸ ਦੀ ਸ਼ੁਰੂਆਤ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਆਗੂਆਂ ਵੱਲੋਂ 5 ਜੁਲਾਈ 1958 ਨੂੰ ਕੀਤੀ ਗਈ ਸੀ। ਕੇਂਦਰੀ ਸਿੱਖ ਅਜਾਇਬ ਘਰ ਦੇ 6 ਦੇ ਕਰੀਬ ਵੱਡੇ ਛੋਟੇ ਹਾਲਾਂ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਜ਼ੁਲਮ ਵਿਰੁੱਧ ਲੜੀਆਂ ਗਈਆਂ ਜੰਗਾਂ, ਛੋਟੇ ਵੱਡੇ ਘੱਲੂਘਾਰਿਆਂ, ਸਿੱਖੀ ਦੀ ਖਾਤਰ ਮੁਗਲਾਂ ਦੇ ਜ਼ੁਲਮ ਸਹਿਣ ਵਾਲੇ ਸਿੰਘਾਂ, ਸਿੰਘਣੀਆਂ ਤੇ ਭੁਝੰਗੀਆਂ ਤੇ ਸਿੱਖ ਯੋਧਿਆਂ ਦੀਆਂ ਪ੍ਰਸਿੱਧ ਚਿੱਤਰਕਾਰਾਂ ਵੱਲੋਂ ਬਣਾਈਆਂ ਕਲਾਤਮਕ ਤਸਵੀਰਾਂ, 18ਵੀਂ ਤੋਂ 20ਵੀਂ ਸਦੀ ਤੱਕ ਦੇ ਹੱਥ ਲਿਖਤ ਦੁਰਲੱਭ ਖਰੜਿਆਂ, ਗੁਰੂ ਸਾਹਿਬਾਨ ਤੇ ਮਹਾਨ ਸਿੱਖ ਜਰਨੈਲਾਂ ਦੇ ਇਤਿਹਾਸਕ ਸ਼ਸਤਰਾਂ, ਬਸਤਰਾਂ ਤੇ ਸਿੱਖ ਕਾਲ ਦੇ ਸਿੱਕਿਆਂ ਆਦਿ ਨੂੰ ਪ੍ਰਦਰਸ਼ਨੀ ਲਈ ਰੱਖਿਆ ਗਿਆ ਹੈ। ਅਜਾਇਬ ਘਰ ਦੇ ਪ੍ਰਬੰਧਕਾਂ ਨੇ ਇਸ ਦੇ ਹਾਲਾਂ ਦੀ ਕੀਤੀ ਗਈ ਵੰਡ ਅਨੁਸਾਰ ਪਹਿਲੇ ਹਾਲ 'ਚ ਦਸ ਸਿੱਖ ਗੁਰੂ ਸਾਹਿਬਾਨ ਅਤੇ ਸਬੰਧਿਤ ਸਮਕਾਲੀਆਂ ਦੇ ਚਿੱਤਰ ਆਦਿ ਪ੍ਰਦਰਸ਼ਿਤ ਕੀਤੇ ਗਏ ਹਨ। ਦੂਜੇ ਹਾਲ ਵਿਚ 17ਵੀਂ ਤੇ 18ਵੀਂ ਸਦੀ ਦੇ ਮਹਾਨ ਸਿੱਖ ਜਰਨੈਲਾਂ ਬਾਬਾ ਬੰਦਾ ਸਿੰਘ ਬਹਾਦਰ, ਭਾਈ ਬਾਜ ਸਿੰਘ, ਸ਼ਹੀਦ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸ਼ੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ, ਸ਼ਹੀਦ ਬਾਬਾ ਦੀਪ ਸਿੰਘ ਆਦਿ ਦੇ ਚਿੱਤਰ ਲਗਾਏ ਗਏ ਹਨ।

# ਇੱਕ ਹੋਰ ਪੰਜਾਬੀ ਡਰਾਈਵਰ ਦੇ ਟਰਾਲੇ ਵਿੱਚ ਸਪਰੇਅ ਮਾਰਕੇ ਕੀਤਾ ਲੋਡ ਖਰਾਬ

**ਸਿਲਮਾਂ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਲਾਗਲੇ ਸਿਲਮਾਂ ਸ਼ਹਿਰ ਨਿਵਾਸੀ ਗੁਰਵਿੰਦਰ ਸਿੰਘ ਦੇ ਟਰੱਕ ਵਿੱਚ ਕਿੰਗਮੈਂਨ ਐਰੀਜ਼ੋਨਾਂ ਵਿੱਖੇ ਪੈਟਰੋ ਟਰੱਕ ਸਟਾਪ ਤੇ ਕਿਸੇ ਸ਼ਰਾਰਤੀ ਬੰਦੇ ਵੱਲੋਂ ਅੱਗ ਬੁਝਾਊ ਯੰਤਰ ਨਾਲ ਸਪਰੇਅ ਮਾਰਨ ਕਰਕੇ ਸਟਰਾਅਬੇਰੀਆਂ ਦਾ ਪੂਰਾ ਲੋਡ ਖਰਾਬ ਹੋ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਂਨ ਗੁਰਬਿੰਦਰ ਸਿੰਘ ਨੇ ਦੱਸਿਆ ਕਿ ਉਹ ਰਾਤੀ ਤਕਰੀਬਨ ਦੋ ਵਜੇ ਪੈਟਰੋ ਟਰੱਕ ਸਟਾਪ ਤੇ ਅਰਾਮ ਕਰਨ ਲਈ ਰੁਕਿਆ ਜਦੋਂ ਸਵੇਰਿਓ ਉਠਿਆ ਤਾਂ ਟਰੇਲਰ ਦੇ ਦੋ ਟਾਇਰ ਛੁਰੇ ਮਾਰਕੇ ਪਾੜੇ ਹੋਏ ਸਨ ਤੇ ਰੀਫ਼ਰ ਦੀ ਡੀਜ਼ਲ ਵਾਲੀ ਨਾਲੀ ਵੱਢੀ ਹੋਈ ਸੀ।ਸ਼ੱਕ ਪੈਣ ਤੇ ਜਦੋਂ ਟਰੇਲਰ ਖੋਲਿਆ ਤਾਂ ਉਸ ਵਿੱਚ ਪੀਲਾ ਜਿਹਾ ਪਾਊਡਰ ਹੀ ਪਾਊਡਰ ਖਿੰਡਿਆ ਪਿਆ ਸੀ। ਗੁਰਵਿੰਦਰ ਨੇ ਟਰੱਕ ਸਟਾਪ ਦੇ ਮਨੇਜਰ ਨੂੰ ਇਸ ਘਟਨਾਂ ਬਾਰੇ ਦੱਸਿਆ ਤਾਂ ਓਹਨੇ ਪਾਰਕਿੰਗ ਲਾਟ ਵਿੱਚ ਕੈਮਰੇ ਨਾਂ ਹੋਣ ਦੀ ਗੱਲ ਕਰਕੇ ਪੱਲ੍ਹਾ ਝਾੜ ਦਿੱਤਾ। ਪੁਲਿਸ ਵਾਲੇ ਨੇ ਕੈਮਰੇ ਨਾ ਹੋਣ ਕਰਕੇ ਮੁਲਜ਼ਮਾਂ ਤੱਕ ਪਹੁੰਚਣ ਸਬੰਧੀ ਬੇਵਸੀ ਜਿਤਾਈ। ਇਸ ਸਭ ਕੁਝ ਵਿੱਚ ਨੁਕਸਾਨ ਤਾਂ ਡਰਾਈਵਰ ਦਾ ਹੋਇਆ। ਯਾਦ ਰਹੇ ਕਿ ਇਸ ਘਟਨਾਂ ਤੋਂ ਪਹਿਲਾਂ ਵੀ ਕਈ ਵਾਰੀ ਐਰੀਜ਼ਨਾਂ ਤੇ ਮੈਕਸੀਕੋ ਸਟੇਟ ਵਿੱਚ ਪੰਜਾਬੀ ਟਰੱਕ ਡਰਾਈਵਰਾਂ ਨਾਲ ਇਹ ਘਿਨਾਉਣੀ ਹਰਕਤ ਹੋ ਚੁਕੀ ਹੈ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣਾ ਨੇ ਡਰਾਈਵਰ ਵੀਰਾਂ ਨੂੰ ਇੱਕ ਮੁੱਠ ਹੋਕੇ ਇਹਨਾਂ ਘਿਨਾਉਣੀਆਂ ਕਾਰਵਾਈਆਂ ਕਰਨ ਵਾਲੇ ਸ਼ਕਸਾਂ ਨੂੰ ਕਾਬੂ ਕਰਨ ਲਈ ਐਰੀਜ਼ੋਨਾਂ ਤੇ ਮਕਸੀਕੋ ਪੁਲਿਸ ਤੇ ਦਬਾਅ ਬਣਾਉਣ ਦੀ ਗੱਲ ਕੀਤੀ, ਅਤੇ ਓਹਨਾਂ ਇਹਨਾਂ ਕਾਰਵਾਈਆਂ ਪਿੱਛੇ ਨਸ਼ਲੀ ਅਨਸਰਾਂ ਦਾ ਹੱਥ ਹੋਣ ਤੇ ਵੀ ਸੰਕਾ ਜਾਹਰ ਕੀਤੀ।




# ਗਲੋਬਲ ਵਾਰਮਿੰਗ ਕਾਰਨ ਕਰ ਰਹੇ ਨੇ ਕਿਸਾਨ ਖੁਦਕੁਸ਼ੀਆਂ!

(ਸਫਾ 1 ਦੀ ਬਾਕੀ)

ਪ੍ਰਕਾਸ਼ਿਤ ਹੋਇਆ ਹੈ, ਜਿਸ 'ਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ 'ਚ 1980 ਤੋਂ ਲੈ ਕੇ ਹੁਣ ਤੱਕ ਖੁਦਕੁਸ਼ੀਆਂ ਦੀ ਦਰ ਕਰੀਬ ਦੁੱਗਣੀ ਹੋ ਚੁੱਕੀ ਹੈ ਤੇ ਇਥੇ ਹਰ ਸਾਲ 7 ਫੀਸਦੀ ਦੇ ਵਾਧੇ ਨਾਲ ਕਰੀਬ 1,30,000 ਲੋਕ ਖੁਦਕੁਸ਼ੀ ਕਰ ਰਹੇ ਹਨ। ਇਸ ਸਰਵੇ ਤੋਂ ਪਤਾ ਲੱਗਾ ਹੈ ਕਿ ਵਿਸ਼ਵ ਭਰ 'ਚ ਖੁਦਕੁਸ਼ੀ ਕਰਨ ਵਾਲਿਆਂ 'ਚੋਂ 75 ਫੀਸਦੀ ਲੋਕ ਵਿਕਾਸਸ਼ੀਲ ਦੇਸ਼ਾਂ ਨਾਲ ਸੰਬੰਧਿਤ ਹਨ ਤੇ ਇਨ੍ਹਾਂ 'ਚੋਂ ਹਰ ਪੰਜਵਾਂ ਆਦਮੀ ਭਾਰਤੀ ਹੈ। ਸਰਵੇ 'ਚ ਚਿਤਾਵਨੀ ਦਿੱਤੀ ਗਈ ਹੈ ਕਿ 2050 ਤੱਕ ਤਾਪਮਾਨ 'ਚ 3 ਡਿਗਰੀ ਤੱਕ ਵਾਧਾ ਹੋਣ ਦੀ ਸੰਭਾਵਨਾ ਹੈ ਤੇ ਇਸ ਦਾ ਭਾਰਤੀ ਸਮਾਜ 'ਤੇ ਕੁ-ਪ੍ਰਭਾਵ ਪੈਣਾ ਲਾਜ਼ਮੀ ਹੈ। ਸਰਵੇ 'ਚ ਦੱਸਿਆ ਗਿਆ ਹੈ ਕਿ ਖੁਦਕੁਸ਼ੀਆਂ ਦੀ ਦਰ ਨੂੰ ਘਟਾਉਣ ਲਈ ਭਾਰਤ ਸਰਕਾਰ ਵੱਲੋਂ 1.3 ਅਰਬ ਡਾਲਰ ਦੀ ਫ਼ਸਲ ਬੀਮਾ ਯੋਜਨਾ ਸ਼ੁਰੂ ਕਰਨ ਨਾਲ ਇਸ 'ਤੇ ਕਿੰਨਾ ਕੁ ਪ੍ਰਭਾਵ ਪਵੇਗਾ ਕਹਿਣਾ ਮੁਸ਼ਕਿਲ ਹੈ। ਜ਼ਿਕਰਯੋਗ ਹੈ ਕਿ ਭਾਰਤ ਦੀ ਕੰਮ ਕਰਨ ਵਾਲੀ ਅੱਧੇ ਤੋਂ ਵੱਧ ਜਨਸੰਖਿਆ ਵਰਖਾ ਅਧਾਰਿਤ ਖੇਤੀਬਾੜੀ 'ਤੇ ਨਿਰਭਰ ਹੈ ਅਤੇ ਅਜਿਹੇ 'ਚ ਨਾ-ਅਨੁਮਾਨਣਯੋਗ ਮੌਨਸੂਨ ਦੀ ਵਰਖਾ, ਸਾੜਨ (ਲੂਹ) ਵਾਲੀਆਂ ਗਰਮ ਹਵਾਵਾਂ ਤੇ ਸੋਕਾ ਫ਼ਸਲਾਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਭਾਰਤ 'ਚ ਹਰ ਤੀਜੇ ਮਜ਼ਦੂਰ ਦੀ ਕਮਾਈ ਪਹਿਲਾਂ ਹੀ ਅੰਤਰਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਹੈ। ਕਾਰਲੇਟੋਨ ਨੇ ਸਰਵੇ 'ਚ 1967 ਤੋਂ ਲੈ ਕੇ 2013 ਤੱਕ ਭਾਰਤ ਦੇ 32 ਰਾਜਾਂKਕੇਂਦਰੀ ਰਾਜਾਂ 'ਚ ਜਲਵਾਯੂ ਪਰਿਵਰਤਨ, ਫ਼ਸਲਾਂ ਦੀ ਪੈਦਾਵਾਰ ਤੇ ਖੁਦਕੁਸ਼ੀਆਂ ਦੇ ਆਪਸੀ ਸਬੰਧ ਨੂੰ ਭਾਰਤ ਤੋਂ ਡਾਟਾ ਲੈ ਕੇ ਜੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਸਿੱਟਾ ਕੱਢਿਆ ਹੈ ਕਿ ਫ਼ਸਲਾਂ ਦੀ ਬਰਬਾਦੀ ਪਿੱਛੇ ਜਲਵਾਯੂ ਪਰਿਵਰਤਨ, ਤਾਪਮਾਨ ਤੇ ਮੌਨਸੂਨ ਦੀ ਵਰਖਾ ਦਾ ਵੱਡਾ ਹੱਥ ਹੁੰਦਾ ਹੈ।

# ਨਿਤੀਸ਼ ਕੁਮਾਰ ਨੇ ਭਾਜਪਾ ਨਾਲ ਮਿਲਾਇਆ ਹੱਥ

## ਬਿਹਾਰ 'ਚ ਜੇਡੀ (ਯੂ), ਆਰਜੇਡੀ ਤੇ ਕਾਂਗਰਸ ਦੇ 'ਮਹਾਂਗੱਠਜੋੜ' ਦਾ ਅੰਤ

**ਪਟਨਾ** – ਬਿਹਾਰ ਵਿੱਚ ਨਾਟਕੀ ਘਟਨਾਕ੍ਰਮ ਦੌਰਾਨ ਰਾਜ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਮੁੜ ਭਾਜਪਾ ਨਾਲ ਮਿਲ ਕੇ ਸਰਕਾਰ ਬਣਾ ਲਈ ਹੈ। ਇਸ ਨਾਲ ਸੂਬੇ ਵਿੱਚ ਨਿਤੀਸ਼ ਕੁਮਾਰ ਦੀ ਜੇਡੀ (ਯੂ), ਆਰਜੇਡੀ ਤੇ ਕਾਂਗਰਸ ਦੀ 20 ਮਹੀਨੇ ਪੁਰਾਣੀ 'ਮਹਾਂਗੱਠਜੋੜ' ਕੁਲੀਸ਼ਨ ਸਰਕਾਰ ਤੇ ਇਸ ਗੱਠਜੋੜ ਦਾ ਅੰਤ ਹੋ ਗਿਆ। ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਪੁੱਤਰ ਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਖ਼ਿਲਾਫ਼ ਪਿਛਲੇ ਦਿਨੀਂ ਸੀਬੀਆਈ ਵੱਲੋਂ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਹੀ ਗੱਠਜੋੜ ਵਿੱਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ।

ਨਿਤੀਸ਼ ਕੁਮਾਰ ਨੇ ਪਹਿਲਾਂ ਰਾਜਪਾਲ ਕੇਸਰੀ ਨਾਥ ਤ੍ਰਿਪਾਠੀ ਨੂੰ ਮਿਲ ਕੇ ਅਸਤੀਫ਼ਾ ਸੌਂਪਿਆ ਅਤੇ ਬਾਅਦ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਹਮਿਇਤ ਕਰਨ 'ਤੇ ਮੁੜ ਤ੍ਰਿਪਾਠੀ ਨਾਲ ਰਾਤ ਨੂੰ ਮੁਲਾਕਾਤ ਕੀਤੀ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ। ਹੁਣ ਉਹ ਭਲਕੇ ਮੁੱਖ ਮੰਤਰੀ ਵਜੋਂ ਹਲਫ਼ ਲੈਣਗੇ। ਉਨ੍ਹਾਂ ਦੇ ਨਾਲ 27 ਹੋਰ ਮੰਤਰੀ ਵੀ ਹਲਫ਼ ਲੈਣਗੇ। ਇਸੇ ਦੌਰਾਨ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਹੈ ਕਿ ਨਿਤੀਸ਼ ਕੁਮਾਰ ਨੂੰ ਨਵੇਂ ਸਿਰਿਓਂ ਲੋਕ ਫਤਵਾ ਲੈਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, ''ਮੈਂ ਵਧੀਆ ਪ੍ਰਸ਼ਾਸਨ ਦੇਣ ਲਈ ਪੂਰੀ ਵਾਹ ਲਾ ਰਿਹਾ ਸਾਂ... ਪਰ ਹਾਲਾਤ ਅਜਿਹੇ ਪੈਦਾ ਹੋ ਗਏ ਕਿ ਮੇਰੇ ਵਰਗੇ ਬੰਦੇ ਲਈ ਸੱਤਾ ਵਿੱਚ ਬਣਿਆ ਰਹਿਣਾ ਮੁਸ਼ਕਲ ਹੋ ਗਿਆ।'' ਨਿਤੀਸ਼ ਕੁਮਾਰ ਦੇ ਅਸਤੀਫ਼ੇ ਤੋਂ ਬਾਅਦ ਭਾਜਪਾ ਨੇ ਉਨ੍ਹਾਂ ਨੂੰ ਤੁਰੰਤ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਸੀ।

ਸੀਬੀਆਈ ਵੱਲੋਂ ਉਪ ਮੁੱਖ ਮੰਤਰੀ ਤੇਜਸਵੀ ਯਾਦਵ, ਉਨ੍ਹਾਂ ਦੇ ਪਿਤਾ ਲਾਲੂ ਪ੍ਰਸਾਦ ਯਾਦਵ ਅਤੇ ਭੈਣ ਮੀਸਾ ਯਾਦਵ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਨਿਤੀਸ਼ ਯਾਦਵ ਉਤੇ ਤੇਜਸਵੀ ਨੂੰ ਮੰਤਰੀ ਮੰਡਲ ਤੋਂ ਬਰਤਰਫ਼ ਕਰਨ ਲਈ ਦਬਾਅ ਬਣਿਆ ਹੋਇਆ ਸੀ। ਦੂਜੇ ਪਾਸੇ ਆਰਜੇਡੀ ਨੇ ਇਸ ਤੋਂ ਸਾਫ਼ ਨਾਂਹ ਕਰ ਦਿੱਤੀ। ਆਰਜੇਡੀ ਦੇ ਵਿਧਾਇਕ ਦਲ ਦੀ ਮੀਟਿੰਗ ਤੋਂ ਬਾਅਦ ਲਾਲੂ ਪ੍ਰਸਾਦ ਯਾਦਵ ਨੇ ਸਾਫ਼ ਐਲਾਨ ਕੀਤਾ ਕਿ ਤਜਸਵੀ ਨਾ ਤਾਂ ਅਸੀਤਫ਼ਾ ਦੇਵੇਗਾ ਤੇ ਨਾ ਹੀ ਇਸ ਸਬੰਧੀ ਉਹ ਜੇਡੀ(ਯੂ) ਨੂੰ ਕੋਈ ਸਫ਼ਾਈ ਦੇਣਗੇ। ਇਸ ਤੋਂ ਬਾਅਦ ਨਿਤੀਸ਼ ਕੁਮਾਰ ਨੇ ਮੁੜ ਭਾਜਪਾ ਨਾਲ ਹੱਥ ਮਿਲਾਉਣਾ ਬਿਹਤਰ ਸਮਝਿਆ। ਉਨ੍ਹਾਂ 2014 ਦੀਆਂ ਲੋਕ ਸਭਾ ਚੋਣਾਂ ਲਈ ਨਰਿੰਦਰ ਮੋਦੀ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾਏ ਜਾਣ 'ਤੇ ਭਾਜਪਾ ਤੋਂ ਤੋੜ-ਵਿਛੋੜਾ ਕਰ ਲਿਆ ਸੀ।



ਦੇਸ਼ ਦੁਆਬਾ

# ਭਾਰਤ-ਚੀਨ ਵਿਵਾਦ ਅਤੇ ਜੰਗ

ਪਿਛਲੇ ਕਰੀਬ ਇਕ ਮਹੀਨੇ ਤੋਂ ਭਾਰਤ ਅਤੇ ਚੀਨ ਵਿਚਕਾਰ ਸੀਮਾ ਵਿਵਾਦ ਚੱਲ ਰਿਹਾ ਹੈ। ਤਾਜ਼ਾ ਵਿਵਾਦ ਭੂਟਾਨ-ਭਾਰਤ ਅਤੇ ਚੀਨ ਦੇ ਬਾਰਡਰ ਤੇ ਸਥਿਤ ਡੋਕਲਾਮ ਇਲਾਕੇ ਵਿਚ ਹੈ, ਜੋ ਕਿ ਭੂਟਾਨ ਦਾ ਇਲਾਕਾ ਹੈ ਅਤੇ ਭੂਟਾਨ ਦਾ ਭਾਰਤ ਨਾਲ ਰੱਖਿਆ ਸਮਝੌਤਾ ਹੈ। ਇਸ ਵਿਵਾਦ ਦੇ ਕਾਰਨ ਜਿੱਥੇ ਹਥਿਆਰ ਲਾਬੀ ਹਥਿਆਰ ਵੇਚਣ ਲਈ ਸਰਗਰਮ ਹੋ ਗਈ ਹੈ, ਉਥੇ ਹੀ ਏਸ਼ੀਆ ਵਿਚ ਕੁਝ ਨਵੇਂ ਸਮੀਕਰਨ ਵੀ ਬਣਨੇ ਆਰੰਭ ਹੋਏ ਹਨ। ਚੀਨ ਦੀ ਸੀਮਾ ਇਕੱਲੇ ਭਾਰਤ ਨਾਲ ਨਹੀਂ ਬਲਕਿ ਏਸ਼ੀਆ ਦੇ ਕਈ ਮੁਲਕਾਂ ਨਾਲ ਲੱਗਦੀ ਹੈ ਅਤੇ ਸਾਰਿਆਂ ਨਾਲ ਹੀ ਚੀਨ ਦਾ ਵਿਵਾਦ ਹੈ। ਰੂਸ, ਮੰਗੋਲੀਆ, ਅਫਗਾਨਿਸਤਾਨ, ਪਾਕਿਸਤਾਨ, ਭਾਰਤ, ਨੇਪਾਲ, ਭੂਟਾਨ, ਮਾਇਆਂਮਾਰ ਤੱਕ ਚੀਨ ਦੀ ਸੀਮਾ ਫੈਲੀ ਹੋਈ ਹੈ। ਚੀਨ ਪਿਛਲੇ ਕੁਝ ਸਮੇਂ ਤੋਂ ਹਮਲਾਵਰ ਰੁਖ ਅਖਤਿਆਰ ਕਰਦਾ ਆ ਰਿਹਾ ਹੈ, ਜਿਸ ਕਾਰਨ ਏਸ਼ੀਆ ਦੇ ਜ਼ਿਆਦਾਤਰ ਮੁਲਕ ਚੀਨ ਦੇ ਖਿਲਾਫ ਹੋ ਗਏ ਹਨ। ਜਾਪਾਨ, ਵੀਅਤਨਾਮ, ਕੰਬੋਡੀਆ ਜਿਹਨਾਂ ਦੇ ਨਾਲ ਚੀਨ ਦਾ ਸਮੁੰਦਰ ਸਾਂਝਾ ਹੈ, ਉਹਨਾਂ ਨਾਲ ਵੀ ਚੀਨ ਦਾ ਟਕਰਾਅ ਚੱਲ ਰਿਹਾ ਹੈ ਅਤੇ ਇਸ ਟਕਰਾਅ ਦੇ ਮੱਦੇਨਜ਼ਰ ਇਹ ਸਾਰੇ ਮੁਲਕ ਭਾਰਤ ਨਾਲ ਰੱਖਿਆ ਅਤੇ ਆਰਥਿਕ ਸਹਿਯੋਗ ਵਧਾਉਣ ਲੱਗ ਪਏ ਹਨ। ਅਜਿਹੇ ਹਾਲਾਤ ਵਿਚ ਭਾਰਤ ਦੇ ਲਈ ਸਰਗਰਮ ਹੋ ਜਾਣਾ ਜ਼ਰੂਰੀ ਹੈ। ਇਸ ਵਕਤ ਚੀਨ, ਪਾਕਿਸਤਾਨ ਅਤੇ ਸ਼੍ਰੀਲੰਕਾ ਦੀ ਆਪਸ ਵਿਚ ਸਾਂਝ ਵਧਦੀ ਜਾ ਰਹੀ ਹੈ ਪਰ ਹਾਲਾਤ ਨੂੰ ਦੇਖਦਿਆਂ ਸ਼੍ਰੀਲੰਕਾ ਨੇ ਚੁੱਪ ਰਹਿਣਾ ਬਿਹਤਰ ਸਮਝਿਆ ਹੈ। ਪਾਕਿਸਤਾਨ ਅਤੇ ਚੀਨ ਇਕੱਠੇ ਮਿਲ ਕੇ ਭਾਰਤ ਨੂੰ ਦਬਾਉਣ ਦੇ ਰਾਹ ਤੇ ਚੱਲ ਰਹੇ ਹਨ ਪਰ ਭਾਰਤ ਦੀ ਕੂਟਨੀਤੀ ਦੇ ਮੂਹਰੇ ਇਸ ਵਕਤ ਦੋਵੇਂ ਮੁਲਕ ਬੌਣੇ ਨਜ਼ਰ ਆ ਰਹੇ ਹਨ। ਭਾਰਤ ਅਤੇ ਚੀਨ ਦਰਮਿਆਨ ਫਿਲਹਾਲ ਜੰਗੀ ਟਕਰਾਅ ਦੀ ਸੰਭਾਵਨਾ ਘੱਟ ਹੈ ਪਰ ਭਵਿੱਖ ਵਿਚ ਜ਼ਰੂਰ ਅਜਿਹਾ ਟਕਰਾਅ ਹੋ ਸਕਦਾ ਹੈ ਅਤੇ ਇਹ ਟਕਰਾਅ ਤੀਜੇ ਵਿਸ਼ਵ ਯੁੱਧ ਦਾ ਰੂਪ ਲੈ ਸਕਦਾ ਹੈ। ਇਸ ਕਰਕੇ ਭਾਰਤ ਸਰਕਾਰ ਵੀ ਸੰਭਲ ਕੇ ਕਦਮ ਪੁੱਟ ਰਹੀ ਹੈ। ਭਾਰਤ ਨੇ ਇਜ਼ਰਾਈਲ ਨਾਲ ਵੱਡਾ ਰੱਖਿਆ ਸਮਝੌਤਾ ਕੀਤਾ ਹੈ, ਜਿਸ ਤੇ ਤੁਰੰਤ ਅਮਲ ਆਰੰਭ ਹੋ ਗਿਆ ਹੈ। ਭਾਰਤ ਨੇ ਇਜ਼ਰਾਈਲੀ ਤਕਨੀਕ ਨਾਲ ਘਾਤਕ ਹਥਿਆਰਾਂ ਦਾ ਨਿਰਮਾਣ ਆਰੰਭ ਕਰ ਦਿੱਤਾ ਹੈ, ਜਿਸ ਕਰਕੇ ਚੀਨ ਦੀ ਸਮੱਸਿਆ ਵਧਦੀ ਜਾ ਰਹੀ ਹੈ। ਪਰ ਏਸ਼ੀਆ ਦੇ ਜ਼ਿਆਦਾਤਰ ਮੁਲਕ ਜਿਸ ਤਰ੍ਹਾਂ ਭਾਰਤ ਨਾਲ ਮਿਲ ਕੇ ਚੀਨ ਦੀਆਂ ਘੁਰਕੀਆਂ ਦਾ ਜਵਾਬ ਦੇਣ ਦੇ ਰਾਹ ਆ ਗਏ ਹਨ ਇਸ ਨਾਲ ਫਿਲਹਾਲ ਇਸ ਖਿੱਤੇ ਵਿਚ ਸਿੱਧੇ ਟਕਰਾਅ ਦੀ ਸੰਭਾਵਨਾ ਘੱਟ ਲੱਗਦੀ ਹੈ।

ਜਿੱਥੋਂ ਤੱਕ ਭਾਰਤ ਅਤੇ ਚੀਨ ਦੀ ਫੌਜ ਦਾ ਸਬੰਧ ਹੈ, ਚੀਨੀ ਫੌਜ ਅਤੇ ਹਥਿਆਰ ਭਾਰਤ ਨਾਲੋਂ ਦੁੱਗਣੇ ਹਨ ਪਰ ਚੀਨ ਇਸ ਗੱਲ ਕਾਰਨ ਆਤਮ ਵਿਸ਼ਵਾਸ ਵਿਚ ਨਹੀਂ ਹੈ ਕਿਉਂਕਿ ਉਸਦੀ ਲੜਾਈ ਸਿਰਫ ਭਾਰਤ ਨਾਲ ਨਹੀਂ ਬਲਕਿ ਜਾਪਾਨ, ਵੀਅਤਨਾਮ, ਕੰਬੋਡੀਆ, ਮਾਇਆਂਮਾਰ, ਅਫਗਾਨਿਸਤਾਨ, ਭਾਰਤ ਅਤੇ ਏਸ਼ੀਆ ਦੇ ਹੋਰ ਕਈ ਤਾਕਤਵਰ ਮੁਲਕਾਂ ਨਾਲ ਹੈ। ਇਹ ਸਾਰੇ ਮੁਲਕ ਚੀਨ ਉਤੇ ਟੁੱਟ ਪੈਣ ਲਈ ਉਤਾਵਲੇ ਹਨ, ਜਦੋਂ ਵੀ ਜੰਗ ਦੀ ਸ਼ੁਰੂਆਤ ਹੁੰਦੀ ਹੈ। ਜਿੱਥੋਂ ਤੱਕ ਰੂਸ ਦਾ ਸਬੰਧ ਹੈ, ਰੂਸ ਵੀ ਇਸ ਜੰਗ ਵਿਚ ਚੀਨ ਦੀ ਮਦਦ ਕਰਨ ਤੋਂ ਕਤਰਾ ਰਿਹਾ ਹੈ ਕਿਉਂਕਿ ਉਸ ਨੂੰ ਆਪਣੇ ਖੁਸਦੇ ਵਿਸ਼ਵ ਸ਼ਕਤੀ ਦੇ ਰੁਤਬੇ ਦਾ ਡਰ ਸਤਾ ਰਿਹਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-36

## ਪੰਜ ਗਿਆਨ ਇੰਦਰਿਆਂ ਚੋਂ ਤਵੱਚਾ (ਚਮੜੀ) ਦਾ ਕਰਮ

ਤੁਚਾ, ਤੁਵੱਚਾ ਦੋਵੇਂ ਸੰਸਕ੍ਰਿਤ, ਚਮੜਾ, ਚਮੜੀ, ਖੱਲ ਅਤੇ ਖਲੜੀ ਪੰਜਾਬੀ ਦੇ ਸ਼ਬਦ ਹਨ। ਇਸ ਗਿਆਨ ਇੰਦਰੇ ਵਿੱਚ ਸਪੱਰਸ਼ ਕਰਨ ਦਾ ਅਨਭਵੀ ਗੁਣ ਹੈ। ਇਹ ਚਮੜੀ ਸਰੀਰ ਦੇ ਅੰਗਾਂ ਦਾ ਬਾਹਰੀ ਹਿੱਸਾ ਹੈ। ਇਸ ਖੱਲ ਜਾਂ ਚਮੜੀ ਨੇ ਸਾਰੇ ਸਰੀਰ ਨੂੰ ਲਪੇਟਿਆ ਹੁੰਦਾ ਹੈ-ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਇਸ ਊਪਰਿ ਲੇ ਰਾਖਿਓ ਗੁਮਾਨ॥੩॥ (੩੭੪) ਇਹ ਚਮੜੀ ਜਾਂ ਤਵੱਚਾ ਸਰੀਰ ਦੇ ਨਾਲ ਹੀ ਪੈਦਾ ਹੁੰਦੀ ਸਰੀਰ ਦੇ ਵਧਣ ਨਾਲ ਨਰਮ ਤੋਂ ਸਖਤ ਵੀ ਹੁੰਦੀ ਜਾਂਦੀ ਹੈ। ਇਹ ਸਾਡੇ ਸਰੀਰ ਤੇ ਚੜ੍ਹੀ ਹੁੰਦੀ ਅਤੇ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਜਕੜ ਕੇ ਰੱਖਦੀ ਹੈ। ਇਸ ਵਿੱਚ ਮੁਸਾਮ (ਬਰੀਕ ਛੇਕ) ਵੀ ਹੁੰਦੇ ਹਨ ਜਿੰਨ੍ਹਾਂ ਰਾਹੀਂ ਪਸੀਨੇ ਨਾਲ ਸਰੀਰ ਸਾਫ ਅਤੇ ਹਲਕਾ ਹੋ ਜਾਂਦਾ ਹੈ। ਚਮੜੀ ਨੂੰ ਬਹੁਤੀ ਸਰਦੀ ਅਤੇ ਬਹੁਤੀ ਗਰਮੀ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ। ਗਰਮੀਆਂ ਵਿੱਚ ਬਹੁਤਾ ਧੁੱਪ ਵਿੱਚ ਨਹੀਂ ਰਹਿਣਾ ਚਾਹੀਦਾ ਕਿਉਂਕਿ ਇਸ ਨਾਲ ਸੰਨ ਬਰਨ ਹੋ ਜਾਂਦੀ ਹੈ। ਬੇਲੋੜੇ ਲੋਸ਼ਨ ਤੇ ਪਰਫਿਊਮ ਚਮੜੀ ਨੂੰ ਅਲਰਜੀ ਵੀ ਦੇ ਸਕਦੇ ਹਨ। ਸਰੋਂ ਦੇ ਤੇਲ ਨਾਲ ਮਾਲਸ਼ ਕਰਨ ਨਾਲ ਚਮੜੀ ਨਰਮ, ਚਮਕੀਲੀ, ਲਚਕੀਲੀ ਅਤੇ ਹੈਲਥੀ ਰਹਿੰਦੀ ਹੈ।

ਕਿਸੇ ਦੀ ਚਮੜੀ ਕਾਲੀ, ਗੋਰੀ ਅਤੇ ਕਿਸੇ ਦੀ ਕਣਕਵੰਨੀ ਹੁੰਦੀ ਹੈ। ਇਹ ਸਾਰਾ ਵਾਤਾ ਵਰਨ ਅਤੇ ਨਸਲ ਤੇ ਅਧਾਰਤ ਹੁੰਦਾ ਹੈ। ਆਮ ਤੌਰ ਤੇ ਜਿਆਦਾ ਗਰਮ ਇਲਾਕਿਆਂ ਵਿੱਚ ਰਹਿਣ ਵਾਲਿਆਂ ਦੀ ਚਮੜੀ ਕਾਲੀ ਅਤੇ ਜਿਆਦਾ ਠੰਡ ਵਿੱਣ ਰਹਿਣ ਵਾਲਿਆਂ ਦੀ ਚਮੜੀ ਗੋਰੀ ਹੁੰਦੀ ਹੈ। ਚਮੜੀ ਦਾ ਰੰਗ ਕੋਈ ਵੀ ਹੋਵੇ ਪਰ ਚਮੜੀ ਸਰਦੀ-ਗਰਮੀ, ਤੱਤੇ-ਠੰਡੇ, ਸ਼ਪੱਰਸ਼ ਕਰਨ, ਚੋਟ ਲੱਗਣ ਅਤੇ ਪੀੜਾ ਦਾ ਗਿਆਨ ਇੱਕਸਾਰ ਹੀ ਦਿੰਦੀ ਹੈ। ਜਿਆਦਾ ਤੌਰ ਤੇ ਚਮੜੀ ਸ਼ਪੱਰਸ ਰਸ ਨਾਲ ਸਬੰਧ ਰੱਖਦੀ ਅਤੇ ਇਸ ਵਿੱਚ ਆਦਮੀ ਤੇ ਔਰਤ ਦੀਆਂ ਜਨਨ ਇੰਦੀਆਂ ਵੀ ਆ ਜਾਂਦੀਆਂ ਅਤੇ ਇਨ੍ਹਾਂ ਦੇ ਸ਼ਪੱਰਸ਼ ਨਾਲ ਕਾਮਵਾਸ਼ਨਾ ਉਤੇਜਿਤਾ ਹੁੰਦੀ ਹੈ। ਗਿਆਨ ਇੰਦ੍ਰੇ ਚਮੜੀ ਨੂੰ ਰੋਗਾਂ ਤੋਂ ਬਚਾ ਅਤੇ ਭੋਗਾਂ ਤੋਂ ਸੰਜਮ ਵਿੱਚ ਰੱਖਣਾ ਚਾਹੀਦਾ ਹੈ। ਗੁਰਬਾਣੀ ਫੁਰਮਾਂਦੀ ਹੈ ਸੁਹਣੀ ਚਮੜੀ ਵਾਲੇ ਵੀ ਪਸ਼ੂ ਹਨ ਜੇ ਅੰਦਰਹੁ ਕਾਲੇ ਹਨ-ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥(੧੨੮੪) ਕਈ ਅਗਿਆਨੀ ਅਤੇ ਵਹਿਮੀ ਲੋਕ ਚਮੜੇ ਜਾਂ ਚਮੜੇ ਦੀਆਂ ਬਣੀਆਂ ਵਸਤੂਆਂ ਆਦਿਕ ਨੂੰ ਸ਼ਪੱਰਸ਼ (ਟੱਚ) ਨਹੀਂ ਕਰਦੇ ਕਿ ਭਿੱਟੇ ਜਾਂ ਅਪਵਿੱਤ੍ਰ ਹੋ ਜਾਵਾਂਗੇ। ਚਮੜੇ ਦੀ ਬੈਲਟ ਜਾਂ ਪਰਸ ਨੂੰ ਹੱਥ ਨਹੀਂ ਲਾਉਣਗੇ ਪਰ ਚਮੜੀ ਸਮੇਤ ਵਾਲਾਂ ਵਾਲੀ ਚੌਰ ਗੁਰੂ ਗ੍ਰੰਥ ਸਾਹਿਬ ਜਾਂ ਹੋਰਨਾਂ ਸਾਧਾਂ ਤੇ ਮੂਰਤੀਆਂ ਨੂੰ ਕਰੀ ਜਾਂਣਗੇ। ਭਲਿਓ ਚਮੜੀ ਨੂੰ ਸਾਫ ਤੇ ਹੈਲਥੀ ਰੱਖਣ ਦੀ ਲੋੜ ਹੈ ਨਾਂ ਕਿ ਹੱਥ ਲੱਗਣ ਤੋਂ ਡਰਨ ਦੀ, ਐਂ ਤਾਂ ਸਾਰਾ ਸਰੀਰ ਹੀ ਚੰਮ ਦਾ ਬਣਿਆਂ ਹੋਇਆ ਹੈ।



ਅਵਤਾਰ ਸਿੰਘ ਮਿਸ਼ਨਰੀ
510-432-5827

ਚਮਾਰ ਸ਼ਬਦ ਵੀ ਚਮੜੀ ਨਾਲ ਸਬੰਧਤ ਹੈ ਨਾ ਕਿ ਕਿਸੇ ਜਾਤ ਬਰਾਦਰੀ ਨਾਲ ਵਾਸਤਵ ਵਿੱਚ ਚੰਮ ਤੋਂ ਬਣੇ ਸਾਰੇ ਸਰੀਰ ਹੀ ਚਮਾਰ ਹਨ। ਬਾਹਰੀ ਚਮੜੀ ਤਾਂ ਧੋ ਕੇ ਸਾਫ ਹੋ ਜਾਂਦੀ ਹੈ ਪਰ ਕਾਮਕ ਚਮੜੀ ਦੀ ਜੂਠ ਬਾਹਰ ਦੀ ਸੁੱਚ-ਭਿੱਟ ਆਦਿਕ ਅੱਗ ਨਾਲ ਨਹੀਂ ਉੱਤਰਦੀ-ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥(੧੧੯੫)

ਸੋ ਸਾਨੂੰ ਗਿਆਨ ਇੰਦਰਿਆਂ ਤੋਂ ਸਾਰਥਕ ਕੰਮ ਲੇਣਾ ਅਤੇ ਸੰਜਮ ਵਿੱਚ ਰਹਿਣਾ ਚਾਹੀਦਾ ਹੈ। ਜਿਸ ਦੇ ਹਿਰਦੇ ਵਿੱਚ ਰੱਬ ਨਾਲ ਸੱਚੀ ਪ੍ਰੀਤ ਪੈ ਜਾਂਦੀ ਹੈ ਉਹ ਇੰਦਰਿਆਂ ਦੇ ਦੁਸ਼ ਕਰਮਾਂ ਤੋਂ ਮੁਕਤ ਹੋ ਜਾਂਦਾ ਅਤੇ ਇਨ੍ਹਾਂ ਨੂੰ ਵੱਸ ਕਰਨ ਲਈ ਸੰਜਮੀ ਜੁਗਤੀ ਵਰਤਦਾ ਹੈ-ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥ ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥ (੧੨੨) ਸੋ ਹਰੇਕ ਕਰਮ ਅਤੇ ਗਿਆਨ ਇੰਦਰਾ ਕੁਦਰਤੀ ਆਪੋ ਆਪਣਾ ਕੰਮ ਕਰਦਾ ਹੈ, ਸਾਨੂੰ ਇੰਨ੍ਹਾਂ ਤੋਂ ਮੰਦੇ ਕਰਮ ਨਹੀਂ ਕਰਾਉਣੇ ਚਾਹੀਦੇ। ਦਿਮਾਗ ਤੇ ਬੁੱਧੀ ਕੋਲ ਸਾਰਾ ਕੰਟਰੋਲ ਹੈ, ਸਰੀਰ ਰਥ ਦੇ ਇੰਰਦਿਆਂ ਰੂਪੀ ਘੋੜਿਆ ਨੂੰ ਗਿਆਨ ਦੀ ਲੁਗਾਮ ਪਾ ਕੇ ਹੀ ਵੱਸ ਕੀਤਾ ਜਾ ਸਕਦਾ ਹੈ।

# ਪਾਸਟਰ ਸੁਲਤਾਨ ਦੀ ਹੱਤਿਆ ਦਾ ਅਜੇ ਤੱਕ ਕੋਈ ਸੁਰਾਗ ਨਹੀਂ

ਪਾਸਟਰ ਸੁਲਤਾਨ ਮਸੀਹ ਦੀ ਹਤਿਆ ਬਾਰੇ ਹਾਲੇ ਤੱਕ ਵੀ ਕੋਈ ਸੁਰਾਗ ਪੁਲਿਸ ਦੇ ਹੱਥ ਨਹੀਂ ਲੱਗਾ। ਜਿਸ ਢੰਗ ਨਾਲ ਇਹ ਕਤਲ ਹੋਇਆ ਹੈ, ਉਸ ਤੋਂ ਸਪਸ਼ਟ ਹੈ ਕਿ ਇਹ ਸਧਾਰਣ ਕਤਲ ਨਹੀਂ ਹੈ, ਇਹ ਉੱਚ ਕੋਟੀ ਦੇ ਮੁਜਰਿਮਾਂ ਦਾ ਕਾਰਾ ਹੈ। ਦੋ ਮੋਟਰ ਸਾਈਕਲ ਸਵਾਰ ਬਹੁਤ ਤੇਜ਼ੀ ਨਾਲ ਸੱਜੇ ਪਾਸਿਓਂ ਆਏ ਤੇ ਬਿਨਾਂ ਮੋਟਰ ਸਾਈਕਲ ਰੋਕੇ ਮਾਮੂਲੀ ਜਿਹੀ ਸਪੀਡ ਘਟਾ ਕੇ ਫਾਇਰਿੰਗ ਕਰਕੇ ਸੜਕ ਦੇ ਕੰਢੇ ਖੜੇ ਪਾਸਟਰ ਦੇ ਗੋਲੀਆਂ ਮਾਰ ਕੇ ਚਲੇ ਗਏ। ਪਾਸਟਰ ਸਾਹਿਬ ਗੋਲੀ ਲਗਦੇ ਹੀ ਡਿੱਗ ਪਏ। ਉਨ੍ਹਾਂ ਨੂੰ ਤੁਰੰਤ ਡੀ.ਐਮ.ਸੀ. ਹਸਪਤਾਲ ਲਿਜਾਇਆ ਗਿਆ ਜਿਥੇ ਇਲਾਜ ਦੌਰਾਨ ਛੇਤੀ ਹੀ ਉਨ੍ਹਾਂ ਦੀ ਮ੍ਰਿਤੂ ਹੋ ਗਈ।

**ਧਮਕੀਆਂ –** ਅਪੁਸ਼ਟ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪਾਸਟਰ ਸਾਹਿਬ ਨੂੰ ਕੁਝ ਦਿਨਾਂ ਤੋਂ ਧਮਕੀਆਂ ਮਿਲ ਰਹੀਆਂ ਸਨ। ਫਿਰ ਉਨ੍ਹਾਂ ਨੂੰ ਕਿਸ ਨੇ ਫੋਨ ਕਰਕੇ ਸੜਕ ਤੇ ਬੁਲਾਇਆ ਇਹ ਇਕ ਬਹੁਤ ਵੱਡਾ ਪ੍ਰਸ਼ਨ ਹੈ ਜਿਸਦਾ ਪੁਲਿਸ ਹੱਲ ਨਹੀਂ ਕਰ ਸਕੀ ਕਿਉਂਕਿ ਮਾਮੂਲੀ ਗੱਲ ਲਈ ਪਾਸਟਰ ਸਾਹਿਬ ਘਰ ਤੋਂ ਇੰਨਾ ਬਾਹਰ ਨਹੀਂ ਆ ਸਕਦੇ ਸਨ। ਅਸੀਂ ਸਮਝਦੇ ਹਾਂ ਕਿ ਠੀਕ ਇਸੇ ਟਾਈਮ ਜੇ ਉਨ੍ਹਾਂ ਨੂੰ ਬਾਹਰ ਬੁਲਾਇਆ ਗਿਆ ਤਾਂ ਇਸ ਗੱਲ ਦਾ ਕਤਲ ਨਾਲ ਸਬੰਧ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ। ਜਿਸ ਢੰਗ ਨਾਲ ਕਾਤਲ ਗੋਲੀਆਂ ਮਾਰ ਕੇ ਖੱਬੇ ਪਾਸੇ ਨੂੰ ਬੜੀ ਤੇਜ਼ੀ ਨਾਲ ਨਿਕਲ ਗਏ ਅਤੇ ਉਨ੍ਹਾਂ ਨੇ ਕਿਸੇ ਨੂੰ ਆਪਣਾ ਪਿੱਛਾ ਕਰਨ ਦਾ ਮੌਕਾ ਨਹੀਂ ਦਿੱਤਾ, ਇਹ ਮੁਜਰਿਮਾਂ ਦੇ ਬੇਹਦ ਸ਼ਾਤਰ ਹੋਣ ਦਾ ਬਹੁਤ ਵੱਡਾ ਸੰਕੇਤ ਹੈ।



**ਪੁਲਿਸ ਭੁੱਬਲ ਭੂਸੇ ਵਿੱਚ –** ਪੁਲਿਸ ਨੇ ਅਗਲੇ ਦਿਨ ਚਾਰ ਵਿਅਕਤੀ ਗ੍ਰਿਫਤਾਰ ਕੀਤੇ ਅਤੇ ਫਿਰ ਤਿੰਨ ਦਿਨ ਬਾਅਦ ਫਿਰ 6 ਲੋਕਾਂ ਨੂੰ ਗ੍ਰਿਫਤਾਰ ਕੀਤਾ। 6 ਲੋਕਾਂ ਦੀ ਗ੍ਰਿਫਤਾਰੀ ਤੋਂ ਬਾਅਦ ਪਲਿਸ ਨੇ ਕਿਹਾ ਕਿ ਉਹ ਕਾਤਲਾਂ ਦੇ ਨੇੜੇ ਪਹੁੰਚ ਗਈ ਹੈ। ਛੇਤੀ ਹੀ ਪ੍ਰੈਸ ਕਾਨਫਰੰਸ ਕਰਕੇ ਕੇਸ ਦਾ ਖੁਲਾਸਾ ਕੀਤਾ ਜਾਵੇਗਾ ਪਰ ਕੋਈ ਖੁਲਾਸਾ ਨਹੀਂ ਹੋਇਆ।

**ਪਾਕਿਸਤਾਨ ਦਾ ਹੱਥ–** 18 ਜੁਲਾਈ ਨੂੰ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਲੁਧਿਆਣਾ ਵਿੱਚ ਕਿਹਾ ਸੀ ਕਿ ਇਸ ਕਤਲ ਪਿਛੇ ਪਾਕਿਸਤਾਨ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਕਤਲ ਦੀ ਤਰਜ਼ ਬਿਲਕੁਲ ਉਹੀ ਹੈ ਜੋ ਕਿ ਰਾਸ਼ਟਰੀ ਸੁਯੰਮ ਸੇਵਕ ਸੰਘ ਦੇ ਲੀਡਰ ਜਗਦੀਸ਼ ਗਗਨੇਜਾ, ਨਾਮਧਾਰੀ ਮੁਖੀ ਚੰਦ ਕੌਰ ਦੀ ਸੀ। ਕੁਝ ਵਿਦੇਸ਼ੀ ਤਾਕਤਾਂ ਪੰਜਾਬ ਦੀ ਫਿਰਕੂ ਏਕਤਾ ਨੂੰ ਭੰਗ ਕਰਨਾ ਚਾਹੁੰਦੀਆਂ ਹਨ। ਕਤਲ ਜਿਸ ਤਰ੍ਹਾਂ ਹੋਇਆ ਉਸ ਤੋਂ ਸਪਸ਼ਟ ਹੈ ਕਿ ਇਨ੍ਹਾਂ ਦੇ ਅੰਤਰ ਰਾਸ਼ਟਰੀ ਪੱਧਰ ਦੇ ਮੁਜਰਿਮ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ ਪਰ ਪਾਕਿਸਤਾਨ ਦੋ ਸਾਲ ਵਿੱਚ ਇਸ ਤਰ੍ਹਾਂ ਦੇ ਕੇਵਲ ਤਿੰਨ ਕਤਲ ਹੀ ਕਰੇਗਾ ਇਸ ਪ੍ਰਸ਼ਨ ਤੇ ਵਿਚਾਰ ਦੀ ਲੋੜ ਹੈ। ਪਾਕਿਸਤਾਨ ਪੰਜਾਬ ਵਿੱਚ ਫਿਰਕਾਪ੍ਰਸਤ ਪਾੜ ਪਾਉਣ ਲਈ ਡੇਢ ਸਾਲ ਵਿੱਚ ਘੱਟੋ ਘੱਟ 7-8 ਕਤਲ ਜ਼ਰੂਰ ਕਰਦਾ। ਪਰ ਜੇਕਰ ਇਸ ਕਤਲ ਵਿੱਚ ਪਾਕਿਸਤਾਨ ਦਾ ਹੱਥ ਹੈ ਵੀ ਤਾਂ ਕੀ ਸਰਕਾਰ ਆਪਣੇ ਨਾਗਰਿਕਾਂ ਦੇ ਜੀਵਨ ਦੀ ਰੱਖਿਆ ਦੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਈ ਹੈ?

**ਫਿਰਕੂ ਏਕਤਾ–** ਫਿਰਕੂ ਏਕਤਾ ਭੰਗ ਕਰਨ ਲਈ ਪਾਕਿਸਤਾਨ ਨੇ ਕੇਵਲ ਪਾਸਟਰ ਸੁਲਤਾਨ ਮਸੀਹ ਦੀ ਹੀ ਚੋਣ ਕਿਉਂ ਕੀਤੀ? ਕਿਉਂਕਿ ਪਾਸਟਰ ਸੁਲਤਾਨ ਮਸੀਹ ਤਾਂ ਬਹੁਤ ਸ਼ਾਂਤ ਤੇ ਠੰਡੇ ਸੁਭਾਅ ਦੇ ਸਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਲੁਧਿਆਣਾ ਤੱਕ ਹੀ ਸੀਮਤ ਸਨ। ਉਹ ਵਿਵਾਦਗ੍ਰਸਤ ਹਸਤੀ ਨਹੀਂ ਸਨ।

**ਪੰਜਾਬ ਸਰਕਾਰ ਦੀ ਹਰਕਤ–** ਪੰਜਾਬ ਸਰਕਾਰ ਜਿਸ ਢੰਗ ਨਾਲ ਹਰਕਤ ਵਿੱਚ ਆਈ ਉਸ ਤੋਂ ਜਲਦੀ ਹੀ ਸਪਸ਼ਟ ਹੋ ਗਿਆ ਸੀ ਕਿ ਇਹ ਅਤਿਵਾਦ ਦੀ ਘਟਨਾ ਹੈ। ਲੁਧਿਆਣਾ ਪੁਲਿਸ ਦੇ ਸੰਕੇਤ ਤੇ ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤੁਰੰਤ ਇਸ ਪਰਿਵਾਰ ਨੂੰ 5 ਲੱਖ ਰੁਪਏ ਦੀ ਮਾਲੀ ਮਦਦ ਤੇ ਪਾਸਟਰ ਸਾਹਿਬ ਦੇ ਬੇਟੇ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕਰ ਦਿੱਤਾ। ਇਸ ਤੋਂ ਸਪਸ਼ਟ ਹੋ ਗਿਆ ਸੀ ਕਿ ਇਹ ਅਤਵਾਦ ਦੀ ਘਟਨਾ ਹੈ।



ਫਰੈਡੀ ਜੋਜ਼ਫ

**ਸਰਕਾਰ ਦੇ ਇਸ ਐਲਾਨ ਦਾ ਪਿਛੋਕੜ–** ਘਟਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਮੁੱਨਵਰ ਮਸੀਹ ਅਗਲੇ ਹੀ ਦਿਨ ਅਫੋਸਸ ਲਈ ਗਏ ਤਾਂ ਪੁਲਿਸ ਚਾਹੁੰਦੀ ਸੀ ਕਿ ਛੇਤੀ ਹੀ ਜਨਾਜ਼ਾ ਹੋ ਜਾਵੇ ਪਰ ਨੌਜਵਾਨ ਈਸਾਈ ਨੇਤਾ ਸਟੀਫਨ ਭੱਟੀ ਨੇ ਕਿਹਾ ਕਿ ਜਨਾਜ਼ੇ ਤੋਂ ਪਹਿਲਾਂ ਸਰਕਾਰ ਇਸ ਪਰਿਵਾਰ ਨੂੰ ਮੁਆਵਜ਼ਾ ਦੇਣ ਦਾ ਐਲਾਨ ਕਰੇ। ਜਿੰਨਾ ਚਿਰ ਅਜੇਹਾ ਐਲਾਨ ਨਹੀਂ ਹੁੰਦਾ ਜਨਾਜ਼ਾ ਨਹੀਂ ਹੋਵੇਗਾ। ਇਸ ਤੇ ਸ਼੍ਰੀ ਮੁਨੱਵਰ ਮਸੀਹ ਨੇ ਉਚ ਪੁਲਿਸ ਅਧਿਕਾਰੀਆਂ ਨਾਲ ਗੱਲ ਕੀਤੀ ਅਤੇ ਮੁਖ ਮੰਤਰੀ ਨੇ ਤੁਰੰਤ ਇਸ ਪਰਿਵਾਰ ਨੂੰ 5 ਲੱਖ ਰੁਪਏ ਦੀ ਮਾਲੀ ਮਦਦ ਤੇ ਪਾਸਟਰ ਸਾਹਿਬ ਦੇ ਬੇਟੇ ਨੂੰ ਪੁਲਿਸ ਵਿੱਚ ਸਰਕਾਰੀ ਨੌਕਰੀ ਦੇਣ ਐਲਾਨ ਕਰ ਦਿੱਤਾ। ਇਸ ਐਲਾਨ ਨਾਲ ਇਸ ਗੱਲ ਦੀ ਪੁਸ਼ਟੀ ਹੋ ਗਈ ਕਿ ਇਹ ਵਾਰਦਾਤ ਅਤਿਵਾਦ ਦੀ ਹੀ ਹੈ।

**ਇਸ ਘਟਨਾ ਦਾ ਪਿਛੋਕੜ–** ਅਤਿਵਾਦੀਆਂ ਨੇ ਇਹ ਵਾਰਦਾਤ ਅੰਜਾਮ ਦੇਣ ਲਈ ਇਹ ਮੌਕਾ ਹੀ ਕਿਉਂ ਚੁਣਿਆ? ਇਸ ਕਤਲ ਵਿੱਚ ਪਾਕਿਸਤਾਨ ਦਾ ਹੱਥ ਹੋਣ ਦਾ ਸ਼ੱਕ ਜ਼ਿਆਦਾ ਪੁਖਤਾ ਨਹੀਂ ਹੈ ਪਰ ਇਹ ਗੱਲ ਠੀਕ ਕਹੀ ਜਾ ਸਕਦੀ ਹੈ ਕਿ ਇਸ ਕਤਲ ਦਾ ਮੰਤਵ ਪੰਜਾਬ ਦੀ ਫਿਰਕੂ ਏਕਤਾ ਉਤੇ ਇੱਕ ਚੰਗਿਆੜੀ ਨੂੰ ਸੁਟਣਾ ਹੀ ਸੀ। ਉਨ੍ਹਾਂ ਦਿਨਾਂ ਵਿੱਚ ਤਰਨ ਤਾਰਨ ਦੇ ਪਿੰਡ ਸੰਘਾ ਦੀ ਘਟਨਾ ਚਰਚਾ ਵਿੱਚ ਸੀ ਤੇ ਪ੍ਰਭੂ ਯਿਸੂ ਵਿਰੁਧ ਵਰਤੀ ਗਈ ਬੇਹਦ ਇਤਰਾਜ਼ਯੋਗ ਭਾਸ਼ਾ ਕਾਰਣ ਪੰਜਾਬ ਦੇ ਈਸਾਈਆਂ ਵਿੱਚ ਬਹੁਤ ਗੁੱਸੇ ਦੀ ਲਹਿਰ ਸੀ। ਪੰਜਾਬ ਵਿੱਚ ਥਾਂ ਥਾਂ ਰੋਸ ਮੁਜ਼ਾਹਰੇ ਹੋ ਰਹੇ ਸਨ। ਪੰਜਾਬ ਦੇ ਈਸਾਈਆਂ ਦਾ ਅਜੇਹਾ ਪ੍ਰਤੀਕਰਮ ਪਹਿਲੀ ਵਾਰ ਪੰਜਾਬ ਵਿੱਚ ਵੇਖਿਆ ਗਿਆ ਸੀ। ਇਸ ਦੇ ਨਾਲ ਹੀ ਪੰਜਾਬ ਅਤੇ ਵਿਦੇਸ਼ਾਂ ਵਿੱਚ ਬੈਠੇ ਕੁਝ ਸਿੱਖਾਂ ਵਲੋਂ ਵੀ ਸਿੱਖ ਧਰਮ ਤੇ ਚਿੱਕੜ ਉਛਾਲਣ ਵਾਲੇ ਪਾਸਟਰਾਂ ਵਿਰੁਧ ਬਹੁਤ ਗਰਮਾ ਗਰਮ ਬਿਆਨ ਆ ਰਹੇ ਸਨ। ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਅਤਿਵਾਦੀਆਂ ਨੇ ਸਿੱਖਾਂ ਅਤੇ ਈਸਾਈਆਂ ਨੂੰ ਲੜਾਉਣ ਲਈ ਇਸ ਮੌਕੇ ਦੀ ਚੋਣ ਕੀਤੀ ਹੋਵੇ।

**ਸਿੱਖ ਇੱਕ ਬਹੁਤ ਸਿਆਣੀ ਕੌਮ –** ਸਿੱਖ ਅੱਜ ਸੰਸਾਰ ਦੀਆਂ ਬਹੁਤ ਉੱਚ ਕੋਟੀ ਦੀਆਂ ਕੌਮਾਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਨੇ ਪਿਛਲੀ ਅੱਧੀ ਸਦੀ ਵਿੱਚ ਜੋ ਸੰਸਾਰ ਵਿੱਚ ਆਪਣਾ ਮੁਕਾਮ ਬਣਾ ਲਿਆ ਹੈ ਉਹ ਬਹੁਤ ਹੈਰਾਨੀਜਨਕ ਹੈ। ਉਹ ਨਾ ਕੇਵਲ ਭਾਰਤ ਵਿੱਚ ਹੀ ਬਲਕਿ ਆਪਣੀ ਸਿਆਣਪ ਕਾਰਣ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਬਹੁਤ ਉਚ ਪਦਾਂ ਤੇ ਆਸੀਨ ਹਨ। ਅਮਰੀਕਾ, ਇੰਗਲੈਂਡ, ਕਨੇਡਾ, ਆਸਟ੍ਰੇਲੀਆ ਆਦਿ ਅਨੇਕਾਂ ਦੇਸ਼ਾਂ ਵਿੱਚ ਰਾਜਨੀਤਕ ਅਤੇ ਪ੍ਰਸ਼ਾਨਿਕ ਉਚ ਪਦਾਂ ਤੇ ਆਸੀਨ ਹਨ। ਕਨੇਡਾ ਦਾ ਤਾਂ ਰੱਖਿਆ ਮੰਤਰੀ ਹੀ ਇੱਕ ਸਿੱਖ ਹੈ। ਇਸ ਪੁਜ਼ੀਸ਼ਨ ਤੇ ਪਹੁੰਚਣ ਲਈ ਸਿੱਖ ਕੌਮ ਨੂੰ ਕਈ ਖੂਨ ਦਰਿਆਵਾਂ ਵਿੱਚੋਂ ਦੀ ਲੰਘਣਾ ਪਿਆ ਹੈ। ਉਨ੍ਹਾਂ ਦੇ ਇਤਿਹਾਸ ਦੇ ਹਰ ਪੰਨੇ ਤੇ ਲਹੂ ਟਪਕਦਾ ਹੈ। ਸਿੱਖ ਹੁਣ ਹਰ ਕਦਮ ਫੂਕ ਫੂਕ ਕੇ ਰੱਖਣ ਵਾਲੇ ਹਨ। ਉਹ ਇੰਨੀ ਛੇਤੀ ਭੜਕਣ ਵਾਲੇ ਨਹੀਂ।

**ਅਧਪੜ੍ਹ ਪਾਖੰਡੀ –** ਪੰਜਾਬ ਵਿੱਚ ਅਧਪੜ੍ਹ ਪਾਖੰਡੀ ਕਿਸਮ ਦੇ ਕੁਝ ਲੋਕ ਪਵਿੱਤਰ ਬਾਈਬਲ ਲੈ ਕੇ ਘੁੰਮ ਰਹੇ ਹਨ ਜੋ ਦੂਸਰੇ ਧਰਮਾਂ ਦੀ ਨਜ਼ਾਇਜ਼

(ਬਾਕੀ ਸਫਾ 10 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅੰਬੇਡਕਰ ਫੋਰਸ (ਰਜਿ.) ਪੰਜਾਬ ਦੀ ਨਵੀਂ ਕਮੇਟੀ ਦਾ ਗਠਨ



**ਫਗਵਾੜਾ (ਬੀ.ਕੇ.ਰੱਤੂ )–** ਅੰਬੇਡਕਰ ਫੋਰਸ ਪੰਜਾਬ ਦੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਕੁਝ ਦਿਨ ਪਹਿਲਾਂ ਸੂਬਾ ਪ੍ਰਧਾਨ ਰਣਜੀਤ ਪਵਾਰ ਦੇ ਅਹੁਦੇ ਬਿਨ੍ਹਾਂ ਬਾਕੀ ਸਾਰੇ ਅਹੁਦੇ ਭੰਗ ਕਰ ਦਿੱਤੇ ਗਏ ਸੀ। ਮੁੜ ਪਵਾਰ ਨੂੰ ਪ੍ਰਧਾਨ ਬਣਾਉਣ ਦਾ ਸਮਰਥਨ ਹੋਇਆ, ਪਰ ਰਣਜੀਤ ਪਵਾਰ ਨੇ ਕਿਹਾ ਕਿ ਹਰ ਮੈਂਬਰ ਨੂੰ ਅੱਗੇ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ ਨਾ ਕਿ ਇੱਕੋ ਬੰਦਾ ਹੀ ਵੱਡੇ ਅਹੁਦੇ 'ਤੇ ਰਹੇ। ਇਸ ਲਈ ਉਨ੍ਹਾਂ ਆਪਣੀ ਸਹਿਮਤੀ ਨਾਲ ਤਿੰਨ ਨਾਮ ਪੰਜਾਬ ਪ੍ਰਧਾਨ ਲਈ ਦਿੱਤੇ ਜਗਨਨਾਥ ਫਿਲੌਰ,ਵਿਜੇ ਗੜ੍ਹਸ਼ੰਕਰ, ਵਿੱਕੀ ਜਲੰਧਰ ਜਿੰਨ੍ਹਾਂ ਵਿੱਚ ਪਵਾਰ ਨੇ ਪਰਚੀਆਂ 'ਤੇ ਲਿਖਵਾ ਕੇ ਸਮਰਥਨ ਲਿਆ। ਜਿਸ ਵਿੱਚ ਜਗਨਨਾਥ ਜੱਗੀ ਲਈ ਸਮਰਥਨ ਰਿਹਾ ਅਤੇ ਉਸਨੂੰ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਬਾਕੀ ਡਾ. ਸਤੀਸ਼ ਨੂੰ ਚੇਅਰਮੈਨ ਪੰਜਾਬ, ਛਿੰਦਾ ਜੈਸਵਾਲ ਜਨਰਲ ਸਕੱਤਰ ਪੰਜਾਬ, ਗੁਰਦੀਪ ਰਸੂਲਪੁਰੀ ਖਜ਼ਾਨਚੀ,ਮਨੀ ਭੱਟੀ ਤਹਿਸੀਲ ਪ੍ਰਧਾਨ ਫਿਲੌਰ, ਪਿਕ ਕੁਮਾਰ ਪ੍ਰਧਾਨ ਨੰਗਲ ਨਿਯੁਕਤ ਕੀਤਾ ਗਿਆ।

ਬਾਕੀ ਸਾਰੇ ਅਹੁਦੇ ਪਹਿਲਾਂ ਨੂੰ ਮਾਨਤਾ ਦਿੱਤੀ ਗਈ। ਨਵੇਂ ਬਣੇ ਪ੍ਰਧਾਨ ਅਤੇ ਬਾਕੀ ਅਹੁਦੇਦਾਰਾਂ ਨੇ ਰਣਜੀਤ ਪਵਾਰ ਦੀਆਂ ਅੰਬੇਡਕਰ ਫੋਰਸ ਪੰਜਾਬ ਵਿੱਚ ਸ਼ਲਾਘਾਯੋਗ ਸੇਵਾਵਾਂ ਲਈ ਰਣਜੀਤ ਪਵਾਰ ਨੂੰ ਸਿਰੋਪਾਓ ਦੇ ਸਨਮਾਨਿਤ ਕੀਤਾ ਗਿਆ। ਪਵਾਰ ਨੇ ਨਵੇਂ ਬਣੇ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਸਤੀਸ਼ ਗੌਤਮ, ਮੱਖਣ ਰਸੂਲਪੁਰ, ਅਸ਼ੋਕ ਫਿਲੌਰੀ, ਗਗਨਦੀਪ, ਜਸਵੀਰ ਚੰਦ, ਵਿਜੇ ਕੁਮਾਰ ਆਦਿ ਹਾਜ਼ਰ ਸਨ।

# ਪੰਜਾਬੀਆਂ ਨੇ ਸਭ ਤੋਂ ਵੱਧ ਜੰਗੇ ਅਜ਼ਾਦੀ 'ਚ ਸ਼ਹੀਦੀਆਂ ਪ੍ਰਾਪਤ ਕੀਤੀਆਂ - ਪਲਾਹੀ

ਫਗਵਾੜਾ (ਬੀ.ਕੇ.ਰੱਤੂ)– ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਮਨਾਏ ਗਏ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਬੋਲਦਿਆਂ ਪ੍ਰਸਿੱਧ ਚਿੰਤਕ ਡਾ. ਸੰਤੋਖ ਲਾਲ ਵਿਰਦੀ ਨੇ ਕਿਹਾ ਕਿ ਸ਼ਹੀਦਾਂ ਵਲੋਂ ਪਾਏ ਪੂਰਨਿਆਂ ਅਤੇ ਆਦਰਸ਼ਾਂ ਨੂੰ ਸਮਝਕੇ ਅੱਜ ਲੋਕ ਹਿੱਤਾਂ ਵਿੱਚ ਕੰਮ ਕਰਨ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਦੇਸ਼ ਵਿੱਚ ਗਰੀਬੀ, ਅਮੀਰੀ ਦਾ ਫ਼ਰਕ ਦੂਰ ਹੋਵੇ, ਸਭਨਾਂ ਨੂੰ ਰੁਜ਼ਗਾਰ ਮਿਲੇ, ਰੋਟੀ ਮਿਲੇ ਅਤੇ ਲੋਕਾਂ ਦੇ ਜੀਵਨ ਦਾ ਪੱਧਰ ਉੱਚਾ ਹੋਵੇ। ਡਾ. ਵਿਰਦੀ ਨੇ ਵਿਸਥਾਰ ਨਾਲ ਸ਼ਹੀਦ ਊਧਮ ਸਿੰਘ ਦੇ ਜੀਵਨ 'ਤੇ ਭਰਪੂਰ ਚਾਨਣਾ ਪਾਇਆ। ਲੇਖਕ ਗੁਰਮੀਤ ਪਲਾਹੀ ਨੇ ਦੇਸ਼ ਦੀ ਅਜ਼ਾਦੀ ਵਿੱਚ ਸ਼ਹੀਦਾਂ ਦੇ ਪਾਏ ਯੋਗਦਾਨ ਬਾਰੇ ਬੋਲਦਿਆਂ ਕਿਹਾ ਕਿ ਪੰਜਾਬੀਆਂ ਨੇ ਸਭ ਤੋਂ ਵੱਧ ਜੰਗੇ ਅਜ਼ਾਦੀ 'ਚ ਸ਼ਹੀਦੀਆਂ ਪ੍ਰਾਪਤ ਕੀਤੀਆਂ, ਜੇਲ੍ਹ ਗਏ ਅਤੇ ਆਰਥਿਕ ਤੰਗੀ ਝੱਲੀ। ਪ੍ਰਧਾਨ ਸੁਖਵਿੰਦਰ ਸਿੰਘ ਨੇ ਸ਼ਹੀਦ ਊਧਮ ਸਿੰਘ ਸ਼ਰਧਾ ਦੇ ਫੁੱਲ ਭੇਟ ਕੀਤੇ।



ਇਸ ਸ਼ਰਧਾਂਜ਼ਲੀ ਸਮਾਗਮ 'ਚ ਖਾਸ ਤੌਰ 'ਤੇ ਮੁੱਖ ਮਹਿਮਾਨ ਵਜੋਂ ਪਹੁੰਚੇ ਸ੍ਰ. ਸੁਖਪਾਲ ਸਿੰਘ ਐਸ.ਐਚ.ਓ. ਸਿਟੀ ਫਗਵਾੜਾ ਨੇ ਕਿਹਾ ਕਿ ਨੌਜਵਾਨਾਂ ਨੂੰ ਸ਼ਹੀਦਾਂ ਦੇ ਦੱਸੇ ਰਾਹ 'ਤੇ ਚੱਲਦਿਆਂ ਦੇਸ਼ ਸੇਵਾ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਪੰਜਾਬੀ ਗਾਇਕ ਮਨਮੀਤ ਮੇਵੀ ਨੇ ਸ਼ਹੀਦ ਭਗਤ ਸਿੰਘ ਸਬੰਧੀ ਗੀਤ ਗਾ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਮੁੱਖ ਸਰਪ੍ਰਸਤ ਸੱਤਪਾਲ ਲਾਂਬਾ, ਪ੍ਰਧਾਨ ਸੁਖਵਿੰਦਰ ਸਿੰਘ,ਬਲਜਿੰਦਰ ਸਿੰਘ ਠੇਕੇਦਾਰ ਕੌਂਸਲਰ,ਬੀਬੀ ਸਰ–ਬਜੀਤ ਕੌਰ ਕੌਂਸਲਰ, ਬਿਕਰਮਜੀਤ ਵਾਲੀਆ, ਡਾ. ਵਿਜੇ ਕੁਮਾਰ, ਹਰਵਿੰਦਰ ਸੈਣੀ, ਪੰਜਾਬੀ ਗਾਇਕ ਮਨਮੀਤ ਮੇਵੀ, ਸਮਾਜ ਸੇਵਕ ਡਾ.ਰਮਨ ਸ਼ਰਮਾ, ਹੈਪੀ ਬਰੋਕਰ,ਡਾ.ਨਰੇਸ਼ ਬਿੱਟੂ,ਆਰ.ਪੀ. ਸ਼ਰਮਾ,ਰਵੀ ਚੌਹਾਨ, ਉਂਕਾਰ ਜਗਦੇਵ, ਪਰਸ ਰਾਮ ਸ਼ਿਵਪੁਰੀ, ਜੁਨੇਸ਼ ਜੈਨ,ਰਣਜੀਤ ਮੱਲ੍ਹਣ, ਡਾ. ਜਗਦੀਸ਼, ਵਿਸ਼ਾਲ ਵਿੱਜ,ਅਨੂਪ ਦੁੱਗਲ, ਬਲਦੀਪ ਸਹੋਤਾ, ਨਿਰਮਲਜੀਤ ਕਾਲਾ, ਜਸਵਿੰਦਰ ਭਗਤਪੁਰਾ, ਕਸ਼ਮੀਰੀ, ਗੁਲਸ਼ਨ ਟਿੱਬੀ, ਮਨਜੀਤ ਰਾਮ, ਕਰਮਜੀਤ ਸਿੰਘ, ਦਮਨਜੀਤ ਸਿੰਘ, ਚਰਨਪ੍ਰੀਤ ਸਿੰਘ, ਬੇਅੰਤ ਸਿੰਘ ਆਦਿ ਹਾਜ਼ਰ ਸਨ।

# ਜਰਨਲਿਸਟ ਪ੍ਰੈਸ ਕਲੱਬ ਦੇ ਅਹੁਦੇਦਾਰਾਂ 'ਤੇ ਦਰਜ ਝੂਠੇ ਪਰਚੇ ਰੱਦ ਕਰਵਾਉਣ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਫਗਵਾੜਾ (ਬੀ.ਕੇ.ਰੱਤੂ)–** ਟੋਲ ਪਲਾਜ਼ਾ ਦੀ ਮਾਫ਼ੀ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਜਰਨਲਿਸਟ ਪ੍ਰੈਸ ਕਲੱਬ (ਰਜਿ.) ਪੰਜਾਬ ਦੇ ਆਗੂਆਂ ਖ਼ਿਲਾਫ਼ ਬੀਤੇ ਦਿਨ ਪੁਲਿਸ ਪ੍ਰਸ਼ਾਸ਼ਨ ਵਲੋਂ ਝੂਠੇ ਤੇ ਬੇਬੁਨਿਆਦ ਪਰਚੇ ਦਰਜ ਕਰਨ ਦੇ ਵਿਰੋਧ 'ਚ ਜਰਨਲਿਸਟ ਪ੍ਰੈਸ ਕਲੱਬ ਫਗਵਾੜਾ ਯੂਨਿਟ ਵਲੋਂ ਇੱਕ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੇ ਨਾਮ ਸਥਾਨਕ ਐਸ.ਡੀ.ਐਮ. ਮੈਡਮ ਜੋਤੀ ਬਾਲਾ ਮੱਟੂ ਰਾਹੀਂ ਭੇਜ ਕੇ ਮੰਗ ਕੀਤੀ ਕਿ ਦਰਜ ਝੂਠੇ ਪਰਚੇ ਤੁਰੰਤ ਰੱਦ ਕੀਤੇ ਜਾਣ ਅਤੇ ਲਾਡੋਵਾਲ ਟੋਲ ਪਲਾਜ਼ਾ ਸਾਰੇ ਪੱਤਰਕਾਰਾਂ ਲਈ ਮਾਫ਼ ਕੀਤਾ ਜਾਵੇ। ਇਸ ਮੌਕੇ ਐਸ.ਡੀ.ਐਮ. ਮੈਡਮ ਜੋਤੀ ਬਾਲਾ ਮੱਟੂ ਨੇ ਕਿਹਾ ਕਿ ਇਹ ਮੰਗ ਤੁਰੰਤ ਮੁੱਖ ਮੰਤਰੀ ਪੰਜਾਬ ਨੂੰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਪ੍ਰਧਾਨ ਰਮਨ ਸ਼ਰਮਾ ਤੇ ਕੇ.ਐਸ.ਨੂਰ ਨੇ ਦੱਸਿਆ ਕਿ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਭਰ 'ਚ ਪੱਤਰਕਾਰਾਂ ਲਈ ਮਾਫ਼ ਕਰ ਦਿੱਤਾ ਹੈ ਅਤੇ ਕੇਵਲ ਲਾਡੋਵਾਲ ਟੋਲ ਪਲਾਜ਼ਾ ਨੂੰ ਛੱਡ ਕੇ ਬਾਕੀ ਸਾਰੇ ਟੋਲ ਪਲਾਜ਼ਿਆਂ 'ਤੇ ਪੱਤਰਕਾਰਾਂ ਨੂੰ ਛੋਟ ਹੈ। ਲਾਡੋਵਾਲ ਟੋਲ ਪਲਾਜ਼ਾ 'ਤੇ ਪੱਤਰਕਾਰਾਂ ਨੂੰ ਜ਼ਬਰੀ ਜ਼ਲੀਲ ਕਰ ਕੇ ਟੋਲ ਟੈਕਸ ਵਸੂਲਿਆ ਜਾਂਦਾ ਹੈ। ਇਸ ਦੇ ਵਿਰੋਧ ਵਿੱਚ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਵਲੋਂ 28 ਜੁਲਾਈ ਨੂੰ ਟੋਲ ਪਲਾਜ਼ਾ ਮਾਫ਼ੀ ਲਈ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਕੀਤਾ ਸੀ। ਪੁਲਿਸ ਪ੍ਰਸ਼ਾਸ਼ਨ ਨੇ ਪੱਤਰਕਾਰਾਂ 'ਤੇ ਝੂਠੇ ਪਰਚੇ ਦਰਜ ਕਰ ਲੋਕਤੰਤਰ ਦੇ ਚੌਥੇ ਥੰਮ ਦਾ ਕਤਲ ਕੀਤਾ ਹੈ। ਜਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਤੇ ਪੁਲਿਸ ਕਮਿਸ਼ਨਰ ਲੁਧਿਆਣਾ ਤੋਂ ਮੰਗ ਕੀਤੀ ਕਿ ਪੱਤਰਕਾਰਾਂ 'ਤੇ ਦਰਜ ਝੂਠੇ ਪਰਚੇ ਰੱਦ ਕੀਤੇ ਜਾਣ ਅਤੇ ਇਸ ਟੋਲ ਪਲਾਜ਼ਾ ਤੋਂ ਪੱਤਰਕਾਰਾਂ ਨੂੰ ਪੱਕੇ ਤੌਰ 'ਤੇ ਰਾਹਤ ਦੁਆਈ ਜਾਵੇ। ਉਨ੍ਹਾਂ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ 15 ਅਗਸਤ ਤੋਂ ਪਹਿਲਾਂ ਪਹਿਲਾਂ ਪੱਤਰਕਾਰਾਂ 'ਤੇ ਦਰਜ ਪਰਚੇ ਰੱਦ ਨਾ ਕੀਤੇ ਗਏ ਤਾਂ ਪ੍ਰੈਸ ਕਲੱਬ 15 ਅਗਸਤ ਨੂੰ ਲਾਡੋਵਾਲ ਟੋਲ ਪਲਾਜ਼ਾ 'ਤੇ ਦੁਬਾਰਾ ਧਰਨਾ ਲਗਾਉਣ ਲਈ ਮਜ਼ਬੂਰ ਹੋਵੇਗੀ ਅਤੇ 15 ਅਗਸਤ ਦੇ ਸਰਕਾਰੀ ਕਵਰੇਜ਼ ਦਾ ਮੁਕੰਮਲ ਬਾਈਕਾਟ ਕਰੇਗੀ।ਇਸ ਮੌਕੇ ਮਨਦੀਪ ਸੰਧੂ, ਕੇ.ਐਸ.ਨੂਰ, ਬੀ.ਕੇ.ਰੱਤੂ,ਹਰਵਿੰਦਰ ਸੈਣੀ,ਪਰਵਿੰਦਰਜੀਤ ਸਿੰਘ, ਮਨਜੀਤ ਰਾਮ, ਗਗਜੀਤ ਸਿੰਘ, ਉਂਕਾਰ ਜਗਦੇਵ, ਸੁਖਵਿੰਦਰ ਸਿੰਘ, ਰਵੀ ਚੌਹਾਨ, ਜਸਵਿੰਦਰ ਭਗਤਪੁਰਾ, ਪਵਿੱਤਰ ਸਿੰਘ ਆਦਿ ਹਾਜ਼ਰ ਸਨ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ

ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਰਿਜ਼ਰਵੇਸ਼ਨ ਦੀ ਪਾਲਸੀ ਨੂੰ ਲਾਗੂ ਨਾ ਕਰਨਾ ਐਕਟ 2006 ਦੀ ਉਲੰਘਣਾ: ਰਾਜੇਸ਼ ਬਾਘਾ

**ਜਲੰਧਰ–** ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ ਨੂੰ ਲਿਖੇ ਪੱਤਰ ਵਿਚ ਕਮਿਸ਼ਨ ਦੇ ਮੈਂਬਰ ਤਰਸੇਮ ਸਿੰਘ ਸਿਆਲਕਾ ਅਤੇ ਪ੍ਰਭਦਿਆਲ ਨੇ ਅਮਰਜੀਤ ਕੌਰ ਸੁਪਰਡੈਂਟ ਗ੍ਰੇਡ–1, ਪੰਜਾਬ ਵਿਧਾਨ ਸਭਾ ਵੱਲੋਂ ਆਪਣੀ ਦਿੱਤੀ ਸ਼ਿਕਾਇਤ ਵਿਚ ਲਿਖਿਆ ਹੈ ਕਿ ਸਰਕਾਰ ਦੀ ਰਿਜ਼ਰਵੇਸ਼ਨ ਨੀਤੀ ਦੇ ਸਾਹਮਣੇ ਜੋ ਅਧੀਨ ਸੈਕਰੇਟਰੀ ਦੀ ਆਸਾਮੀ (ਜੋ ਗੁਰਮਲ ਸਿੰਘ ਅਧੀਨ ਸੈਕਟਰੀ ਵੱਲੋਂ 31 ਮਾਰਚ 2017 ਨੂੰ ਖਾਲੀ ਕੀਤੀ ਗਈ ਸੀ) ਤੇ ਅਮਰਜੀਤ ਕੌਰ ਨੂੰ ਤਰੱਕੀ ਦੇਣ ਦੀ ਬੇਨਤੀ ਕੀਤੀ ਹੈ। ਉਹਨਾਂ ਨੇ ਦੱਸਿਆ ਕਿ ਉਪਰੋਕਤ ਵਿਸ਼ੇ ਸਬੰਧੀ ਸ਼ਿਕਾਇਤ ਦੀ ਪੜਤਾਲ ਦੇ ਲਈ ਚੇਅਰਮੈਨ ਰਾਜੇਸ਼ ਬਾਘਾ ਦੀ ਵੱਲੋਂ ਸਰਕਾਰੀ ਮੈਂਬਰਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿਚ ਤਰਸੇਮ ਸਿੰਘ ਸਿਆਲਕਾ ਤੇ ਪ੍ਰਭਦਿਆਲ ਸ਼ਾਮਲ ਕੀਤੇ ਗਏ। 24 ਮਈ 2017 ਨੂੰ ਪੜਤਾਲ ਸਬੰਧੀ ਸ਼ਿਕਾਇਤਕਰਤਾ ਨੂੰ ਪੱਤਰ ਲਿਖਿਆ ਗਿਆ ਸੀ ਕਿ ਉਹ 7 ਜੂਨ ਨੂੰ ਕਮਿਸ਼ਨ ਦੇ ਮੈਂਬਰਾਂ ਦੇ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰੇ। ਇਸ 'ਤੇ ਉਹਨਾਂ ਨੇ ਆਪਣਾ ਪੱਖ ਲਿਖਤੀ ਤੌਰ ਤੇ ਪੇਸ਼ ਕੀਤਾ। ਉਸ ਦਿਨ ਵਿਰੋਧੀ ਪੱਖ (ਪੰਜਾਬ ਵਿਧਾਨ ਸਭਾ ਸਕੱਤਰ) ਨੂੰ ਪੱਤਰ ਲਿਖਿਆ ਗਿਆ ਕਿ ਉਹ 14 ਜੂਨ 2017 ਨੂੰ ਕਮਿਸ਼ਨ ਦੇ ਮੈਂਬਰਾਂ ਦੇ ਸਾਹਮਣੇ ਪੇਸ਼ ਹੋ ਕੇ ਆਪਣੀ ਸ਼ਿਕਾਇਤ ਅਤੇ ਆਪਣਾ ਪੱਖ ਪੇਸ਼ ਕਰੇ।



ਕਮਿਸ਼ਨ ਨੇ ਪੰਜਾਬ ਵਿਧਾਨ ਸਭਾ ਵੱਲੋਂ ਸੁਪਰਡੈਂਟ ਗ੍ਰੇਡ–1 ਕਾਡਰ ਦੀ ਸੀਨੀਅਰਤਾ ਸੂਚੀ ਦੇਖੀ, ਜਿਸ ਵਿਚ ਅਮਰਜੀਤ ਕੌਰ ਹੀ ਤਰੱਕੀ ਦੀ ਹੱਕਦਾਰ ਸੀ। ਸਰਕਾਰ ਵੱਲੋਂ ਵਕਤ–ਵਕਤ ਤੇ ਰਿਜ਼ਰਵੇਸ਼ਨ ਦੇ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਜਿਸ ਮੁਤਾਬਕ ਗੁਰਮੇਜ ਸਿੰਘ ਅਧੀਨ ਸਕੱਤਰ ਜੋ ਅਨੁਸੂਚਿਤ ਜਾਤੀ ਨਾਲ ਸਬੰਧਤ ਸਨ, ਦੇ 31 ਮਾਰਚ ਨੂੰ ਰਿਟਾਇਰ ਹੋਣ ਤੋਂ ਬਾਅਦ ਅਧੀਨ ਸੈਕਟਰੀ ਦੀ ਖਾਲੀ ਹੋਈ ਅਸਾਮੀ 'ਤੇ ਅਨੁਸੂਚਿਤ ਜਾਤੀ ਦੇ ਕਰਮਚਾਰੀ ਨੂੰ ਹੀ ਸਰਕਾਰ ਦੀ ਪਾਲਸੀ ਮੁਤਾਬਕ ਤਰੱਕੀ ਮਿਲਣੀ ਚਾਹੀਦੀ ਹੈ ਅਤੇ ਸ਼ਿਕਾਇਤ ਕਰਤਾ ਅਮਰਜੀਤ ਕੌਰ ਉਪਰੋਕਤ ਤਰੱਕੀ ਦੀ ਯੋਗਤਾ ਪੂਰੀ ਕਰਦੀ ਹੈ। ਕਮੇਟੀ ਇਹ ਵੀ ਮਹਿਸੂਸ ਕਰਦੀ ਹੈ ਕਿ ਰਾਜ ਦੀ ਰਿਜ਼ਰਵੇਸ਼ਨ ਪਾਲਸੀ ਦੀ ਪਾਲਣਾ ਨਾ ਕਰਨਾ ਵੀ ਐਕਟ 2006 ਦੀ ਉਲੰਘਣਾ ਹੈ।

# 178 ਸਾਲਾਂ ਬਾਅਦ ਸ਼ੇਰ-ਏ-ਪੰਜਾਬ ਦੀ ਸਮਾਧ ਲਾਗਿਓਂ ਰਾਣੀਆਂ ਦਾਸੀਆਂ ਦੀਆਂ ਸਮਾਧਾਂ ਹਟਾਈਆਂ

**ਲਾਹੌਰ –** ਸ਼ੇਰ–ਏ–ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਤੀ ਹੋਣ ਵਾਲੀਆਂ ਰਾਣੀਆਂ ਦਾਸੀਆਂ, ਕਬੂਤਰਾਂ ਦੇ ਜੋੜੇ ਦੀਆਂ ਸਮਾਧਾਂ 178 ਸਾਲ ਪੁਰਾਣੀ ਥਾਂ ਤੋਂ ਹਟਾ ਦਿੱਤੀਆਂ ਗਈਆਂ ਹਨ। ਇਹ ਸਮਾਧਾਂ ਹੁਣ ਪ੍ਰਦਰਸ਼ਨੀ ਲਈ ਲਾਹੌਰ ਸ਼ਾਹੀ ਕਿਲੇ ਦੀ ਸਿੱਖ ਗੈਲਰੀ ਵਿਚ ਰੱਖ ਦਿੱਤੀਆਂ ਜਾਣਗੀਆਂ। ਲੰਬੀ ਚੱਲੀ ਬਿਮਾਰੀ ਦੇ ਬਾਅਦ ਦਿਹਾਂਤ ਹੋਣ 'ਤੇ ਅਗਲੇ ਦਿਨ ਉਨ੍ਹਾਂ ਦਾ ਸਸਕਾਰ ਲਾਹੌਰ ਸ਼ਾਹੀ ਕਿਲ੍ਹੇ ਦੇ ਸਾਹਮਣੇ ਮੌਜੂਦ ਗੁਰਦੁਆਰਾ ਡੇਹਰਾ ਸਾਹਿਬ ਨੇੜੇ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਮਹਾਰਾਜਾ ਦਾ ਸੋਨੇ ਦਾ ਬਣਿਆ ਬਿਬਾਣ ਬੜੀ ਸ਼ਾਨੋ–ਸ਼ੌਕਤ ਨਾਲ ਸ਼ਾਹੀ ਕਿਲ੍ਹੇ ਦੇ ਸਾਹਮਣੇ ਮੌਜੂਦ ਹਜ਼ੂਰੀ ਬਾਗ਼ ਦੇ ਪੱਛਮੀ ਦਰਵਾਜ਼ੇ ਰਾਹੀ ਦਰਿਆ ਰਾਵੀ ਦੇ ਕੰਢੇ ਮੌਜੂਦਾ ਸਮਾਧ ਵਾਲੇ ਸਥਾਨ 'ਤੇ ਲਿਜਾਇਆ ਗਿਆ, ਜਿੱਥੇ ਚੰਦਨ ਦੀ ਚਿਤਾ 'ਤੇ ਮਹਾਰਾਜਾ ਦੀ ਦੇਹ ਦੇ ਸਿਰਹਾਣੇ ਰਾਣੀ ਹਰਿਦਈ (ਰਾਣੀ ਗੁੱਡਾ), ਰਾਣੀ ਰਾਜ ਦੇਵੀ, ਰਾਣੀ ਦੇਵਨੁ ਤੇ ਰਾਣੀ ਮਹਿਤਾਬ ਦੇਵੀ ਸਹਿਤ ਸੱਤ ਦਾਸੀਆਂ, ਰੇਣ ਚੰਨੋ ਜਮਾਦਾਰਨੀ, ਬਦਾਮੋਂ, ਸੂਬੀ, ਚੰਨੋ, ਜੋਵਾਹਰੋ, ਨਾਮੋ ਕਾਲੀ ਅਤੇ ਭਾਨੀ ਬੈਠ ਗਈਆਂ। ਸਹਿਜ਼ਾਦਾ ਖੜਕ ਸਿੰਘ ਵਲੋਂ ਲਾਂਬੂ ਲਾਏ ਜਾਣ 'ਤੇ ਜਦੋਂ ਚਿਤਾ ਉੱਪਰ ਘਿਓ, ਸੁਗੰਧੀਆਂ, ਇਤਰ ਫੁਲੇਲ ਛਿੜਕੇ ਗਏ ਤਾਂ ਉਸ ਨਾਲ ਅੱਗ ਦੇ ਲਾਂਬੂ ਅਸਮਾਨ ਨੂੰ ਛੂਹਣ ਲੱਗੇ। ਲਾਂਬੂ ਇੰਨੇ ਉੱਚੇ ਸਨ ਕਿ ਇਕ ਉੱਡਦਾ ਹੋਇਆ ਕਬੂਤਰਾਂ ਦਾ ਜੋੜਾ ਵੀ ਉਸ ਦੀ ਲਪੇਟ ਵਿਚ ਆ ਗਿਆ ਅਤੇ ਮਹਾਰਾਜਾ ਦੀ ਚਿਤਾ ਦੀ ਅੱਗ ਵਿਚ ਭਸਮ ਹੋ ਗਿਆ।

ਸਹਿਜ਼ਾਦਾ ਖੜਕ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ ਉਪਰੋਕਤ ਸਸਕਾਰ ਵਾਲੇ ਸਥਾਨ 'ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਸਹਿਤ ਉਨ੍ਹਾਂ ਨਾਲ ਸਤੀ ਹੋਣ ਵਾਲੀਆਂ ਰਾਣੀਆਂ ਤੇ ਕਬੂਤਰਾਂ ਦੇ ਜੋੜੇ ਦੀ ਸਮਾਧ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਪਰ ਖੜਕ ਸਿੰਘ ਦਾ ਜਲਦੀ ਬਾਅਦ ਦਿਹਾਂਤ ਹੋਣ 'ਤੇ ਉਸਾਰੀ ਦਾ ਬਾਕੀ ਰਹਿੰਦਾ ਕੁਝ ਕੰਮ ਮਹਾਰਾਜਾ ਸ਼ੇਰ ਸਿੰਘ ਤੇ ਬਾਕੀ ਅੰਗਰੇਜ਼ੀ ਸ਼ਾਸਨ ਦੇ ਸਮੇਂ ਮੁਕੰਮਲ ਕਰਵਾਇਆ ਗਿਆ। ਉਪਰੋਕਤ ਰਾਣੀਆਂ ਦੀਆਂ ਸਮਾਧਾਂ ਕਮਲ ਦੇ ਫ਼ੁੱਲ ਦੇ ਡਿਜ਼ਾਈਨ ਵਾਲੀਆਂ ਤੇ ਦਾਸੀਆਂ ਤੇ ਕਬੂਤਰਾਂ ਦੇ ਜੋੜੇ ਦੀ ਸਮਾਧ ਸਫ਼ੈਦ ਸੰਗਮਰਮਰ ਨਾਲ ਗੁਲਾਈ ਵਿਚ ਬਣਾਈਆਂ ਗਈਆਂ ਹਨ। ਸ਼ਾਹੀ ਕਿਲ੍ਹੇ ਦੇ ਰੌਸ਼ਨਾਈ ਦਰਵਾਜ਼ੇ ਦੇ ਬਾਹਰ ਬਾਦਸ਼ਾਹੀ ਮਸੀਤ ਦੀ ਪੂਰਬੀ ਕੰਧ ਵਲ ਹਿੰਦੂ ਮੁਸਲਿਮ ਆਰਕੀਟੈਕਚਰ ਦੀ ਸੁਮੇਲ ਮਹਾਰਾਜਾ ਰਣਜੀਤ ਸਿੰਘ ਦੀ ਉਪਰੋਕਤ ਦੋ ਮੰਜ਼ਿਲਾਂ ਸਮਾਧ ਦੇ ਪਾਸ ਹੀ ਮਹਾਰਾਜਾ ਦੇ ਨਾਲ ਸਤੀ ਹੋਣ ਵਾਲੀਆਂ ਰਾਣੀਆਂ, ਦਾਸੀਆਂ ਤੇ ਕਬੂਤਰਾਂ ਦੇ ਜੋੜੇ ਦੀ ਸਮਾਧਾਂ ਕਰੀਬ 178 ਵਰ੍ਹੇ ਤਕ ਪੁਰਾਣੀ ਹਾਲਤ ਵਿਚ ਕਾਇਮ ਰਹੀਆਂ ਪਰ ਹੁਣ ਇਹ ਸਮਾਧਾਂ ਉੱਥੋਂ ਉਖਾੜ ਕੇ ਸਮਾਧ ਦੇ ਹੇਠਾਂ ਬਣੇ ਸਟੋਰ ਵਿਚ ਰੱਖ ਦਿੱਤੀਆਂ ਗਈਆਂ ਹਨ। ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਪਰੋਕਤ ਸਮਾਧਾਂ ਦੇ ਪਾਸ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਾਲੇ ਸਥਾਨ 'ਤੇ ਮਹਾਰਾਜੇ ਦੀ ਬਰਸੀ ਮੌਕੇ ਰੱਖੇ ਜਾਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ 'ਤੇ ਭਾਰਤੀ ਸਿੱਖ ਸੰਗਤ ਵੱਲੋਂ ਇਤਰਾਜ਼ ਜ਼ਾਹਰ ਕਰਦਿਆਂ ਉਪਰੋਕਤ ਸਮਾਧਾਂ ਨੂੰ ਉੱਥੋਂ ਹਟਾਉਣ ਦੀ ਮੰਗ ਕੀਤੀ ਜਾਂਦੀ ਰਹੀ ਹੈ ਜਿਸ ਕਾਰਨ ਉਪਰੋਕਤ ਸਮਾਧਾਂ ਨੂੰ ਉੱਥੋਂ ਹਟਾਇਆ ਗਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਹੁਣ ਉਪਰੋਕਤ ਸਮਾਧਾਂ ਨੂੰ ਲਾਹੌਰ ਸ਼ਾਹੀ ਕਿਲ੍ਹੇ ਵਿਚ ਮੌਜੂਦ ਸਿੱਖ ਗੈਲਰੀ ਵਿਚ ਪ੍ਰਦਰਸ਼ਨੀ ਹਿਤ ਸ਼ਾਮਲ ਕੀਤਾ ਜਾਵੇਗਾ।




ਇਥੇ ਇਹ ਵੀ ਵਰਨਣਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਮੁੱਖ ਦਰਵਾਜ਼ੇ 'ਤੇ ਗਣੇਸ਼ ਜੀ, ਲਕਸ਼ਮੀ ਜੀ ਤੇ ਦੇਵੀ ਸਰਸਵਤੀ ਦੀਆਂ ਮੂਰਤੀਆਂ ਉੱਕਰੀਆਂ ਹੋਈਆ ਹਨ ਅਤੇ ਅੰਦਰ ਦੀਵਾਰਾਂ 'ਤੇ ਸ਼ੀਸ਼ੇ ਦੀ ਖ਼ੂਬਸੂਰਤ ਮੀਨਾਕਾਰੀ ਕੀਤੀ ਗਈ ਹੈ। ਇਸ ਦੇ ਨਾਲ ਹੀ ਸਮਾਧ ਦੀ ਓਪਰੀ ਮੰਜ਼ਿਲ ਵਿਚ ਦੀਵਾਰਾਂ 'ਤੇ ਬਣੇ 24 ਤੇਲ ਚਿੱਤਰਾਂ ਵਿਚੋਂ 16 ਕ੍ਰਿਸ਼ਨ ਲੀਲ੍ਹਾ ਦੇ, ਦੋ ਰਾਮ ਦਰਬਾਰ, ਪੰਜ ਮੁਗ਼ਲ ਦਰਬਾਰ ਦੇ ਅਤੇ ਇਕ ਵੈਸ਼ਨੋ ਦੇਵੀ ਦਾ ਅੱਜ ਵੀ ਮੌਜੂਦ ਹਨ ਤੇ ਪਾਕਿ ਪੁਰਾਤਤਵ ਵਿਭਾਗ ਵੱਲੋਂ ਉਨ੍ਹਾਂ ਦੀ ਮੁਰੰਮਤ ਕਰਵਾਈ ਗਈ ਹੈ, ਜਦੋਂ ਕਿ ਸਮਾਧ ਦੀ ਹੇਠਲੀ ਮੰਜ਼ਿਲ ਵਿਚ ਇਕ–ਦੋ ਚਿੱਤਰ ਹੀ ਸਾਬਤ ਬਚੇ ਹਨ।

# ਦੇਸ਼ ਭਗਤ ਕਮੇਟੀ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜ਼ਲੀਆਂ



**ਜਲੰਧਰ –** ਗ਼ਦਰ ਲਹਿਰ, ਜੱਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕਤਾ ਅਤੇ ਸ਼ਹੀਦ ਭਗਤ ਸਿੰਘ ਦੇ ਸਮਕਾਲੀ ਸੰਗੀ–ਸਾਥੀ, ਆਜ਼ਾਦੀ, ਜਮਹੂਰੀਅਤ ਅਤੇ ਨਿਆਂਸ਼ੀਲ ਪ੍ਰਬੰਧ ਵਾਲਾ ਨਵਾਂ ਨਿਜ਼ਾਮ ਸਿਰਜਣ ਦੀ ਸੋਚ ਨੂੰ ਆਖਰੀ ਦਮ ਤੱਕ ਬੁਲੰਦ ਰੱਖਦਿਆਂ 31 ਜੁਲਾਈ 1940 ਨੂੰ ਲੰਡਨ ਵਿਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਊਧਮ ਸਿੰਘ ਨੂੰ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਰਧਾਂਜ਼ਲੀਆਂ ਅਰਪਤ ਕੀਤੀਆਂ ਗਈਆਂ। ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਊਧਮ ਸਿੰਘ ਯਾਦਗਾਰੀ ਸ਼ਰਧਾਂਜ਼ਲੀ ਸਭਾ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ ਅਤੇ ਚਰੰਜੀ ਲਾਲ ਕੰਗਣੀਵਾਲ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਕਿਹਾ ਕਿ ਸਾਡੇ ਮੁਲਕ ਨੂੰ ਬਦੇਸ਼ੀ ਅਤੇ ਦੇਸੀ ਹਰ ਵੰਨਗੀ ਦੀ ਗ਼ੁਲਾਮੀ ਤੋਂ ਮੁਕਤ ਕਰਾਕੇ ਸੱਚੇ ਅਰਥਾਂ 'ਚ ਆਜ਼ਾਦੀ ਹਾਸਲ ਕਰਨ ਲਈ ਸਭ ਕੁੱਝ ਵਾਰਨ ਵਾਲੇ ਕੂਕਾ ਲਹਿਰ, ਗ਼ਦਰੀ, ਬੱਬਰ ਅਕਾਲੀ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਦੀ ਮਾਣ–ਮੱਤੀ ਲੜੀ ਦਾ ਨਗ਼ੀਨਾ ਸੀ; ਸ਼ਹੀਦ ਊਧਮ ਸਿੰਘ। ਉਹਨਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ ਅਤੇ ਮਿਊਜ਼ੀਅਮ 'ਚ ਮੌਜੂਦ ਊਧਮ ਸਿੰਘ ਦੇ ਇਤਿਹਾਸਕ ਦਸਤਾਵੇਜ਼, ਚਿੱਠੀਆਂ, ਅਦਾਲਤੀ ਹਲਫ਼ੀਆ ਬਿਆਨ, ਵਾਰਸ ਸ਼ਾਹ ਦੀ ਰਚਨਾ 'ਹੀਰ' ਦੀ ਪੁਸਤਕ ਜਿਸ ਉਪਰ ਊਧਮ ਸਿੰਘ ਦੇ ਦਸਤਖਤ ਹਨ; ਜਿਸ 'ਤੇ ਹੱਥ ਰੱਖਕੇ ਉਸਨੇ ਅਦਾਲਤ ਵਿੱਚ ਸੱਚੋ ਸੱਚ ਬਿਆਨਣ ਦੀ ਸਹੁੰ ਚੁੱਕੀ ਸੀ; ਉਹ ਮੂੰਹ ਬੋਲਦੇ ਪ੍ਰਮਾਣ ਗਵਾਹ ਹਨ ਕਿ ਊਧਮ ਸਿੰਘ ਬਦਲਾ ਲੈਣ ਦੀ ਬਜਾਏ ਅਸਲ 'ਚ ਸਮਾਜਕ ਬਦਲਾਅ ਨੂੰ ਪਰਨਾਈ ਕਰਾਂਤੀ ਦੀ ਜਗਦੀ ਮਸ਼ਾਲ ਸੀ।

ਉਹ ਹਰ ਵੰਨਗੀ ਦੀ ਫ਼ਿਰਕਾਪ੍ਰਸਤੀ, ਜਾਤ–ਪਾਤ, ਅੰਧਵਿਸ਼ਵਾਸ ਆਦਿ ਤੋਂ ਕਿਤੇ ਉੱਚਾ ਉੱਠ ਕੇ ਦੱਬੀ ਕੁਚਲੀ ਕੌਮ ਦੀ ਆਜ਼ਾਦੀ ਅਤੇ ਮਿਹਨਤਕਸ਼ ਲੋਕਾਂ ਦੀ ਮੁਕਤੀ ਦਾ ਸੂਹਾ ਚਿੰਨ੍ਹ ਸੀ। ਉਸਦੀ ਇਸ ਲਾਸਾਨੀ ਸੋਚ ਦੀ ਗਵਾਹੀ ਉਸ ਵੱਲੋਂ ਕੀਤੇ ਦਸਤਖਤਾਂ ਤੋਂ ਮਿਲਦੀ ਹੈ ਜਦੋਂ ਉਹ ਆਪਣਾ ਨਾਂਅ 'ਮੁਹੰਮਦ ਸਿੰਘ ਆਜ਼ਾਦ' ਲਿਖਦੇ ਹਨ।

ਸ਼ਰਧਾਂਜ਼ਲੀ ਸਭਾ 'ਚ ਪਾਸ ਮਤਿਆਂ 'ਚ ਕਿਹਾ ਗਿਆ ਹੈ ਕਿ ਊਧਮ ਸਿੰਘ ਵਰਗੇ ਅਮਰ ਸ਼ਹੀਦਾਂ ਦੀ ਧਰਤੀ ਉਪਰ ਹੁਣ ਜਿਵੇਂ ਲਿਖਣ, ਬੋਲਣ ਦੀ ਆਜ਼ਾਦੀ ਖੋਹਣ ਲਈ ਧਾਰਾ 295–ਏ ਵਰਗੀਆਂ ਧਾਰਾਵਾਂ ਮੜ੍ਹੀਆਂ ਜਾ ਰਹੀਆਂ ਹਨ। ਲੇਖਕਾਂ, ਬੁੱਧੀਜੀਵੀਆਂ, ਕਵੀਆਂ, ਸਾਹਿਤਕਾਰਾਂ, ਤਰਕਸ਼ੀਲਾਂ, ਵਿਗਿਆਨਕ, ਜਮਹੂਰੀ ਅਤੇ ਇਨਕਲਾਬੀ ਸੋਚ ਦੇ ਧਾਰਨੀਆਂ ਦੀ ਜ਼ੁਬਾਨਬੰਦੀ ਲਈ ਜਿਵੇਂ ਧਮਕੀਆਂ ਦੇਣ, ਸਮਾਗਮ ਬੰਦ ਕਰਾਉਣ, ਗਾਲੀ ਗਲੋਚ ਕਰਨ, ਕਵਿਤਾਵਾਂ, ਨਾਵਲਾਂ, ਚਿੱਤਰ ਕਲਾਵਾਂ ਉਪਰ ਪਾਬੰਦੀ ਮੜ੍ਹਨ, ਜੇਲ੍ਹਾਂ 'ਚ ਸੁੱਟਣ ਅਤੇ ਜਾਨੋਂ ਮਾਰਨ ਵਰਗਾ ਜੋ ਸਿਲਸਿਲਾ ਤੇਜ਼ ਕੀਤਾ ਗਿਆ ਹੈ, ਖਾਸ ਕਰਕੇ ਸੋਸ਼ਲ ਮੀਡੀਆ ਉਪਰ ਜੋ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਇਸ ਗੰਧਲੇ ਮਾਹੌਲ ਨੂੰ ਬਦਲਣ ਲਈ ਸ਼ਹੀਦ ਊਧਮ ਸਿੰਘ ਦੇ ਹਕੀਕੀ ਵਾਰਸਾਂ ਨੂੰ ਆਪਣੀ ਸਾਂਝੀ ਵਿਰਾਸਤ ਨੂੰ ਸੰਭਾਲਣ ਅਤੇ ਅਗੇਰੇ ਤੋਰਨ ਲਈ ਮਿਲਕੇ ਆਵਾਜ਼ ਉਠਾਉਣ ਦੀ ਲੋੜ ਹੈ।

# ਨੌਜਵਾਨਾਂ ਨੂੰ ਦੀਵਾਲੀ 'ਤੇ ਸਮਾਰਟਫੋਨ ਦੇਵੇਗੀ ਕੈਪਟਨ ਸਰਕਾਰ

ਚੰਡੀਗੜ੍ਹ – ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਨੌਜਵਾਨ ਵਰਗ ਨੂੰ 50 ਲੱਖ 4ਜੀ ਸਮਾਰਟਫੋਨ ਦੇਣ ਦਾ ਐਲਾਨ ਕੀਤਾ ਸੀ ਤਾਂ ਕਈਆਂ ਵੱਲੋਂ ਇਸ ਚੋਣ ਵਾਅਦੇ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਗਿਆ ਸੀ। ਪਰ ਕੈਪਟਨ ਨੇ ਆਪਣੇ ਇਸ ਚੋਣ ਵਾਅਦੇ ਨੂੰ ਰਿਲਾਇੰਸ ਜੀਓ ਦੀ ਨਵੀਂ ਬਿਜ਼ਨਸ ਯੋਜਨਾ ਨਾਲ ਜੋੜ ਦਿੱਤਾ ਹੈ ਅਤੇ ਕਾਂਗਰਸ ਸਰਕਾਰ ਵੱਲੋਂ ਨਾਂ ਦਰਜ ਕਰਾਉਣ ਵਾਲੇ ਨੌਜਵਾਨਾਂ ਨੂੰ ਦੀਵਾਲੀ ਤੋਂ ਸਮਾਰਟਫੋਨ ਵੰਡੇ ਜਾਣਗੇ। ਅਧਿਕਾਰਤ ਸੂਤਰਾਂ ਮੁਤਾਬਕ ਸੂਬੇ ਭਰ ਵਿੱਚ ਸ਼ੁਰੂ ਵਿੱਚ ਪੰਜ ਲੱਖ ਫੋਨ ਵੰਡੇ ਜਾਣਗੇ।

ਰਿਲਾਇੰਸ ਜੀਓ ਨੇ 1500 ਰੁਪਏ ਵਿੱਚ ਨਵਾਂ 4ਜੀ ਸਮਾਰਟਫੋਨ ਲਾਂਚ ਕਰਨ ਦਾ ਐਲਾਨ ਕੀਤਾ ਸੀ। ਇਹ ਰਾਸ਼ੀ ਵੀ ਤਿੰਨ ਸਾਲਾਂ ਬਾਅਦ ਮੋੜੀ ਜਾਣੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੂਬਾਈ ਸਰਕਾਰ ਵੱਲੋਂ ਇਕ ਸਮਝੌਤੇ 'ਤੇ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਤਹਿਤ ਕੰਪਨੀ ਨੂੰ ਪ੍ਰਤੀ ਫੋਨ 1500 ਰੁਪਏ ਵੀ ਨਹੀਂ ਦੇਣੇ ਪੈਣੇ। ਸਰਕਾਰ ਵੱਲੋਂ ਇਸ ਸਬੰਧੀ ਬਜਟ ਵਿੱਚ ਦਸ ਕਰੋੜ ਰੁਪਏ ਰੱਖੇ ਗਏ ਹਨ ਅਤੇ ਇਸ ਰਾਸ਼ੀ ਨੂੰ ਫੋਨਾਂ ਦੀ ਢੋਆ–ਢੁਆਈ ਲਈ ਵਰਤਿਆ ਜਾ ਸਕਦਾ ਹੈ।

ਜਾਣਕਾਰੀ ਮੁਤਾਬਕ ਇਹ ਸਮਾਰਟਫੋਨ, ਜੋ ਚੀਨ ਵਿੱਚ ਤਿਆਰ ਹੋ ਰਹੇ ਹਨ, ਭਾਰਤ ਵਿੱਚ ਸਤੰਬਰ ਦੇ ਆਸ–ਪਾਸ ਆਉਣਗੇ। ਦੱਸਣਯੋਗ ਹੈ ਕਿ ਪੰਜਾਬ ਭਰ ਦੇ ਤਕਰੀਬਨ 30 ਲੱਖ ਨੌਜਵਾਨਾਂ ਨੇ ਸਮਾਰਟਫੋਨ ਲੈਣ ਲਈ ਨਾਂ ਦਰਜ ਕਰਾਇਆ ਹੈ।

# ਅਜ਼ਾਦੀ ਤੋਂ ਪਹਿਲਾਂ ਜੰਗਾਂ 'ਚ ਜ਼ਖਮੀ ਫੌਜੀਆਂ ਨੂੰ ਪੈਨਸ਼ਨ ਦੇਣ ਦਾ ਹੁਕਮ

**ਨਵੀਂ ਦਿੱਲੀ –** ਆਰਮਡ ਫੋਰਸਜ਼ ਟ੍ਰਿਬਿਊਨਲ ਨੇ 94 ਸਾਲਾ ਜੰਗੀ ਫੌਜੀ ਨੂੰ ਰਾਹਤ ਦਿੰਦਿਆਂ ਆਦੇਸ਼ ਦਿੱਤਾ ਕਿ ਆਜ਼ਾਦੀ ਤੋਂ ਪਹਿਲਾਂ ਜੰਗਾਂ 'ਚ ਜ਼ਖਮੀ ਹੋਏ ਫੌਜੀਆਂ ਨੂੰ ਜੰਗ ਦੌਰਾਨ ਜ਼ਖਮੀ ਹੋਣ ਦੀ ਪੈਨਸ਼ਨ ਦਿੱਤੀ ਜਾਵੇ । ਫੌਜੀ ਅਦਾਲਤ ਨੇ ਇਹ ਫੈਸਲਾ ਸੁਣਾਉਂਦੇ ਹੋਏ ਇਕ ਅਜਿਹੇ ਅੰਗਹੀਣ ਫੌਜੀ ਦੀ ਸ਼ਿਕਾਇਤ ਦੂਰ ਕੀਤੀ ਹੈ, ਜੋ ਦੂਸਰੇ ਵਿਸ਼ਵ ਯੁੱਧ ਦੌਰਾਨ ਜ਼ਖਮੀ ਹੋ ਗਿਆ ਸੀ । ਅਮਰ ਸਿੰਘ ਨੇ ਆਰਮਡ ਫੋਰਸਜ਼ ਟ੍ਰਿਬਿਊਨਲ ਦੀ ਚੰਡੀਗੜ੍ਹ ਬੈਂਚ 'ਚ ਪਟੀਸ਼ਨ ਦਾਖਲ ਕਰਕੇ ਕਿਹਾ ਸੀ ਕਿ ਦੂਸਰੇ ਵਿਸ਼ਵ ਯੁੱਧ 'ਚ ਜ਼ਖਮੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਰੈਗੂਲਰ ਅੰਗਹੀਣ ਪੈਨਸ਼ਨ ਦਿੱਤੀ ਜਾ ਰਹੀ ਹੈ, ਜੋ ਸੇਵਾ ਦੌਰਾਨ ਹੋਏ ਬਲੱਡ ਪ੍ਰੈਸ਼ਰ ਤੇ ਦਿਲ ਦੇ ਰੋਗਾਂ ਵਰਗੀਆਂ ਆਮ ਬਿਮਾਰੀਆਂ ਦੇ ਮਾਮਲੇ 'ਚ ਦਿੱਤੀ ਜਾਂਦੀ ਹੈ, ਪਰ ਮੈਨੂੰ ਜੰਗ ਦੌਰਾਨ ਜ਼ਖਮੀ ਹੋਣ ਦੀ ਪੈਨਸ਼ਨ ਨਹੀਂ ਦਿੱਤੀ ਜਾ ਰਹੀ । ਇਸ 'ਤੇ ਟ੍ਰਿਬਿਊਨਲ ਨੇ ਕਿਹਾ ਕਿ ਵੱਖ–ਵੱਖ ਜੰਗਾਂ ਦੌਰਾਨ ਜ਼ਖਮੀਆਂ 'ਚ ਭੇਦਭਾਵ ਨਹੀਂ ਕੀਤਾ ਜਾ ਸਕਦਾ । ਬੈਂਚ ਨੇ ਅਮਰ ਸਿੰਘ ਨੂੰ ਜਨਵਰੀ 1996 ਤੋਂ ਜੰਗ ਦੌਰਾਨ ਜ਼ਖਮੀ ਹੋਣ ਦੀ ਪੈਨਸ਼ਨ ਦੇਣ ਨੂੰ ਕਿਹਾ ਤੇ ਨਿਰਦੇਸ਼ ਦਿੱਤਾ ਕਿ ਸਰਕਾਰ ਅਜਿਹੇ ਦੂਸਰੇ ਫੌਜੀਆਂ ਦੀ ਪਹਿਚਾਣ ਕਰਕੇ ਬਿਨਾ ਪਟੀਸ਼ਨ ਲਾਭ ਦੇਵੇ।



# ਪੜ੍ਹਾਈ ਵਿੱਚ ਮੱਲ੍ਹਾਂ ਮਾਰਨ ਵਾਲੇ ਦਲਿਤ ਵਿਦਿਆਰਥੀਆਂ ਦਾ ਸਨਮਾਨ

**ਸੰਗਰੂਰ (ਕੁਲਵੰਤ ਸਿੰਘ ਟਿੱਬਾ)–** ਬਹੁਜਨ ਸਮਾਜ ਪਾਰਟੀ ਦੇ ਸੂਬਾਈ ਜਨਰਲ ਸਕੱਤਰ ਡਾ. ਮੱਖਣ ਸਿੰਘ (ਸੇਵਾਮੁਕਤ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਪੰਜਾਬ) ਅਤੇ ਬਸਪਾ ਦੇ ਜੋਨ ਲੁਧਿਆਣਾ ਦੇ ਇੰਚਾਰਜ ਚਮਕੌਰ ਸਿੰਘ ਵੀਰ (ਸੇਵਾਮੁਕਤ ਪੀਸੀਐੱਸ ਅਧਿਕਾਰੀ) ਦੀ ਸਾਂਝੀ ਅਗਵਾਈ ਹੇਠ ਸ਼ੇਰਪੁਰ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਪਿੰਡ ਗੁਰ–ਬਖਸਪੁਰਾ ਦੀਆਂ ਦੋ ਸਕੀਆਂ ਭੈਣਾਂ ਅੰਮ੍ਰਿਤਪਾਲ ਕੌਰ ਅਤੇ ਪ੍ਰਨੀਤ ਕੌਰ ਪੁੱਤਰੀਆਂ ਹਰਬੰਸ ਸਿੰਘ ਨੂੰ ਪੜ੍ਹਾਈ ਵਿੱਚ ਮੱਲ੍ਹਾਂ ਮਾਰਨ ਬਦਲੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬਸਪਾ ਆਗੂ ਡਾ. ਮੱਖਣ ਸਿੰਘ ਨੇ ਸਨਮਾਨਿਤ ਲੜਕੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਸਮਾਜ ਦੇ ਲੜਕੇ ਲੜਕੀਆਂ ਨੂੰ ਪੜ੍ਹਾਈ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੋ ਅਧਿਕਾਰ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਵੱਲੋਂ ਦਿੱਤੇ ਗਏ ਹਨ, ਉਨ੍ਹਾਂ ਦੀ ਰੱਖਿਆਂ ਲਈ ਅਤੇ ਬਾਬਾ ਸਾਹਿਬ ਦੇ ਸਿਧਾਂਤ ਤੇ ਪਹਿਰਾ ਦੇਣ ਦੀ ਲੋੜ ਤੇ ਜੋਰ ਦਿੱਤਾ। ਇਸ ਮੌਕੇ ਸੰਤ ਬਾਬਾ ਰਾਜ ਵਰਿੰਦਰ ਸਿੰਘ ਟਿੱਬੇ ਵਾਲੇ, ਪ੍ਰਸਿੱਧ ਵਿਦਵਾਨ ਦਰਸਨ ਸਿੰਘ ਬਾਜਵਾ, ਕੁਲਵੰਤ ਸਿੰਘ ਟਿੱਬਾ, ਹਰਬੰਸ ਸਿੰਘ ਗੁਰ–ਬਖਸਪੁਰਾ, ਗੁਰਮੀਤ ਸਿੰਘ ਜੇਈ ਆਦਿ ਆਗੂ ਵੀ ਹਾਜ਼ਰ ਸਨ।



# ਅਮਰੀਕਾ ਦੌਰੇ ’ਤੇ ਪੁੱਜੇ ਸ: ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦਾ ਅਮਰੀਕ ਸਿੰਘ ਸ਼ਿਕਾਗੋ ਵਲੋਂ ਸਨਮਾਨ

**ਸ਼ਿਕਾਗੋ–** ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਗੜ੍ਹਸ਼ੰਕਰ ਤੋਂ ਸਾਬਕਾ ਵਿਧਾਇਕ ਸ: ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਹੁਰੀਂ ਇੰਨੀਂ ਦਿਨੀ ਆਪਣੇ ਅਮਰੀਕਾ ਦੌਰੇ ’ਤੇ ਹਨ। ਜਿਸ ਦੌਰਾਨ ਉਹ ਵਿਸ਼ੇਸ਼ ਤੌਰ ’ਤੇ ਸ਼ਿਕਾਗੋ ਪੁੱਜੇ। ਜਿਥੇ ਸ਼੍ਰੋਮਣੀ ਅਕਾਲੀ ਦਲ ਮਿਡਵੈਸਟ ਨੇ ਸ: ਅਮਰੀਕ ਸਿੰਘ ਸ਼ਿਕਾਗੋ ਚੀਫ਼ ਮੀਡੀਆ ਇੰਚਾਰਜ ਅਤੇ ਮੈਂਬਰ ਕੋਰ ਕਮੇਟੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਅਗਵਾਈ 'ਚ ਉਨ੍ਹਾਂ ਨੂੰ ਜੀ ਆਇਆ ਕਿਹਾ, ਉਥੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੇ ਮੌਜੂਦਾ ਹਾਲਾਤਾਂ ਤੇ ਵਿਚਾਰਾਂ ਵੀ ਕੀਤੀਆਂ। ਇਸ ਮੌਕੇ ਸ: ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਲੋਕ ਕਾਂਗਰਸ ਦੇ 3 ਮਹੀਨੇ ਦੇ ਰਾਜ ਤੋਂ ਹੀ ਤੰਗ ਆ ਚੁੱਕੇ ਹਨ, ਕਿਉਂਕਿ ਅਕਾਲੀ ਦਲ ਵਲੋਂ ਗਰੀਬਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤੀਆਂ ਹਨ ਅਤੇ ਅਕਾਲੀ ਦਲ ਵਲੋਂ ਚਲਾਏ ਵਿਕਾਸ ਕਾਰਜਾਂ ਨੂੰ ਵੀ ਪੂਰੀ ਤਰ੍ਹਾਂ ਰੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸਤ੍ਹਾ ਵਿੱਚ ਆਉਣ ਲਈ ਪੰਜਾਬ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਕੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ ਅਤੇ ਉਨ੍ਹਾਂ ਆਪਣੇ ਹੀ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਇਸ ਮੌਕੇ ਸ: ਅਮਰੀਕ ਸਿੰਘ ਸ਼ਿਕਾਗੋ ਹੁਰਾਂ ਨੇ ਕਿਹਾ ਕਿ ਜਿਹੜੇ ਲੋਕ ਅਕਾਲੀ ਦਲ



ਖਿਲਾਫ਼ ਕੂੜ ਪ੍ਰਚਾਰ ਕਰ ਰਹੇ ਸਨ, ਅੱਜ ਉਹੀ ਲੋਕ ਅਕਾਲੀ ਦਲ ਵਲੋਂ ਕੀਤੇ 10 ਸਾਲਾਂ ਦੇ ਰਾਜ ਨੂੰ ਸਲਾਹ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਅਕਾਲੀ ਦਲ ਨੇ ਆਪਣੇ ਰਾਜ ਦੌਰਾਨ ਅਥਾਹ ਵਿਕਾਸ ਕਰਵਾਇਆ, ਪ੍ਰੰਤੂ ਸ਼ਰਾਰਤੀ ਅਨਸਰਾਂ ਨੇ ਇਸਦੀ ਤਸਵੀਰ ਨੂੰ ਗਲਤ ਢੰਗ ਨਾਲ ਪੇਸ਼ ਕੀਤਾ, ਜਿਸ ਕਾਰਨ ਪਾਰਟੀ ਨੂੰ ਹਾਰ ਦੇਖਣੀ ਪਈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਵਿਦੇਸ਼ੀ ਧਰਤੀ ’ਤੇ ਹੋਰ ਮਜਬੂਤ ਕਰਨ ਲਈ ਉਹ ਤਨ, ਮਨ ਧਨ ਨਾਲ ਸੇਵਾ ਕਰਦੇ ਸੀ, ਤੇ ਭਵਿੱਖ ਵਿੱਚ ਕਰਦੇ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੈਪੀ ਸਿੰਘ ਹੀਰ, ਜਸਕਰਨ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਬਿੱਲਾ, ਨਰਿੰਦਰ ਸਿੰਘ ਸਰਾਂ, ਲਵਦੀਪ ਸਿੰਘ ਦੁੱਲਤ, ਗੁਰਮੀਤ ਸਿੰਘ ਭੋਲਾ, ਅੰਮ੍ਰਿਤਪਾਲ ਸਿੰਘ ਸੰਘਾ, ਯਾਦਵਿੰਦਰ ਸਿੰਘ ਗਰੇਵਾਲ, ਮਨਮਿੰਦਰ ਸਿੰਘ ਹੀਰ, ਸ: ਲਖਵੀਰ ਸਿੰਘ ਸਹੋਤਾ, ਮਿੰਡਾ ਮਾਹਿਲਪੁਰੀਆ, ਸਾਬੀ ਭੋਲਾ ਤੋਂ ਇਲਾਵਾ ਪਾਰਟੀ ਦੇ ਹੋਰ ਸਰਗਰਮ ਆਗੂ ਹਾਜ਼ਰ ਸਨ।

# ਨਿਊਯਾਰਕ ’ਚ ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਸ਼ਿਕਾਗੋ ਅਤੇ ਬਾਬਾ ਦਲਜੀਤ ਸਿੰਘ ਹੁਰਾਂ ਦਾ ਸਨਮਾਨ

**ਸ਼ਿਕਾਗੋ–** ਸ਼੍ਰੋਮਣੀ ਅਕਾਲੀ ਦਲ ਨਿਊਯਾਰਕ ਵਲੋਂ ਬੀਤੇ ਦਿਨੀਂ ਸ: ਚਰਨਜੀਤ ਸਿੰਘ ਬਰਾੜ ਕੋਆਰਡੀਨੇਟਰ ਐਨ. ਆਰ. ਆਈ. ਵਿੰਗ, ਸ: ਅਮਰੀਕ ਸਿੰਘ ਸ਼ਿਕਾਗੋ ਚੀਫ਼ ਮੀਡੀਆ ਇੰਚਾਰਜ ਅਤੇ ਮੈਂਬਰ ਕੋਰ ਕਮੇਟੀ ਅਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਹੁਰਾਂ ਦਾ ਨਿਊਯਾਰਕ ਪੁੱਜਣ ’ਤੇ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਸ: ਚਰਨਜੀਤ ਸਿੰਘ ਬਰਾੜ ਹੁਰਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ’ਤੇ ਲਿਆਂਦਾ ਸੀ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਦੇ ਸਤ੍ਹਾ ਵਿੱਚ ਆਉਣ ਨਾਲ ਹੀ ਪੰਜਾਬ ਦੇ ਅੰਦਰ 3 ਮਹੀਨੇ ਦੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ’ਤੇ ਬਰੇਕਾਂ ਲਗਾ ਦਿੱਤੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਵਿੱਚ ਗੈਂਸਸਟਾਰਾਂ ਵਲੋਂ ਨਿੱਤ ਦਿਨ



ਖੂਨ ਖਰਾਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੀ ਅਮਨ ਸ਼ਾਂਤੀ ਪੂਰੀ ਤਰ੍ਹਾਂ ਭੰਗ ਹੋ ਰਹੀ ਹੈ ਜਿਸ ਲਈ ਸਿਰਫ਼ ਤੇ ਸਿਰਫ਼ ਕਾਂਗਰਸ ਸਰਕਾਰ ਹੀ ਜ਼ੁੰਮੇਵਾਰ ਹੈ। ਉਨ੍ਹਾਂ ਪਾਰਟੀ ਦੇ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਕਿ ਜਿਹੜੇ ਲੋਕ ਅਕਾਲੀ ਦਲ ਤੋਂ ਦੂਰ ਗਏ ਹਨ, ਉਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਨਾਲ ਦੁਬਾਰਾ ਜੋੜਿਆ ਜਾਵੇ। ਇਸ ਮੌਕੇ ਸ਼ਿਕਾਗੋ ਤੋਂ ਉਚੇਚੇ ਤੌਰ ’ਤੇ ਪੁੱਜੇ ਸ: ਅਮਰੀਕ ਸਿੰਘ ਸ਼ਿਕਾਗੋ ਹੁਰਾਂ ਨੇ ਵੀ ਆਪਣੇ ਸੰਬੋਧਨ 'ਚ ਸਮੂਹ ਪਾਰਟੀ ਵਰਕਰਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ ਅਤੇ ਪਾਰਟੀ ਵਲੋਂ ਦਿੱਤੀ ਹਰ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਆਸ ਜਤਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਨਵਾਂਸ਼ਹਿਰ, ਮੋਹਣ ਸਿੰਘ ਖਟੜਾ, ਰਘਬੀਰ ਸਿੰਘ ਸੁਭਾਨਪੁਰ, ਮਾਸਟਰ ਮਹਿੰਦਰ ਸਿੰਘ, ਜਰਨੈਲ ਸਿੰਘ ਗਿਲਜੀਆਂ, ਹਰਦੀਪ ਸਿੰਘ ਗੋਲਡੀ, ਕਰਨੈਲ ਸਿੰਘ ਬਾਠ, ਪ੍ਰੀਤਮ ਸਿੰਘ ਗਿਲਜੀਆਂ, ਗੁਰਬਖਸ਼ ਸਿੰਘ ਟਾਹਲੀ, ਹਰਜੀਤ ਸਿੰਘ ਹੁੰਦਲ, ਗੁਰਪ੍ਰਤਾਪ ਸਿੰਘ ਵੱਲ੍ਹਾ, ਕਸ਼ਮੀਰ ਸਿੰਘ ਪਿਹੋਵਾ, ਮਲਕੀਤ ਸਿੰਘ, ਗੁਰਿੰਦਰ ਸਿੰਘ ਸ਼ਾਹੀ, ਤਜਿੰਦਰ ਸਿੰਘ ਨੰਗਲ ਆਦਿ ਹਾਜ਼ਰ ਸਨ।

# ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣ ਦਾ ਮੁੱਦਾ ਭਖਿਆ

**ਲੰਡਨ –** ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਉੱਤੇ ਬਣੀ ਫਿਲਮ ’ਦ ਬਲੈਕ ਪ੍ਰਿੰਸ’ ਦੀ ਚਰਚਾ ਨਾਲ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣ ਤੇ ਸਿੱਖ ਮਰਿਆਦਾ ਅਨੁਸਾਰ ਉਨ੍ਹਾਂ ਦੇ ਅੰਤਿਮ ਸੰਸਕਾਰ ਦੀ ਚਰਚਾ ਫਿਰ ਛਿੜ ਗਈ ਹੈ।

ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਇੰਗਲੈਂਡ ਵਿੱਚ ਬੀਤਿਆ ਅਤੇ ਉਨ੍ਹਾਂ ਨੂੰ ਬਚਪਨ ’ਚ ਵਰਗਲਾ ਕੇ ਇਸਾਈ ਬਣਾ ਲਿਆ ਗਿਆ ਸੀ, ਪ੍ਰੰਤੂ ਉਨ੍ਹਾ ਨੇ ਅੰਤਲੇ ਦਿਨਾਂ ਦੌਰਾਨ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ ਅਤੇ ਆਪਣਾ ਰਾਜ ਵਾਪਸ ਲੈਣ ਲਈ ਰੂਸ, ਅਮਰੀਕਾ ਅਤੇ ਆਇਰਲੈਂਡ ਨਾਲ ਮਿਲ ਕੇ ਕਾਫੀ ਕੋਸ਼ਿਸ਼ਾਂ ਕੀਤੀਆਂ ਸਨ, ਜਿਨ੍ਹਾਂ ਵਿੱਚ ਕਾਮਯਾਬੀ ਨਹੀਂ ਸੀ ਮਿਲੀ। ਦਲੀਪ ਸਿੰਘ ਦੀ ਮੌਤ ਫਰਾਂਸ ਦੇ ਇਕ ਹੋਟਲ ਵਿੱਚ ਹੋਈ ਸੀ, ਜਿਥੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੀ ਸਭ ਤੋਂ ਮਨਪਸੰਦ ਜਗ੍ਹਾ ਐਲਵੀਡਨ ਮਹੱਲ ਕੋਲ ਚਰਚ ਵਾਲੀ ਜਗ੍ਹਾ ’ਚ ਦਫਨਾ ਦਿੱਤਾ ਗਿਆ ਸੀ, ਜਿਥੇ ਉਨ੍ਹਾਂ ਦੀ ਕਬਰ ਅੱਜ ਵੀ ਮੌਜੂਦ ਹੈ। ਬ੍ਰਿਟਿਸ਼ ਪਾਰਲੀਮੈਂਟ ਦੇ ਲਾਰਡ ਦਲਜੀਤ ਸਿੰਘ ਰਾਣਾ ’ਮੈਂਬਰ ਆਫ ਹਾਊਸ ਆਫ ਲਾਰਡਜ਼’ ਨੇ ਕਿਹਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੀਆਂ ਅੰਤਮ ਰਸਮਾਂ ਸਿੱਖ ਅਤੇ ਹਿੰਦੂ ਮਰਿਆਦਾ ਦੇ ਅਨੁਸਾਰ ਪੰਜਾਬ ਵਿੱਚ ਹੋਣੀਆਂ ਚਾਹੀਦੀਆਂ ਹਨ, ਜਿਵੇਂ ਉਹ ਆਖਰੀ ਦਮ ਤੱਕ ਪੰਜਾਬ ਵਾਪਸ ਜਾਣਾ ਚਾਹੁੰਦੇ ਸਨ। ਇਸ ਸਬੰਧ ਵਿੱਚ ਪਾਰਲੀਮੈਂਟ ਮੈਂਬਰ ਵਰਿੰਦਰ ਸ਼ਰਮਾ ਨੇ ਕਿਹਾ ਹੈ ਕਿ ਮੈਂ ਇਹ ਮਾਮਲਾ ਸਾਥੀਆਂ ਪਾਰਲੀਮੈਂਟ ਮੈਂਬਰਾਂ ਤੇ ਬ੍ਰਿਟਿਸ਼ ਸਰਕਾਰ ਕੋਲ ਉਠਾਵਾਂਗਾ ਤੇ ਭਾਰਤੀ ਹਾਈ ਕਮਿਸ਼ਨ ਨੂੰ ਕਹਾਂਗਾ ਕਿ ਇਸ ਸਬੰਧੀ ਕੋਈ ਹੱਲ ਕੱਢੇ। ਜੇ ਭਾਰਤ ਸਰਕਾਰ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਲਿਜਾਣ ਬਾਰੇ ਕਹੇ ਤਾਂ ਬ੍ਰਿਟਿਸ਼ ਸਰਕਾਰ ਇਸ ਬਾਰੇ ਜ਼ਰੂਰ ਬਿਆਨ ਦੇਵੇਗੀ। ਇਸ ਦੌਰਾਨ ਯੂ ਕੇ ਪੰਜਾਬ ਹੈਰੀਟੇਜ਼ ਐਸੋਸੀਏਸ਼ਨ ਦੇ ਅਮਨਦੀਪ ਸਿੰਘ ਮਾਦਰਾ ਨੇ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਨੇ ਦਲੀਪ ਸਿੰਘ ਦੀ ਮੌਤ ਤੋਂ ਇਕ ਮਹੀਨਾ ਪਹਿਲਾਂ ਲਿਖੀ ਆਖਰੀ ਵਸੀਅਤ ਸਬੂਤ ਵਜੋਂ ਪੇਸ਼ ਕਰਦਿਆਂ ਕਿਹਾ ਕਿ ਮਹਾਰਾਜਾ ਦੀ ਆਖਰੀ ਇੱਛਾ ਸੀ ਕਿ ਉਸ ਨੂੰ ਉਥੇ ਹੀ ਦਫਨਾਇਆ ਜਾਵੇ, ਜਿਥੇ ਉਸ ਦੀ ਮੌਤ ਹੋਵੇ। ਮਾਦਰਾ ਨੇ ਵਸੀਅਤ ਵਿੱਚ ਲਿਖੇ ਅੰਗਰੇਜ਼ੀ ਸ਼ਬਦ ’ਬਰੀ’ ਦਾ ਅਨੁਵਾਦ ’ਦਫਨਾਇਆ’ ਵਜੋਂ ਕੀਤਾ ਹੈ, ਪਰ ਕੁਝ ਹੋਰ ਲੋਕਾਂ ਦਾ ਕਹਿਣਾ ਹੈ ਕਿ ਬਰੀ ਸ਼ਬਦ ਦਾ ਮਤਲਬ ਆਖਰੀ ਰਸਮਾਂ ਹਨ। ਮਹਾਰਾਜਾ ਦਲੀਪ ਸਿੰਘ ਨੇ ਆਖਰੀ ਸਮੇਂ ਮੁੜ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ ਅਤੇ ਉਸ ਨੇ ਮਹਾਰਾਣੀ ਜਿੰਦਾਂ ਦਾ ਸਸਕਾਰ ਆਪਣੇ ਹੱਥੀਂ ਸਿੱਖ ਮਰਿਆਦਾ ਅਨੁਸਾਰ ਕੀਤਾ ਸੀ, ਇਸ ਕਰਕੇ ਉਹ ਅੰਤਿਮ ਰਸਮਾਂ ਬਾਰੇ ਭਲੀਭਾਂਤ ਜਾਣਦਾ ਸੀ। ਸਿੱਖ ਇਤਿਹਾਸਕਾਰ ਪੀਟਰ ਬੈਂਸ ਦੇ ਮੁਤਾਬਕ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਅੰਗਰੇਜ਼ੀ ਤੌਰ ਤਰੀਕੇ ਵਾਲਾ ਸੀ, ਉਸ ਦੀ ਬੋਲੀ, ਸੱਭਿਆਚਾਰ, ਧਰਮ ਉਸ ਤੋਂ ਵੱਖ ਹੋ ਗਏ ਸਨ, ਉਹ ਬ੍ਰਿਟਿਸ਼ ਬਣ ਚੁੱਕਾ ਸੀ। ਸਰਕਾਰੀ ਰਿਕਾਰਡਾਂ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਮਹਾਰਾਣੀ ਵਿਕਟੋਰੀਆ ’ਮਾਈ ਬਲੈਕ ਪ੍ਰਿੰਸ’ (ਮੇਰਾ ਕਾਲਾ ਰਾਜਕੁਮਾਰ) ਕਹਿ ਕੇ ਬੁਲਾਉਂਦੀ ਹੁੰਦੀ ਸੀ।

# ਬਰਤਾਨੀਆ ਸਰਕਾਰ ਊਧਮ ਸਿੰਘ ਦਾ ਸਾਮਾਨ ਦੇਣ ਤੋਂ ਕਰ ਰਹੀ ਹੈ ਇਨਕਾਰ

**ਸੁਨਾਮ–** ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈਣ ਵਾਲੇ ਸੁਨਾਮ ਦੇ ਸ਼ਹੀਦ ਊਧਮ ਸਿੰਘ ਨੂੰ 77 ਸਾਲ ਪਹਿਲਾਂ ਅੱਜ ਹੀ ਦੇ ਦਿਨ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ। ਉਸ ਦੀ ਗ੍ਰਿਫ਼ਤਾਰੀ ਮੌਕੇ ਅਤੇ ਪੁਲੀਸ ਵੱਲੋਂ ਬਾਅਦ ’ਚ ਉਸ ਦੀ ਰਿਹਾਇਸ਼ ਤੋਂ ਜੋ ਸਾਮਾਨ ਬਰਾਮਦ ਕੀਤਾ ਗਿਆ ਸੀ, ਉਹ ਸਾਰਾ ਸਾਮਾਨ ਬਰਤਾਨਵੀ ਸਰਕਾਰ ਨੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸੁਨਾਮ ਦੇ ਆਰਟੀਆਈ ਕਾਰਕੁਨ ਅਤੇ ਸਮਾਜ ਸੇਵੀ ਜਤਿੰਦਰ ਜੈਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਪੁੱਛਿਆ ਗਿਆ ਸੀ ਕਿ ਲੰਡਨ ਵਿੱਚ ਸ਼ਹੀਦ ਊਧਮ ਸਿੰਘ ਦੇ ਸਾਮਾਨ ਵਿੱਚ ਕੀ ਕੁਝਪਿਆ ਹੈ ਅਤੇ ਇਸ ਨੂੰ ਵਾਪਸ ਲਿਆਉਣ ਲਈ ਸਰਕਾਰ ਨੇ ਕੀ ਯਤਨ ਕੀਤੇ ਹਨ। ਆਰਟੀਆਈ ਕਾਰਕੁਨ ਨੇ ਦੱਸਿਆ ਕਿ ਉਸ ਨੇ ਉਨ੍ਹਾਂ ਪੱਤਰਾਂ ਦੀਆਂ ਨਕਲਾਂ ਦੀ ਵੀ ਮੰਗ ਕੀਤੀ ਸੀ ਜੋ ਵਿਦੇਸ਼ ਮੰਤਰਾਲੇ ਵੱਲੋਂ ਸ਼ਹੀਦ ਊਧਮ ਸਿੰਘ ਦਾ ਸਾਮਾਨ ਮੰਗਵਾਉਣ ਲਈ ਬਰਤਾਨੀਆ ਸਰਕਾਰ ਨੂੰ ਲਿਖੇ ਗਏ ਸਨ। ਸ੍ਰੀ ਜੈਨ ਨੇ ਦੱਸਿਆ ਕਿ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਇਹ ਮਿਲਿਆ ਹੈ ਕਿ, ’ਯੂਕੇ ਦੀ ਸਰਕਾਰ ਨੇ ਮੰਨਿਆ ਹੈ ਕਿ ਊਧਮ ਸਿੰਘ ਦੀ ਰਿਵਾਲਵਰ, ਕੋਬਲਰ ਚਾਕੂ, ਡਾਇਰੀ ਤੇ ਹੋਰ ਸਾਮਾਨ ਜਿਸ ਵਿੱਚ ਗੋਲਾ ਬਾਰੂਦ ਸ਼ਾਮਲ ਹੈ, ਇੰਗਲੈਂਡ ਦੀ ਮੈਟਰੋਪੋਲਿਟਨ ਪੁਲੀਸ ਕੋਲ ਹਨ। ਊਧਮ ਸਿੰਘ ਖ਼ਿਲਾਫ਼ ਚਲਾਏ ਕੇਸ ਦੀ ਪ੍ਰਾਪਰਟੀ ਦੇ ਰੂਪ ਵਿੱਚ ਇਹ ਸਾਰਾ ਸਾਮਾਨ ਸਾਂਭ ਕੇ ਰੱਖਿਆ ਹੋਇਆ ਹੈ। ਇਸ ਲਈ ਇਸ ਨੂੰ ਵਾਪਿਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਯੂਕੇ ਸਰਕਾਰ ਦੀਆਂ ਨੀਤੀਆਂ ਅਨੁਸਾਰ ਅਜਿਹੇ ਮਾਮਲੇ ਵਿੱਚ ਵਰਤੇ ਸਾਮਾਨ ਨੂੰ ਸਾਂਭ ਕੇ ਰੱਖਣਾ ਜ਼ਰੂਰੀ ਹੁੰਦਾ ਹੈ।’ ਜਦਕਿ ਸ਼ਹੀਦ ਦੇ ਸਾਮਾਨ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਵੱਲੋਂ ਲਿਖੇ ਪੱਤਰਾਂ ਦੀਆਂ ਕਾਪੀਆਂ ਦੇਣ ਤੋਂ ਵਿਦੇਸ਼ ਮੰਤਰਾਲੇ ਨੇ ਜਵਾਬ ਦੇ ਦਿੱਤਾ ਹੈ।

## ਜ਼ਿੰਦਗੀ ਤੇ ਖ਼ਾਹਿਸ਼ਾਂ

**– ਬਲਵੀਰ ਮੰਨਣ**

ਖ਼ਾਹਿਸ਼ਾਂ ਹਨ ਕਿ ਮੁੱਕਣ ਦਾ ਨਾਂਅ ਹੀ ਨਹੀਂ ਲੈਂਦੀਆਂ। ਇੱਕ ਅਜੇ ਪੂਰੀ ਹੋ ਜਾਣ ਲਈ ਤਾਂਘ ਹੀ ਰਹੀ ਹੁੰਦੀ ਹੈ ਕਿ ਪੱਕੀ ਤੇ ਨਿੱਗਰ ਜੜ੍ਹ ਲਈ ਨਵੀਂ ਪੁੰਗਰ ਪੈਂਦੀ ਹੈ। ਮਨੁੱਖ ਨੂੰ ਚੈਨ ਨਾਲ ਕਦੇ ਵੀ, ਕਿੱਥੇ ਬਹਿਣ ਦਿੰਦੀਆਂ ਹਨ ਇਹ ਖ਼ਾਹਿਸ਼ਾਂ? ਇਨ੍ਹਾਂ ਖ਼ਾਹਿਸ਼ਾਂ ਨੂੰ ਪੂਰਾ ਕਰਦਾ–ਕਰਦਾ ਮਨੁੱਖ ਇੱਕ ਦਿਨ ਆਪ ਹੀ ਪੂਰਾ ਹੋ ਜਾਂਦਾ ਹੈ। ਭਾਵੇਂ ਮਨੁੱਖ ਨੂੰ ਗਤੀਮਾਨ ਰੱਖਣ ਲਈ ਖ਼ਾ–ਹਸ਼ਾਂ ਈਂਧਨ ਦਾ ਕੰਮ ਕਰਦੀਆਂ ਹਨ ਪਰ ਕਿਸੇ ਖ਼ਾਹਿਸ਼ ਦੀ ਪੂਰਤੀ ਜਿੰਨਾ ਚਿਰ ਨਹੀਂ ਹੁੰਦੀ, ਤਦ ਤੱਕ ਮਨੁੱਖੀ ਮਨ ਵੀ ਅੰਗਾਰਿਆਂ ’ਤੇ ਪਈ ਹੋਈ ਕਿਸੇ ਚੀਜ਼ ਵਾਂਗਰਾਂ ਭੁੱਜਦਾ ਹੀ ਤਾਂ ਰਹਿੰਦਾ ਹੈ। ਇੱਕ ਦਿਨ ਇਹ ਖ਼ਾਹਿਸ਼ਾਂ ਮਨੁੱਖ ਨੂੰ ਸੰਸਾਰ ਤੋਂ ਹੀ ਚਲਦਾ ਕਰ ਦਿੰਦੀਆਂ ਹਨ।

ਕਈ ਵਾਰ, ਕਿਸੇ ਵੇਲ਼ੇ, ਜਦੋਂ ਮਨੁੱਖ ਆਪਣੇ–ਆਪ ਨਾਲ ਬੈਠਾ ਹੋਇਆ, ਆਪਣੇ–ਆਪ ਨੂੰ ਖ਼ਾਹਿਸ਼ਾਂ ਦੇ ਉਲਝੇ ਹੋਏ ਜਾਲ਼ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਮਹਿਸੂਸ ਕਰਦਾ ਹੈ ਤਾਂ ਸੋਚਦਾ ਹੈ ਕਿ ਇਹ ਸਾਰਾ ਕੁਝ ਕੀ ਹੈ? ਇਹ ਕਾਹਦੇ ਵਾਸਤੇ ਹੈ? ਪਰ ਦੂਜੇ ਹੀ ਪਲ ਫਿਰ ਉਹ ਸੰਸਾਰਕ ਵਹਿਣ ਵਿੱਚ ਵਹਿ ਜਾਂਦਾ ਹੈ ਤੇ ਉੱਠ ਪੈਂਦਾ ਹੈ, ਰਹਿੰਦੀਆਂ ਖ਼ਾਹਿਸ਼ਾਂ ਦੀ ਪੂਰਤੀ ਕਰਨ ਹਿਤ। ਇਸੇ ’ਅਜਾਂਈਂ’ ਨੱਠ–ਭੱਜ ਨੂੰ ਹੀ ਤਾਂ ਜ਼ਿੰਦਗੀ ਦਾ ਕੌਡੀਆਂ ਦੇ ਭਾਅ ਚਲੇ ਜਾਣਾ ਲਿਖਿਆ ਹੈ। ਖ਼ਾਹਿਸ਼ਾਂ ਖ਼ਾਤਰ ਕੀਤੀ ਜਾਂਦੀ ਨੱਠ–ਭੱਜ ਨੂੰ ’ਅਜਾਂਈਂ’ ਲਿਖਿਆ ਜਾਣਾ ਭਾਵੇਂ ਕੁਝ ਹੱਦ ਤੱਕ ਚੰਗਾ ਨਹੀਂ ਜਾਪਦਾ ਕਿਉਂਕਿ ਇਸੇ ਨੱਠ–ਭੱਜ ਵਿੱਚੋਂ ਕੁਝ ਪ੍ਰਾਪਤੀ ਵੀ ਤਾਂ ਹੁੰਦੀ ਹੈ ਪਰ ਜ਼ਰਾ ਸੋਚੋ, ਜਿੰਨਾ ਚਿਰ ਕੋਈ ਖ਼ਾਹਿਸ਼ ਪੂਰੀ ਨਾ ਹੋਈ, ਓਨਾ ਚਿਰ ਵੀ ਖਪਾਈ ਤੇ ਜਦੋਂ ਪੂਰੀ ਹੋ ਗਈ ਤਾਂ ਅਸੀਂ ਉਸਦਾ ਸੁਆਦ ਵੀ ਕਿੱਥੇ ਲੈ ਪਾਉਂਦੇ ਹਾਂ? ਉਹ ਆਖਦੇ ਨੇ ਨਾ, ਜਦੋਂ ਖਾਣ ਦਾ ਸੁਆਦ ਆਉਣ ਲੱਗਦਾ ਤਾਂ ਦੰਦ ਚਲੇ ਜਾਂਦੇ, ਜਦੋਂ ਸੰਸਾਰ ਸੋਹਣਾ ਲੱਗਣ ਲੱਗਦਾ ਤਾਂ ਅੱਖਾਂ ਜਵਾਬ ਦੇ ਜਾਂਦੀਆਂ ਤੇ ਜਦੋਂ ਰਹਿਣ ਦਾ ਸੁਆਦ ਆਉਣ ਲੱਗਦਾ ਤਾਂ ਬੰਦਾ ਆਪ ਈ ਤੁਰ ਜਾਂਦੈ।

ਖ਼ਾਹਿਸ਼ਾਂ ਜੀਵਨ ਦੀ ਰਵਾਨੀ ਦਾ ਮੂਲ ਹਨ ਪਰ ਇਹ ਰਵਾਨਗੀ ਕਿਸੇ ਸੀਮਾ ਤੱਕ ਸੀਮਤ ਹੋਣੀ ਚਾਹੀਦੀ ਹੈ, ਨਹੀਂ ਤਾਂ ਲੋੜੋਂ ਵੱਧ ਸਪੀਡ ਸਰੀਰ–ਰੂਪੀ ਇਸ ਗੱਡੀ ਨੂੰ ਨਕਾਰਾ ਕਰ ਦੇਵੇਗੀ। ਲੋੜ ਹੈ ਥੋੜ੍ਹਾ ਸੰਜਮੀ ਹੋਣ ਦੀ ਤੇ ਸਬਰ ਰੱਖਦਿਆਂ ਹੋਇਆਂ ਉੱਦਮ ਕਰਦੇ ਰਹਿਣ ਦੀ। ਸਮੇਂ ਅਨੁਸਾਰ ਸਭ ਕੁਝ ਜੀਵਨ–ਪਿੜ ਵਿੱਚ ਪੁੰਗਰ ਆਉਂਦਾ ਹੈ ਤੇ ਜੀਵਨ ਮਟਕ ਨਾਲ ਅੱਗੇ ਤੁਰਦਾ ਹੋਇਆ, ਹਰ ਰੰਗ ਦਾ ਸੁਆਦ ਮਾਣਦਾ ਹੋਇਆ, ਸੁਚੱਜੇ ਢੰਗ ਨਾਲ ਅੱਗੇ ਵਧਦਾ ਜਾਂਦਾ ਹੈ।

## ਕਪੂਰਥਲਾ ਰੋਡ ’ਤੇ - ਵਿਅੰਗ ਗੀਤ

ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰ,
ਕਪੂਰਥਲਾ ਰੋਡ ਦੁਕਾਨਦਾਰਾਂ ਦੇ, ਚੁੱਕ–ਚੁੱਕ ਮਾਰੇ--
ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰੇ।

ਗੱਡੀ ਹੇਠੋਂ ਵੱਟਾ ਜਦ ਵੀ, ਭੁੜਕ ਕਿਸੇ ਦੇ ਵੱਜੇ,
ਉਸ ਵੇਲੇ ਫਿਰ ਪਹਿਰਾ ਰੋਡ ’ਤੇ, ਭੂਤ–ਚੁੜੇਲ ਦਾ ਲੱਗੇ।
ਕਹਿਣੀ–ਕਰਨੀ ਤੇਰੀ ਦੇ, ਫਿਰ ਜਾਈਏ ਵਾਰੇ–ਨਿਆਰੇ--
ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰੇ।

ਪਾਣੀ ਦੀ ਸਮੱਸਿਆ ’ਤੇ, ਪਿਆ ਰਿਹਾ ਸੀਵਰੇਜ਼ ਦਾ ਰੌਲ਼ਾ,
ਏਸੇ ਕੰਮ ਨੇ ਪਾ ਦਿੱਤਾ, ਰੌਲ਼ੇ ਦੇ ਵਿੱਚ ਘਚੌਲ਼ਾ,
ਮੀਂਹ ਦਾ ਪਾਣੀ ਖੜ੍ਹਦਾ, ਰਾਹੀਂ, ਡਿੱਗ ਪੈਂਦੇ ਵਿੱਚ ਗਾਰੇ--
ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰੇ।

ਲੱਖਾਂ ਰੁਪਏ ਮਨਜ਼ੂਰ ਹੋਏ, ਲੱਗ ਰਹੀਆਂ ਕਦੋਂ ਦੀਆਂ ਖ਼ਬਰਾਂ,
ਇੰਝ ਜਾਪੇ ਇਹ ਗੱਪ ਬੇਚਾਰੀ, ਜਾ ਬੈਠੀ ਵਿੱਚ ਕਬਰਾਂ,
ਸੱਚ ਕਦੋਂ ਨੇ ਹੋਣੇ, ਜਿਹੜੇ ਮੂੰਹ ’ਚੋਂ ਬੋਲ ਉਚਾਰੇ--
ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰੇ।

ਪਰਸ਼ੋਤਮ ਆਖੇ ਵਾਂਗ ਚਮਚਿਆਂ, ਪੱਥਰ ਫਿਰਦੇ ਭੱਜੇ,
ਮਾਲ ਮੁਫ਼ਤ ਦਾ ਸਮਝ, ਦੁਕਾਨਾਂ ਦੇ ਸ਼ੀਸ਼ੇ ਖਾ ਰੱਜੇ,
ਏਧਰੋਂ - ਓਧਰ ਦੌੜਨ, ਦੇਖੇ ਫਿਰਦੇ ਮਾਰੇ–ਮਾਰੇ--
ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰੇ।

ਕਿਤਿਓਂ ਉੱਚਾ, ਕਿਤਿਓਂ ਨੀਵਾਂ, ਹੋਇਆ ਹਾਲ ਬੇਹਾਲ,
ਐਸਾ ਮਿਊਜ਼ਕ ਵੱਜੇ, ਜਿਸ ਦੀ ਸੁਰ ਨਾਲ ਮਿਲੇ ਨਾ ਤਾਲ,
ਸਰੋਏ ਜੋ ਦੇਖਿਆ ਲਿਖ ਦਿੱਤਾ, ਚਾਹੇ ਲੱਗਣ ਬੋਲ ਕਰਾਰੇ--
ਪੁੱਛਾਂ ਤੈਥੋਂ ਦੱਸ ਦੇ ਮੈਨੂੰ, ਨੀ ਅੱਜ ਦੀਏ ਸਰਕਾਰੇ।



**– ਪਰਸ਼ੋਤਮ ਲਾਲ ਸਰੋਏ,**
**91-92175-44348**

# ਆਜ਼ਾਦੀ ਅਤੇ ਦਲਿਤ ਸਮਾਜ



ਕੇ. ਸੀ. ਸੁਲੇਖ
0172-4623503

ਆਜ਼ਾਦੀ ਦਾ ਜਸ਼ਨ ਮਨਾਉਂਦਿਆਂ ਸਾਨੂੰ ਦੇਸ਼ ਵਾਸੀਆਂ ਨੂੰ ਪੂਰੇ 70 ਸਾਲ ਹੋ ਗਏ ਹਨ। ਹਰ ਸਾਲ 15 ਅਗਸਤ ਨੂੰ ਸਰਕਾਰੀ ਖ਼ਜ਼ਾਨੇ ਤੋਂ ਕਰੋੜਾਂ ਰੁਪਏ ਖਰਚ ਕਰਕੇ ਇਹ ਦਿਨ ਬੜੇ ਧੂਮ ਧੜੱਕੇ ਨਾਲ ਮਨਾਇਆ ਜਾਂਦਾ ਹੈ।ਸ਼ਹਿਰਾਂ, ਕਸਬਿਆਂ ਵਿਚ ਜਲਸੇ ਜਲੂਸ, ਰੈਲੀਆਂ ਕੀਤੀਆਂ ਜਾਂਦੀਆਂ ਹਨ। ਲਾਲ, ਪੀਲੇ ਕਿਲਿਆਂ 'ਤੇ ਪ੍ਰਧਾਨ ਮੰਤਰੀ ਤੋਂ ਲੈ ਕੇ ਗਵਰਨਰਾਂ, ਮੁੱਖ ਮੰਤਰੀਆਂ ਦੇ ਆਜ਼ਾਦੀ ਦੇ ਗੁਣਗਾਨ ਵਿਚ ਧੂੰਆਂਧਾਰ ਭਾਸ਼ਣ ਹੁੰਦੇ ਹਨ। ਲੇਕਿਨ ਇਸ ਵਿਸ਼ਾਲ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਦੇ ਗਰੀਬੀ 'ਚ ਤੜਫਦੇ ਵਿੱਦਿਆ/ ਸਿੱਖਿਆ ਤੋਂ ਵਿਹੂਣੇ ਲੋਕਾਂ ਨੂੰ ਬਿਮਾਰੀਆਂ 'ਚ ਦਵਾਈਆਂ ਖੁਣੋਂ ਮਰਦੀਆਂ ਔਰਤਾਂ ਅਤੇ ਕੁਪੋਸ਼ਣ 'ਚ ਜੰਮੇ-ਪਲੇ ਸੁੱਕੇ ਬੱਚਿਆਂ ਦੀ ਤਰਸਯੋਗ ਹਾਲਤ ਨੂੰ ਦੇਖ ਕੇ ਸਮਝ ਨਹੀਂ ਆਉਂਦਾ ਕਿ ਆਖਿਰ ਆਜ਼ਾਦੀ ਕਿਸ ਚੀਜ਼ ਦਾ ਨਾਮ ਹੈ? ਇਹ ਆਜ਼ਾਦੀ ਕਿਸ ਦੀ ਹੈ ਅਤੇ ਕਿਸ ਤੋਂ ਹੈ? ਜੇ ਆਜ਼ਾਦੀ ਦਾ ਮਤਲਬ ਗੁਲਾਮੀ ਤੋਂ ਛੁਟਕਾਰਾ ਪਾਣਾ ਹੈ ਤਾਂ ਇਸ 125 ਕਰੋੜ ਦੇ ਦੇਸ਼ ਵਿਚ ਬਹੁਤ ਤਬਕੇ ਹਾਲੇ ਵੀ ਉਸ ਤੋਂ ਵੱਡੀ ਗੁਲਾਮੀ ਵਿਚ ਜਕੜੇ ਹੋਏ ਹਨ। ਗੁੱਸੇ ਅਤੇ ਨਿਰਾਸ਼ਾ ਨਾਲ ਦੁਖੀ ਅਤੇ ਤੰਗ ਲੋਕ ਪੁਲਿਸ ਦੇ ਡੰਡਿਆਂ ਅਤੇ ਗੋਲੀਆਂ ਵਰ੍ਹਦੀਆਂ ਵਿਚ ਵੀ ਆਜ਼ਾਦੀ-ਆਜ਼ਾਦੀ ਦੇ ਨਾਅਰੇ ਲਗਾ ਰਹੇ ਹਨ। ਕਿਉਂ? ਆਜ਼ਾਦੀ ਦਾ ਆਮ ਨਾਗਰਿਕ ਦੇ ਜੀਵਨ ਨਾਲ ਕੀ ਸਬੰਧ ਹੈ? ਉਸ ਦੀ ਖੁਸ਼ਹਾਲੀ ਜਾਂ ਕੰਗਾਲੀ ਦਾ, ਉਸ ਦੇ ਜਿਊਣ ਦੇ ਚਾਅ ਜਾਂ ਭੁੱਖਮਰੀ ਦਾ ਹਉਕਿਆਂ ਦਾ ਜਾਂ ਫਿਕਰਾਂ ਤੋਂ ਮੁਕਤ ਘਰ ਦੀ ਸੁੱਖ ਸ਼ਾਂਤੀ ਦੇ ਮੁਕਾਬਲੇ ਕਰਜ਼ੇ ਹੇਠ ਖੁਦਕੁਸ਼ੀਆਂ ਦਾ? ਬੱਸ ਇਹੀ ਤਾਂ ਅਜੋਕੇ ਭਾਰਤ ਦੀ ਭਿਆਨਕ ਤਸਵੀਰ ਹੈ, ਜਿਸਨੂੰ ਵੇਖ ਕੇ ਖੁਦ 'ਆਜ਼ਾਦੀ' ਵੀ ਸ਼ਰਮਸਾਰ ਹੋ ਜਾਵੇਗੀ।

ਆਜ਼ਾਦੀ ਦੀ ਇਸ ਤਿੜਕੀ ਹੋਈ ਤਸਵੀਰ ਵਿਚ ਦਲਿਤ ਵਿਅਕਤੀ ਬਾਰੇ ਗੱਲ ਕਰਨੀ ਜ਼ਰੂਰੀ ਹੈ ਕਿ ਉਹ ਕਿੱਥੇ ਖੜ੍ਹਾ ਹੈ ਅਤੇ ਉਸ ਦਾ ਭਵਿੱਖ ਕੀ ਹੈ? ਉਂਝ ਤਾਂ ਉਹ ਸਦੀਆਂ ਤੋਂ ਦਬੰਗ ਜਾਤੀਆਂ ਦੀਆਂ ਬੇਇਨਸਾਫੀਆਂ, ਵਧੀਕੀਆਂ ਅਤੇ ਜ਼ੁਲਮਾਂ ਦਾ ਸ਼ਿਕਾਰ ਰਿਹਾ ਹੈ ਲੇਕਿਨ ਇਸ ਨਵੇਂ ਯੁੱਗ ਵਿਚ ਵੀ ਖਾਸ ਕਰ ਆਜ਼ਾਦੀ ਮਿਲਣ ਅਤੇ ਨਵਾਂ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਵੀ ਜੇ ਉਸ ਨਾਲ ਉਹੀ ਨਫਰਤ ਅਤੇ ਦੁਰੇਗੀ ਦਾ ਸਲੂਕ ਜਾਰੀ ਰਹਿੰਦਾ ਹੈ ਤਾਂ ਉਸ ਤੋਂ ਵੱਡੀ ਦੇਸ਼ ਅਤੇ ਸਮਾਜ ਲਈ ਲਾਹਨਤ ਹੋਰ ਕੀ ਹੋ ਸਕਦੀ ਹੈ? ਹਕੂਮਤ ਚਾਹੇ ਕਾਂਗਰਸ ਦੀ, ਚਾਹੇ ਮਿਲੀ-ਜੁਲੀ ਪਾਰਟੀਆਂ ਦੀ ਅਤੇ ਚਾਹੇ ਅੱਜ ਆਰ. ਐਸ. ਐਸ./ਭਾਜਪਾ ਦੀ ਹੋਵੇ ਲੇਕਿਨ ਵਿਹਾਰਿਕ ਰੂਪ ਵਿਚ ਰਾਜ ਹਮੇਸ਼ਾ ਹਿੰਦੂ ਮਾਨਸਿਕਤਾ ਦਾ ਹੀ ਚਲਦਾ ਰਿਹਾ ਹੈ। ਹੁਣ ਤਾਂ ਮੋਦੀ ਸਰਕਾਰ ਦੇ ਆਉਣ ਨਾਲ ਬਾਕੀ ਪਾਰਟੀਆਂ ਦੇ ਦਿਖਾਵੇ ਉਦਾਰ ਆਜ਼ਾਦ ਖਿਆਲ ਚਿਹਰੇ ਦੀ ਜਗ੍ਹਾ ਵੀ ਸਿੱਧੇ ਹਿੰਦੂ ਰਾਜ ਨੇ ਲੈ ਲਈ ਹੈ, ਜਿਸ ਦਾ ਵਰਤਾਰਾ ਉਸਦੇ ਅਸਲੀ ਰੂਪ ਵਿਚ ਕਲਪਨਾ ਤੋਂ ਵੀ ਕਿਤੇ ਵੱਧ ਖਤਰਨਾਕ ਹੈ। ਇਕ ਇਕ ਕਰਕੇ ਅਜਿਹੇ ਕਾਨੂੰਨ ਬਣਾਏ ਜਾ ਰਹੇ ਹਨ ਅਤੇ ਹਰ ਖੇਤਰ ਵਿਚ ਅਜਿਹੇ ਪ੍ਰਸ਼ਾਸਨਿਕ ਆਦੇਸ਼ ਨਿਰਦੇਸ਼ ਲਾਗੂ ਕੀਤੇ ਜਾ ਰਹੇ ਹਨ, ਜਿਹਨਾਂ ਦੇ ਵਿਰੁੱਧ ਆਵਾਜ਼ ਉਚੀ ਕਰਨ ਵਾਲਿਆਂ ਨੂੰ ਰਾਸ਼ਟਰ ਵਿਰੋਧੀ ਹੋਣ ਦੇ ਦੋਸ਼ ਵਿਚ ਮੁਕੱਦਮੇ ਦਰਜ ਕਰਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਾਂ ਦੇਸ਼ ਧਰੋਹੀ ਕਰਾਰ ਦੇ ਕੇ ਜੇਲ੍ਹ ਵਿਚ ਡੱਕ ਦਿੱਤਾ ਜਾਂਦਾ ਹੈ ਜਾਂ ਜਾਨੋਂ ਹੀ ਮਾਰ ਦਿੱਤਾ ਜਾਂਦਾ ਹੈ। ਇੰਦਰਾ ਗਾਂਧੀ ਨੇ 1975 ਵਿਚ ਦੇਸ਼ ਵਿਚ ਐਮਰਜੈਂਸੀ ਰਾਜਨੀਤਿਕ ਕਾਰਨਾਂ ਲਈ ਲਗਾਈ ਸੀ ਲੇਕਿਨ ਉਸ ਦਾ ਐਲਾਨ ਤਾਂ ਕੀਤਾ ਗਿਆ ਸੀ ਅਤੇ ਉਹ ਸੰਵਿਧਾਨ ਦੀ ਕਿਸੇ ਧਾਰਾ ਦੇ ਤਹਿਤ ਤਾਂ ਕੀਤਾ ਗਿਆ ਸੀ, ਭਾਵੇਂ ਉਸ ਦੀ ਗਲਤ ਉਦੇਸ਼ਾਂ ਲਈ ਦੁਰਵਰਤੋਂ ਕੀਤੀ ਗਈ, ਜਿਸ ਦਾ ਖਮਿਆਜ਼ਾ ਉਸ ਨੂੰ ਬਾਅਦ ਵਿਚ ਕਈ ਸ਼ਕਲਾਂ ਵਿਚ ਭੁਗਤਣਾ ਵੀ ਪਿਆ। ਲੇਕਿਨ ਹੁਣ ਤਾਂ ਹਾਲਾਤ ਉਸ ਐਮਰਜੈਂਸੀ ਨਾਲੋਂ ਵੀ ਬਹੁਤ ਖਰਾਬ ਹੋ ਗਏ ਹਨ। ਆਪਣੀ ਪਸੰਦ ਦਾ ਖਾਣਾ ਖਾਣ ਅਤੇ ਕੱਪੜਾ ਪਹਿਨਣ ਤੇ ਪਾਬੰਦੀ, ਫਿਰਨ-ਤੁਰਨ ਅਤੇ ਇਕੱਤਰ ਹੋਣ 'ਤੇ ਪਾਬੰਦੀ, ਬੋਲਣ ਲਿਖਣ ਤੇ ਪਾਬੰਦੀ, ਪੂਜਾ ਪਾਠ ਤੇ ਪਾਬੰਦੀ ਅਤੇ ਉਸ 'ਤੇ ਕਹਿਰ ਇਹ ਕਿ ਇਸ ਧੱਕੇਸ਼ਾਹੀ ਦੀ ਸ਼ਿਕਾਇਤ ਸੁਣਨ ਵਾਲਾ ਕੋਈ ਨਹੀਂ। ਇਹ ਮੁੱਦਾ ਦੇਸ਼ ਦੇ ਉਚਤਮ ਲੋਕ ਮੰਚ ਯਾਨਿ ਪਾਰਲੀਮੈਂਟ ਅਤੇ ਦੇਸ਼ ਦੀ ਉਚਤਮ ਅਦਾਲਤ ਤੱਕ ਵੀ ਜਾ ਪਹੁੰਚਿਆ ਹੈ। ਇਥੋਂ ਤੱਕ ਕਿ ਇਹ ਦੇਸ਼ ਦੀਆਂ ਹੱਦਾਂ ਤੋਂ ਪਾਰ ਚੀਨ (ਗਲੋਬਲ ਟਾਇਮਸ) ਅਤੇ ਅਮਰੀਕਾ (ਨਿਊਯਾਰਕ ਟਾਇਮਸ) ਵਿਚ ਵੀ ਗੂੰਜਣ ਲੱਗ ਗਿਆ ਹੈ। ਗਊ ਰੱਖਿਆ ਦੇ ਨਾਂ 'ਤੇ ਕੀਤੀ ਜਾ ਰਹੀ ਲਿੰਚਿੰਗ (ਬੰਦੇ ਨੂੰ ਬੇਰਹਿਮੀ ਨਾਲ ਕੁੱਟ ਕੁੱਟ ਕੇ ਮਾਰ ਦੇਣਾ) ਦੇ ਸਵਾਲ 'ਤੇ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਵੱਲੋਂ ਹੁਕਮਰਾਨ ਪਾਰਟੀ 'ਤੇ ਸਿੱਧਾ ਇਲਜ਼ਾਮ ਲਗਾਇਆ ਗਿਆ ਕਿ ਦੇਸ਼ ਵਿਚ ਗਊ ਰੱਖਿਅਕ ਦਸਤਿਆਂ ਦੁਆਰਾ ਜਿੰਨੇ ਵੀ ਲਿੰਚਿੰਗ ਦੇ ਕੇਸ ਹੋਏ ਜਾਂ ਹੋ ਰਹੇ ਹਨ, ਉਹਨਾਂ ਪਿੱਛੇ ਖੁਦ ਸਰਕਾਰ ਦਾ ਹੱਥ ਹੈ। ਇਸ ਵਿਚ ਸੰਵੇਦਨਹੀਣਤਾ ਅਤੇ ਕਰੂਰਤਾ ਦੀ ਹੱਦ ਇਹ ਹੈ ਕਿ ਸਰਕਾਰ ਵੱਲੋਂ ਇਕੋ ਹੀ ਰਟਿਆ-ਰਟਾਇਆ ਜਵਾਬ ਦਿੱਤਾ ਗਿਆ ਕਿ ਕਾਨੂੰਨ ਵਿਵਸਥਾ ਦਾ ਮੁੱਦਾ ਪ੍ਰਦੇਸ਼ਕ ਸਰਕਾਰਾਂ ਦਾ ਹੈ ਅਤੇ ਅਸੀਂ ਉਹਨਾਂ ਨੂੰ ਜ਼ਰੂਰੀ ਕਾਰਵਾਈ ਲਈ ਹਿਦਾਇਤਾਂ ਭੇਜ ਦਿੱਤੀਆਂ ਹਨ। ਸੰਵਿਧਾਨ ਦੀ ਹੀ ਧਾਰਾ 21 ਦੇ ਅਧੀਨ ਨਾਗਰਿਕਾਂ ਨੂੰ ਜਿਊਣ ਅਤੇ ਵਿਅਕਤੀਗਤ ਆਜ਼ਾਦੀ ਦਾ ਅਧਿਕਾਰ ਦਿੱਤਾ ਗਿਆ ਹੈ। ਜੇ ਇਹ ਸਰਕਾਰ ਦੇਸ਼ ਵਾਸੀਆਂ ਨੂੰ ਉਹਨਾਂ ਦੇ ਜਿੰਦਾ ਰਹਿਣ ਦੇ ਅਧਿਕਾਰ ਦੀ ਕਿਸੇ ਵੀ ਬਹਾਨੇ ਨਾਲ ਸੁਰੱਖਿਆ ਨਹੀਂ ਦੇ ਸਕਦੀ ਤਾਂ ਉਸ ਨੂੰ ਗੱਦੀ 'ਤੇ ਬੈਠੇ ਰਹਿਣ ਦਾ ਕੀ ਅਧਿਕਾਰ ਹੈ?



ਆਰ. ਐਸ. ਐਸ. ਦੀ ਕਮਾਨ ਹੇਠ ਕੰਮ ਕਰ ਰਹੀ ਮੋਦੀ ਸਰਕਾਰ ਦੀ ਕਾਰਜਵਿਧੀ ਅਤੇ ਕੰਮਕਾਰ ਨੂੰ ਦੇਖ ਕੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਉਸ ਦੀ ਪ੍ਰਤੀਬੱਧਤਾ ਦੇਸ਼ ਦੇ ਸੰਵਿਧਾਨ ਨਾਲ ਨਹੀਂ ਬਲਕਿ ਉਸ ਦੀ ਪ੍ਰਤੀਬੱਧਤਾ ਉਸ ਦੇ ਆਪਣੇ ਹੀ ਅਣਐਲਾਨੇ ਸੰਵਿਧਾਨ ਪ੍ਰਤੀ ਹੈ, ਜਿਸ ਦੀ ਰੂਪਰੇਖਾ ਸੰਘ ਦੇ ਦੂਜੇ ਪ੍ਰਮੁੱਖ ਐਮ. ਐਸ. ਗੋਲਵਾਲਕਰ ਅਤੇ ਹਿੰਦੂ ਮਹਾਂਸਭਾਈ ਨੇਤਾ ਸਾਵਰਕਰ ਨੇ ਪਹਿਲਾਂ ਹੀ ਤਿਆਰ ਕਰ ਦਿੱਤੀ ਸੀ ਅਤੇ ਜਿਸ ਨੂੰ ਉਹ ਨਾ ਮੌਜੂਦਾ ਸੰਵਿਧਾਨ ਦੇ ਬਣਦੇ ਸਮੇਂ, ਨਾ 1998 ਵਿਚ ਵਾਜਪਾਈ ਸਰਕਾਰ ਦੇ ਸਮੇਂ ਦੇਸ਼ ਉਤੇ ਠੋਸਣ ਵਿਚ ਕਾਮਯਾਬ ਹੋ ਸਕੇ। ਹੁਣ ਸੁਪਰੀਮ ਕੋਰਟ ਦੀ ਆਖਰੀ ਮੋਹਰ ਲੱਗਣ ਤੋਂ ਬਾਅਦ ਇਸੇ ਸੰਵਿਧਾਨ ਨੂੰ ਇਹ ਲੋਕ ਖੁਦ ਮੋਦੀ ਜੀ ਦੇ ਸ਼ਬਦਾਂ ਵਿਚ ਆਪਣਾ 'ਪਵਿੱਤਰ ਗ੍ਰੰਥ' ਕਹਿਣ ਤੇ ਮਜਬੂਰ ਹੋ ਗਏ ਹਨ। ਲੇਕਿਨ ਮਾਨਸਿਕ ਤੌਰ ਤੇ ਇਹਨਾਂ ਲੋਕਾਂ ਦੀ ਇਸ ਸੰਵਿਧਾਨ ਨਾਲ ਨਿਸ਼ਟਾ ਹੈ ਅਤੇ ਨਾ ਪ੍ਰਤੀਬੱਧਤਾ। 'ਪੈਂਚਾਂ ਦਾ ਕਹਿਣਾ ਸਿਰ ਮੱਥੇ ਪਰ ਪ੍ਰਣਾਲਾ ਥਾਂ'ਤੇ ਦਾ ਥਾਂ'। ਸੰਵਿਧਾਨ ਦੀ ਉਦੇਸ਼ਿਕਾ ਵਿਚ ਸਮਾਜਵਾਦ ਅਤੇ ਧਰਮ ਨਿਰਪੱਖਵਾਦ ਸਿਧਾਂਤਾਂ ਦਾ ਖਾਸ ਤੌਰ 'ਤੇ ਜ਼ਿਕਰ ਹੈ ਜਿਸ ਨੂੰ ਭਾਰਤੀ ਗਣਰਾਜ ਦੇ ਇਕ ਅਨਿੱਖੜਵੇਂ ਰੂਪ ਦਾ ਦਰਜਾ ਹਾਸਲ ਹੈ ਲੇਕਿਨ ਇਹ ਅਤੀ ਸ਼ਰਮ ਦੀ ਗੱਲ ਹੈ ਕਿ ਮੰਤਰੀ ਸਾਹਿਬਾਨ ਅਹੁਦਾ ਸੰਭਾਲਣ ਤੋਂ ਪਹਿਲਾਂ ਸੰਵਿਧਾਨ ਨੂੰ ਸਹੀ ਸਲਾਮਤ ਰੱਖਣ ਦੀ ਸਹੁੰ ਵੀ ਖਾਂਦੇ ਹਨ ਅਤੇ ਇਸ ਦੀਆਂ ਹੱਡੀਆਂ ਤੋੜਨ ਵਿਚ ਕੋਈ ਕਸਰ ਵੀ ਨਹੀਂ ਛੱਡਦੇ ਬਲਕਿ ਜਦ ਵੀ ਮੌਕਾ ਮਿਲੇ ਇਹਨਾਂ ਸਿਧਾਂਤਾਂ ਦਾ ਮਜ਼ਾਕ ਉਡਾਉਂਦੇ ਹਨ। ਸਿੱਧੀ ਜਿਹੀ ਗੱਲ ਹੈ ਕਿ ਜੇ ਸੰਵਿਧਾਨ ਦੇ ਨਾਂ ਤੇ ਮੰਤਰੀ ਬਣੇ ਲੋਕ ਸੈਕੂਲਰਵਾਦ ਦੇ ਸਿਧਾਂਤ ਨੂੰ ਮੰਨਦੇ ਹੀ ਨਹੀਂ ਤਾਂ ਉਹਨਾਂ ਤੋਂ ਬਾਕੀ ਤਬਕਿਆਂ ਖਾਸ ਕਰ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਸਮਾਨਤਾ ਭਾਈਚਾਰੇ ਦੇ ਵਰਤਾਉ ਦੀ ਕੀ ਉਮੀਦ ਹੋ ਸਕਦੀ ਹੈ?

ਅਫਸੋਸ ਦੀ ਗੱਲ ਹੈ ਕਿ ਦੇਸ਼ ਦੇ ਸਰਵਉਚ ਅਹੁਦੇ ਲਈ ਆਰ. ਐਸ. ਐਸ./ਭਾਜਪਾ ਦੁਆਰਾ ਇਕ ਦਲਿਤ ਵਿਅਕਤੀ ਨੂੰ ਚੁਣੇ ਜਾਣ ਦੇ ਰਹੱਸ ਨੂੰ ਵੀ ਇਸੇ ਰਣਨੀਤੀ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਰਾਮਨਾਥ ਕੋਵਿੰਦ ਜੀ ਦੇ ਰਾਸ਼ਟਰਪਤੀ ਬਣਨ ਦਾ ਸਮੁੱਚਾ ਦਲਿਤ ਸਮਾਜ ਸਵਾਗਤ ਕਰਦਾ ਹੈ ਬਲਕਿ ਮਾਣ ਵੀ ਮਹਿਸੂਸ ਕਰਦਾ ਹੈ। ਲੇਕਿਨ ਇਸ ਸਰਵਉਚ ਅਹੁਦੇ ਲਈ ਭਾਜਪਾ ਦੁਆਰਾ ਹੋਰ ਚੋਟੀ ਦੇ ਦਿੱਗਜ ਨੇਤਾਵਾਂ ਨੂੰ ਛੱਡ ਕੇ ਗੁੰਮਨਾਮ ਜਿਹੇ ਦਲਿਤ ਨੂੰ ਬਿਠਾਣਾ, ਇਸ ਸਾਰੇ ਕਾਂਡ ਦੀ ਪਿੱਠਭੂਮੀ (ਪਿਛੋਕੜ) ਅਤੇ ਨਾਲ ਹੀ ਨਾਲ ਦਲਿਤ ਸਮਾਜ ਦੇ ਦ੍ਰਿਸ਼ਟੀਕੋਣ ਨੂੰ ਵੀ ਨਜ਼ਰਅੰਦਾਜ਼ ਕਰਨਾ ਮੁਨਾਸਿਬ ਨਹੀਂ ਹੋਵੇਗਾ। ਦਲਿਤ ਭਾਵਨਾਵਾਂ ਨੂੰ ਤਾਂ ਛੱਡੋ ਸਭ ਪੱਖਾਂ ਦੇ ਲੋਕਾਂ ਦੀ ਇਹ ਸਪਸ਼ਟ ਰਾਏ ਹੈ ਕਿ ਅੱਜ ਦੇ ਤਣਾਅ ਭਰੇ ਹਾਲਾਤ ਵਿਚ ਅਤੇ ਮੁਕਾਬਲੇ ਦੇ ਰਾਜਨੀਤਿਕ ਮਾਹੌਲ ਵਿਚ ਭਾਜਪਾ ਲਈ 'ਦਲਿਤ ਕਾਰਡ' ਖੇਡਣ ਤੋਂ ਛੁੱਟ ਹੋਰ ਕੋਈ ਵਿਕਲਪ ਹੀ ਨਹੀਂ ਸੀ।

ਇਹ ਗੱਲ ਕਿਸ ਤੋਂ ਲੁਕੀ ਛਿਪੀ ਹੈ ਕਿ ਮੋਦੀ ਸਰਕਾਰ ਦੇ ਆਉਣ ਸਾਰ ਹੀ ਦਲਿਤ ਲੋਕਾਂ ਤੇ ਹੋ ਰਹੇ ਅੱਤਿਆਚਾਰਾਂ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ ਹੈ ਜਿਸ ਦੇ ਨਤੀਜੇ ਵਜੋਂ ਪੈਦਾ ਹੋਏ ਗੁੱਸੇ ਅਤੇ ਰੋਸ ਨੂੰ ਠੰਡਾ ਕਰਨ ਲਈ ਦਲਿਤ ਪੱਤਾ ਵੀ ਖੇਡਣਾ ਉਨਾ ਹੀ ਜ਼ਰੂਰੀ ਸੀ ਕਿਉਂਕਿ ਹੈਦਰਾਬਾਦ ਵਿਖੇ ਰੋਹਿਤ ਵੈਮੂਲਾ ਦੀ ਖੁਦਕੁਸ਼ੀ, ਊਨਾ ਵਿਖੇ ਦਲਿਤ ਮੁੰਡਿਆਂ ਦੀ ਬੇਰਹਿਮੀ ਮਾਰ-ਕੁਟਾਈ ਅਤੇ ਸਹਾਰਨਪੁਰ ਸ਼ਬੀਰਪੁਰ ਵਿਖੇ ਰਾਜਪੂਤ ਹਮਲਿਆਂ ਅਤੇ ਦਲਿਤਾਂ ਦੇ ਘਰਾਂ ਦੀ ਸਾੜ ਫੂਕ ਕਾਂਡਾਂ ਤੋਂ ਬਾਅਦ ਭਾਜਪਾ ਨੇ ਚੰਗੀ ਤਰ੍ਹਾਂ ਦੇਖ ਅਤੇ ਸਮਝ ਲਿਆ ਸੀ ਕਿ ਇਹ ਅੱਗ ਅੱਗੇ ਕਿੱਥੋਂ ਤੱਕ ਜਾ ਸਕਦੀ ਹੈ। ਕੋਈ ਵੀ ਮੂਰਖ ਤੋਂ ਮੂਰਖ ਪਾਰਟੀ ਦਲਿਤਾਂ ਦੀ 20-25 ਫੀਸਦੀ ਵੋਟ ਸ਼ਕਤੀ ਨੂੰ ਨਰਾਜ਼ ਕਰਨ ਦਾ ਜੋਖਿਮ ਨਹੀਂ ਲੈ ਸਕਦੀ।

ਇਸ ਫੈਸਲੇ ਦਾ ਦੂਸਰਾ ਨਿਸ਼ਾਨਾ ਦਲਿਤਾਂ ਵਿਚੋਂ ਹੀ ਕਿਸੇ ਦਲਿਤ ਨੂੰ ਉਠਾ ਕੇ ਉਹਨਾਂ ਦੀ ਉਠ ਰਹੀ ਸੰਗਠਨਾਤਮਕ ਸ਼ਕਤੀ ਨੂੰ ਕਮਜ਼ੋਰ ਅਤੇ ਨਸ਼ਟ ਕਰਨਾ ਜੋ ਸੰਘ ਪਰਿਵਾਰ ਲਈ ਸਭ ਤੋਂ ਵੱਡਾ ਖਤਰਾ ਹੈ। ਤੀਸਰੇ ਨੰਬਰ 'ਤੇ ਇਸ ਦਾ ਮਨੋਰਥ ਇਸ ਉੱਚੇ ਅਹੁਦੇ ਤੇ ਇਸ ਤਰ੍ਹਾਂ ਦੇ ਵਿਅਕਤੀ ਨੂੰ ਬਿਠਾਣਾ ਹੈ ਜੋ ਪ੍ਰਧਾਨ ਮੰਤਰੀ ਦੇ ਹਰ ਸਹੀ ਜਾਂ ਗਲਤ ਪ੍ਰਸਤਾਵ ਤੇ ਇੰਦਰਾ ਗਾਂਧੀ ਦੇ ਸਮੇਂ ਦੇ ਰਾਸ਼ਟਰਪਤੀ ਫਖਰੂਦੀਨ ਅਲੀ ਅਹਿਮਦ ਦੀ ਤਰ੍ਹਾਂ ਮਨਜ਼ੂਰੀ ਦੀ ਮੋਹਰ ਲਗਾ ਦੇਵੇ। ਜਿਸ ਆਦਮੀ ਦਾ ਪਾਲਣ ਪੋਸ਼ਣ ਹੀ ਸੰਘ ਦੀਆਂ ਸ਼ਾਖਾਂ ਵਿਚ ਹੋਇਆ ਹੋਵੇ, ਉਹ ਉਸ ਦੀਆਂ ਨੀਤੀਆਂ ਅਤੇ ਏਜੰਡੇ ਦੇ ਵਿਰੁੱਧ ਜਾ ਵੀ ਕਿਵੇਂ ਸਕਦਾ ਹੈ? ਉਪਰ ਦਿੱਤੇ ਤੱਥਾਂ ਅਤੇ ਸ਼ੰਕਿਆਂ ਨੂੰ ਸਹਿਜੇ ਖਾਰਜ ਕਰਨ ਦੀ ਗੁੰਜਾਇਸ਼ ਵੀ ਨਹੀਂ ਬਚਦੀ ਜਦ ਪਾਰਟੀ ਪ੍ਰਮੁੱਖ ਅਮਿਤ ਸ਼ਾਹ ਹੀ ਨਾਮ ਐਲਾਨਣ ਸਮੇਂ ਆਪਣੇ ਮੂੰਹੋਂ ਬੋਲ ਰਹੇ ਹੋਣ ਕਿ ਕੋਵਿੰਦ ਜੀ ਜਾਤਿ ਦੇ ਦਲਿਤ ਹਨ। ਕੀ ਪ੍ਰਤਿਭਾ ਪਾਟਿਲ ਜਾਂ ਪ੍ਰਣਬ ਮੁਖਰਜੀ ਦੇ ਸਮੇਂ ਕਿਸੇ ਨੇ ਬੋਲਿਆ ਸੀ ਕਿ ਉਹ ਜਾਤਿ ਦੇ ਬ੍ਰਾਹਮਣ ਸਨ ਜਾਂ ਗਿਆਨੀ ਜੈਲ ਸਿੰਘ ਬਾਰੇ ਕਿ ਉਹ ਸਿੱਖਾਂ ਦੀ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਸਨ? ਲੇਕਿਨ ਕੀ ਕਿਸੇ ਬੰਦੇ ਦੇ ਸਿਰਫ ਦਲਿਤ ਜਾਤ ਵਿਚ ਜਨਮ ਲੈਣ ਨਾਲ ਉਸ ਨੂੰ ਦਲਿਤਾਂ ਦੇ ਮਸੀਹਾ ਜਾਂ ਹਿਤੈਸ਼ੀ ਅਖਵਾਉਣ ਦਾ ਹੱਕ ਮਿਲ ਜਾਂਦਾ ਹੈ? ਜਾਂ ਕੁਝ ਲੋਕਾਂ ਦੁਆਰਾ ਦਿੱਤਾ ਗਿਆ ਸਰਟੀਫਿਕੇਟ ਹੀ ਕਾਫੀ ਹੈ? ਫਿਲਹਾਲ ਜਦ ਰਾਮਨਾਥ ਗੋਵਿੰਦ ਜੀ ਦੇਸ਼ ਦੇ ਅਤਿ ਸਨਮਾਨਿਤ ਅਹੁਦੇ 'ਤੇ ਬਿਰਾਜਮਾਨ ਹੋ ਗਏ ਹਨ, ਦਲਿਤ ਸਮਾਜ ਲਈ ਵੀ ਉਹ ਉਨੇ ਹੀ ਸਨਮਾਨਤ ਹਨ। ਹਾਂ, ਇੰਨਾ ਜ਼ਰੂਰ ਹੈ ਕਿ ਹੁਣ ਜਦ ਉਹਨਾਂ ਦੀ ਪਛਾਣ ਦਲਿਤ ਦੇ ਰੂਪ ਵਿਚ ਹੋ ਚੁੱਕੀ ਹੈ ਤਾਂ ਦਲਿਤ ਸਮਾਜ ਨੂੰ ਵੀ ਉਹਨਾਂ ਨਾਲ ਕੁਝ ਆਸਾਂ ਅਤੇ ਉਮੀਦਾਂ ਬੰਨ੍ਹਣ ਦਾ ਹੱਕ ਮਿਲ ਜਾਂਦਾ ਹੈ।

ਇਸ ਸੰਦਰਭ ਵਿਚ ਪਿਛਲੇ ਰਾਸ਼ਟਰਪਤੀ ਕੇ. ਆਰ. ਨਰਾਇਣਨ ਦੀ ਫਖਰਯੋਗ ਮਿਸਾਲ ਦਾ ਯਾਦ ਆਉਣਾ ਕੁਦਰਤੀ ਹੈ। ਉਹਨਾਂ ਤੋਂ ਜਦ ਉਹਨਾਂ ਦਾ ਅਹੁਦਾ ਸੰਭਾਲਣ ਦੇ ਜਲਦੀ ਬਾਅਦ ਪੱਤਰਕਾਰਾਂ ਨੇ ਪੁੱਛਿਆ ਕਿ 'ਤੁਸੀਂ ਦੇਸ਼ ਦੇ ਪਹਿਲੇ ਦਲਿਤ ਰਾਸ਼ਟਰਪਤੀ ਬਣਨ 'ਤੇ ਕਿਵੇਂ ਮਹਿਸੂਸ ਕਰ ਰਹੇ ਹੋ?' ਤਾਂ ਉਹਨਾਂ ਦਾ ਤੁਰੰਤ ਜਵਾਬ ਸੀ 'ਕੀ ਦਲਿਤ?' ਮੈਂ ਕੇਵਲ ਇਕ ਰਾਸ਼ਟਰਪਤੀ ਹਾਂ' ਅਤੇ ਜਿਹੜੇ ਉਹਨਾਂ ਨੇ ਆਪਣੇ ਕਾਰਜਕਾਲ ਵਿਚ ਕਈ ਮਹੱਤਵਪੂਰਨ ਫੈਸਲੇ ਲਏ ਅਤੇ ਕੰਮ ਕੀਤੇ ਖਾਸ ਕਰ ਜਦ ਉਹਨਾਂ ਨੇ 1998 ਵਿਚ ਭਾਜਪਾ ਸਰਕਾਰ ਵੱਲੋਂ ਸੰਵਿਧਾਨ ਬਦਲਣ ਦੀ ਕੋਸ਼ਿਸ਼ ਨੂੰ ਨਾਕਾਮ ਕੀਤਾ, ਹਮੇਸ਼ਾ ਚੇਤੇ ਰਹਿਣਗੇ। ਕੀ ਕੋਵਿੰਦ ਜੀ ਵੀ ਦਲਿਤ ਅਧਿਕਾਰਾਂ ਦੀ ਰੱਖਿਆ ਲਈ ਸੰਵਿਧਾਨ ਨੂੰ ਰਿਸ਼ਟ ਪੁਸ਼ਟ ਰੱਖ ਸਕਣਗੇ? ਕੋਵਿੰਦ ਜੀ ਨੂੰ ਮਹਾ ਮਹਿਮ ਬਣਾ ਕੇ ਹੁਕਮਰਾਨ ਪਾਰਟੀ ਨੇ ਦਲਿਤ ਲੋਕਾਂ ਦੇ ਵਧਦੇ ਰੋਸ ਅਤੇ ਗੁੱਸੇ ਨੂੰ ਠੰਡਾ ਕਰਨ ਦਾ ਯਤਨ ਜ਼ਰੂਰ ਕੀਤਾ ਹੈ। ਇਸ ਨੂੰ ਸ਼ਿਸ਼ਟਾਚਾਰ ਦੀ ਭਾਸ਼ਾ ਵਿਚ ਵੱਧ ਤੋਂ ਵੱਧ ਦੋਸਤਾਨਾ ਸੰਕੇਤ ਹੀ ਕਿਹਾ ਜਾ ਸਕਦਾ ਹੈ। ਲੇਕਿਨ ਕੀ ਇਸ ਸੰਕੇਤਕ ਮਿੱਤਰਤਾ ਨਾਲ ਦਲਿਤ ਵਰਗਾਂ ਦਾ ਕੋਈ ਭਲਾ ਹੋਣ ਵਾਲਾ ਹੈ? ਜਾਂ ਕੀ ਉਹ ਦਲਿਤ ਲੋਕਾਂ 'ਤੇ ਹੁੰਦੇ ਜ਼ੁਲਮ ਅੱਤਿਆਚਾਰਾਂ ਨੂੰ ਬੰਦ ਕਰਵਾਉਣ ਲਈ ਕੋਈ ਪ੍ਰਭਾਵਕਾਰੀ ਭੂਮਿਕਾ ਨਿਭਾ ਸਕਣਗੇ? ਹਾਲ ਦੀ ਘੜੀ ਇਸ ਚੁਭਵੇਂ ਸਵਾਲ ਦਾ ਕੋਈ ਜਵਾਬ ਨਜ਼ਰ ਨਹੀਂ ਆਉਂਦਾ, ਕਿਉਂਕਿ ਜਿਹਾ ਕਿ ਪਿੱਛੇ ਦੇਖਿਆ ਗਿਆ ਉਹਨਾਂ ਨੇ ਦਲਿਤ ਅੱਤਿਆਚਾਰਾਂ ਦੀ ਵਿਰੋਧੀ ਵਿਚ ਇਕ ਵੀ ਸ਼ਬਦ ਨਹੀਂ ਬੋਲਿਆ। ਇਹ ਉਮੀਦ ਭਰੀ ਸ਼ਿਕਾਇਤ ਚਲਦੀ ਰਹੇਗੀ ਜਦ ਤੱਕ ਕਿ ਉਸ ਦਾ ਹੱਲ ਨਹੀਂ ਹੋ ਜਾਂਦਾ। ਰਾਸ਼ਟਰਪਤੀ ਬਾਰੇ ਆਸਾਂ ਉਮੀਦਾਂ ਦੇ ਚੱਕਰ ਤੋਂ ਹਟ ਕੇ ਜਿਸ ਬਹੁਤ ਹੀ ਮਹੱਤਵਪੂਰਨ ਉਦੇਸ਼ ਤੇ ਦਲਿਤ ਵਰਗ ਨੂੰ ਆਪਣੀ ਸਾਰੀ ਤਾਕਤ ਅਤੇ ਤਵੱਜੋਂ ਕੇਂਦਰਿਤ ਕਰਨੀ ਚਾਹੀਦੀ ਹੈ, ਉਹ ਹੈ ਕਿ ਉਹ ਆਰ. ਐਸ. ਐਸ. ਦੇ ਭਰਮਾਊ ਮਹਾਂਜਾਲ ਵਿਚੋਂ ਨਿਕਲ ਕੇ ਆਪਣੀ ਅਣਖ ਖੋਰ ਹੋਂਦ ਅਤੇ ਸਨਮਾਨ ਪੂਰਨ ਜੀਵਨ ਨੂੰ ਕਿਵੇਂ ਸੁਰੱਖਿਅਤ ਰੱਖ ਸਕਦੇ ਹਨ। ਖੁਦ ਬਾਬਾ ਸਾਹਿਬ ਨੇ ਦੇਸ਼ ਵਾਸੀਆਂ ਨੂੰ ਆਪਣੀ ਸੰਵਿਧਾਨ ਸਭਾ ਦੇ ਭਾਸ਼ਣ (25. 11. 1949) ਰਾਹੀਂ ਤਾੜਨਾ ਕੀਤੀ ਸੀ ਕਿ ਇਹ ਨਵਪ੍ਰਾਪਤ ਰਾਜਨੀਤਿਕ ਆਜ਼ਾਦੀ ਸਮਾਜਿਕ ਅਤੇ ਆਰਥਿਕ ਬਰਾਬਰੀ ਤੋਂ ਬਿਨਾਂ ਅਧੂਰੀ, ਲੰਗੜੀ ਅਤੇ ਨਾਪਾਇਦਾਰ ਹੈ। ਉਹਨਾਂ ਨੇ ਇਸੇ ਭਾਸ਼ਣ ਵਿਚ ਦੇਸ਼ ਵਾਸੀਆਂ ਖਾਸ ਕਰ ਹੁਕਮਰਾਨ ਵਰਗ ਨੂੰ ਸਪਸ਼ਟ ਚਿਤਾਵਨੀ ਵੀ ਦਿੱਤੀ ਸੀ ਕਿ ਉਤਪੀੜਨ ਸਹਿੰਦੇ ਲੋਕਾਂ (ਦਲਿਤ ਵਰਗਾਂ) ਨੂੰ ਬਰਾਬਰੀ ਦੇ ਅਧਿਕਾਰ ਛੇਤੀ ਤੋਂ ਛੇਤੀ ਦੇ ਦਿੱਤੇ ਜਾਣੇ ਚਾਹੀਦੇ ਹਨ ਨਹੀਂ ਤਾਂ ਇਹ ਲੋਕਤੰਤਰੀ ਢਾਂਚਾ ਹੀ ਤਹਿਸ ਨਹਿਸ ਹੋ ਜਾਵੇਗਾ।' ਇਸ ਵਾਰਨਿੰਗ ਵੱਲ ਸ਼ਾਸਕ ਵਰਗ ਕੰਨ ਦਿੰਦਾ ਹੈ ਜਾਂ ਨਹੀਂ ਇਹ ਉਹਨਾਂ ਦਾ ਕੰਮ ਹੈ ਪਰ ਦਲਿਤ ਵਰਗਾਂ ਨੂੰ ਇਸ ਵਾਰਨਿੰਗ ਵਿਚ ਛਿਪੇ ਸੰਦੇਸ਼ ਨੂੰ ਤਾਂ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਉਹਨਾਂ ਨੂੰ ਹੁਣ ਕੀ ਕਰਨਾ ਚਾਹੀਦਾ ਹੈ?

# ਪਾਸਟਰ ਸੁਲਤਾਨ ਦੀ ਹੱਤਿਆ ਦਾ ਅਜੇ ਤੱਕ ਕੋਈ ਸੁਰਾਗ ਨਹੀਂ

(ਸਫਾ 6 ਦੀ ਬਾਕੀ)

ਅਲੋਚਨਾ ਕਰਕੇ ਅਨਪੜ੍ਹ ਕਿਸਮ ਦੇ ਲੋਕਾਂ ਦੇ ਜਜ਼ਬਾਤ ਭੜਕਾ ਆਪਣਾ ਰੋਟੀ ਪਾਣੀ ਚਲਾ ਰਹੇ ਹਨ। ਇਹ ਲੋਕ ਈਸਾਈ ਧਰਮ ਲਈ ਇੱਕ ਬਹੁਤ ਵੱਡਾ ਖਤਰਾ ਬਣ ਚੁੱਕੇ ਹਨ। ਜੇਕਰ ਈਸਾਈ ਇਨ੍ਹਾਂ ਪ੍ਰਤੀ ਖਬਰਦਾਰ ਨਾ ਹੋਏ ਤਾਂ ਇਹ ਈਸਾਈਆਂ ਦਾ ਖੂਨ ਖਰਾਬਾ ਕਰਵਾ ਸਕਦੇ ਹਨ। ਸਾਡੀ ਈਸਾਈਆਂ ਨੂੰ ਅਪੀਲ ਹੈ ਕਿ ਇਹੋ ਜਿਹੇ ਲੋਕਾਂ ਤੋਂ ਖਬਰਦਾਰ ਰਹਿਣ ਅਤੇ ਇਨ੍ਹਾਂ ਨੂੰ ਆਪਣੇ ਘਰਾਂ ਅਤੇ ਚਰਚਾਂ ਵਿਚ ਨਾ ਵੜਨ ਦੇਣ।

**ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਿਲੇ ਈਸਾਈ-** ਪੰਜਾਬ ਦੇ ਮਹੌਲ ਨੂੰ ਵਿਗੜਦਿਆਂ ਵੇਖ ਕੈਥੋਲਿਕ ਦੇ ਬਿਸ਼ਪ ਸਾਹਿਬ ਆਪਣੇ ਵਫਦ ਨਾਲ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮਿਲੇ ਤੇ ਪੰਜਾਬ ਦੇ ਮਹੌਲ ਨੂੰ ਵਿਗੜਨ ਤੋਂ ਬਚਾਉਣ ਤੇ ਜ਼ੋਰ ਦਿੱਤਾ। ਇਸ ਗੱਲ ਦੇ ਅਰਥ ਕੱਢਣ ਦੀ ਲੋੜ ਹੈ।

**ਦੋ ਪ੍ਰਮੁੱਖ ਪ੍ਰਤੀਕਰਮ-** ਪਿਛਲੇ ਦਿਨਾਂ ਵਿੱਚ ਪ੍ਰਭੂ ਯਿਸੂ ਵਿਰੁਧ ਬੇਹੱਦ ਇਤਰਾਜ਼ਯੋਗ ਭਾਸ਼ਾ ਵਰਤੇ ਜਾਣ ਵਿਰੁਧ ਜੋ ਪੰਜਾਬ ਦੇ ਈਸਾਈਆਂ ਵਿੱਚ ਪ੍ਰਤੀਕਰਮ ਵੇਖਿਆ ਗਿਆ ਅਜਿਹਾ ਪੰਜਾਬ ਦੇ ਇਤਿਹਾਸ ਕਦੀ ਨਹੀਂ ਹੋਇਆ। (2) ਦੂਜਾ ਪ੍ਰਤੀਕਰਮ ਹੈ ਪਾਸਟਰ ਸੁਲਤਾਨ ਮਸੀਹ ਦੇ ਕਤਲ ਤੇ ਈਸਾਈਆਂ ਵਿੱਚ ਪਾਇਆ ਗਿਆ ਰੋਹ ਅਤੇ ਇਸ ਮਸਲੇ ਤੇ ਈਸਾਈਆਂ ਦੀ ਏਕਤਾ। ਜੇਕਰ ਇਹ ਏਕਤਾ ਸਥਾਈ ਹੈ ਤਾਂ ਬਹੁਤ ਚੰਗੀ ਗੱਲ ਹੈ। ਜੇਕਰ ਸਥਾਈ ਨਹੀਂ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਈਸਾਈ ਭਾਈਚਾਰਾ ਸਥਾਈ ਏਕਤਾ ਵੱਲ ਨੂੰ ਵੱਧ ਰਿਹਾ ਹੈ ਹਾਲਾਂਕਿ ਅਸੀਂ ਆਪਣੀ ਤੁੱਛ ਬੁੱਧੀ ਅਨੁਸਾਰ ਸਮਝਦੇ ਹਾਂ ਕਿ ਈਸਾਈਆਂ ਵਿੱਚ ਸਥਾਈ ਏਕਤਾ ਹਾਲੇ ਦੂਰ ਦੀ ਕੌਡੀ ਹੈ। ਇਹੀ ਈਸਾਈਆਂ ਦਾ ਸਭ ਤੋਂ ਵੱਡਾ ਦੁਖਾਂਤ ਹੈ।

**ਪੰਜਾਬ ਵਿੱਚ ਈਸਾਈਅਤ-** ਪੰਜਾਬ ਵਿੱਚ ਈਸਾਈਅਤ ਭਾਵੇਂ ਪਹਿਲੀ ਈਸਵੀ ਸਦੀ ਵਿੱਚ ਆ ਗਈ ਸੀ ਪਰ ਰਾਜਨੀਤਿਕ ਉਥਲ ਪੁਥਲ ਕਾਰਣ ਪ੍ਰਭੂ ਯਿਸੂ ਦੇ ਪ੍ਰਮੁੱਖ ਚੇਲੇ ਸੰਤ ਥੋਮਾ ਇਥੋਂ ਦੱਖਣੀ ਭਾਰਤ ਚਲੇ ਗਏ ਸਨ। ਪੰਜਾਬ ਵਿੱਚ ਈਸਾਈਅਤ ਦਾ ਤਾਜ਼ਾ ਇਤਿਹਾਸ ਲਗਪਗ ਪੌਣੇ ਦੋ ਸੌ ਸਾਲ ਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਕੋਈ ਈਸਾਈ ਰਾਜਨੀਤਿਕ, ਆਰਥਿਕ, ਸਮਾਜਿਕ, ਵਿਦਿਅਕ ਅਤੇ ਸਭਿਆਚਾਰਕ ਮਸਲਿਆਂ ਦਾ ਕੋਈ ਈਸਾਈ ਅਕਸਪਰਟ ਨਹੀਂ ਹੈ ਜੋ ਇਸ ਕੌਮ ਨੂੰ ਅਜਿਹੇ ਬਿਖੜਿਆਂ ਸਮਿਆਂ ਵਿੱਚ ਸੇਧ ਦੇ ਸਕੇ। ਇਸ ਤੋਂ ਵੀ ਵੱਡੀ ਦੁਖ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ 6 ਲੱਖ ਈਸਾਈਆਂ ਵਿਚੋਂ ਘੱਟੋ ਘੱਟ 4 ਲੱਖ ਆਪਣੇ ਆਪ ਨੂੰ ਹਰ ਮਸਲੇ ਦਾ ਹੀ ਅਕਸਪਰਟ ਸਮਝਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਕਾਲਜਾਂ ਜਾਂ ਯੂਨੀਵਰਸਿਟੀ ਦੀ ਤਾਂ ਕੀ ਹਾਈ ਸਕੂਲਾਂ ਤੱਕ ਦੀ ਸ਼ਕਲ ਤੱਕ ਨਹੀਂ ਵੇਖੀ। ਸੋ ਜੇਕਰ ਅੰਨ੍ਹਾ ਅੰਨ੍ਹੇ ਨੂੰ ਰਾਹ ਦਿਖਾਏਗਾ ਤਾਂ ਕੌਮ ਦਾ ਉਹੀ ਹਾਲ ਹੋਵੇਗਾ ਜੋ ਪ੍ਰਭੂ ਯਿਸੂ ਨੇ ਦੱਸਿਆ ਹੈ।

**ਸਿਆਸੀ ਪਾਰਟੀਆਂ ਦੇ ਪ੍ਰਤੀਕਰਮ -** ਪਾਸਟਰ ਸੁਲਤਾਨ ਮਸੀਹ ਦਾ ਕਤਲ ਪੰਜਾਬ ਭਰ ਲਈ ਚਿੰਤਾ ਦਾ ਕਾਰਣ ਹੈ। ਨਾ ਕੇਵਲ ਕਾਂਗਰਸ ਹੀ ਇਸ ਸਥਿਤੀ ਬਾਰੇ ਚਿੰਤਤ ਹੈ ਬਲਕਿ ਲਗਪਗ ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ ਇਸ ਕਤਲ ਪ੍ਰਤੀ ਆਪਣਾ ਪ੍ਰਤੀਕਰਮ ਪ੍ਰਗਟ ਕਰ ਚੁੱਕੀਆਂ ਹਨ। ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਸਟਰ ਸੁਲਤਾਨ ਮਸੀਹ ਜੀ ਦੀ ਧਰਮ ਪਤਨੀ ਨਾਲ ਖੁਦ ਫੋਨ ਤੇ ਅਫਸੋਸ ਪ੍ਰਗਟ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨੂੰ ਕਾਂਗਰਸ ਸਰਕਾਰ ਦੀ ਨਲਾਇਕੀ ਕਰਾਰ ਦਿੱਤਾ ਹੈ।

ਉਹ ਪਾਸਟਰ ਸੁਲਤਾਨ ਮਸੀਹ ਦੇ ਪਰਿਵਾਰ ਕੋਲ ਸ਼ੋਕ ਪ੍ਰਗਟ ਕਰਨ ਲਈ ਖੁਦ ਪਹੁੰਚੇ। ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਇਹ ਆਰ.ਐਸ.ਐਸ. ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਕਾਰਾ ਹੋ ਸਕਦਾ ਹੈ। ਜਦਕਿ ਭਾਰਤੀਆ ਜਨਤਾ ਪਾਰਟੀ ਨੇ ਆਮ ਪਾਰਟੀ ਦੇ ਨੇਤਾ ਸੁਖਪਾਲ ਸਿੰਘ ਖੈਹਰਾ ਦੇ ਇੱਕ ਬਿਆਨ ਤੇ ਟਿੱਪਣੀ ਕਰਦਿਆਂ ਕਿਹਾ ਕਿ ਖੈਹਰਾ ਦਾ ਦਿਮਾਗ ਖਰਾਬ ਹੋ ਗਿਆ ਹੈ। ਉਨ੍ਹਾਂ ਨੂੰ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ।

**ਮਿਮੋਰੀਅਲ ਸਰਵਿਸ-** ਪਾਸਟਰ ਸੁਲਤਾਨ ਮਸੀਹ ਦੇ ਨਮਿਤ ਮਿਮੋਰੀਅਲ ਸਰਵਿਸ ਦਾਣਾ ਮੰਡੀ ਲੁਧਿਆਣਾ ਵਿਖੇ ਹੋਈ। ਜਿਸ ਵਿੱਚ ਪੰਜਾਬ ਸਰਕਾਰ ਦੇ ਪ੍ਰਤੀਨਿਧ ਰੇਣਕਾ ਚੌਧਰੀ, ਮਸੀਹੀ ਵਿਦਵਾਨ ਰੈਵ. ਜੋਨ ਦਿਆਲ, ਰੈਵ. ਰਿਚਰਡ ਹਾਵਲ ਦਿੱਲੀ, ਕਾਂਗਰਸੀ ਵਿਧਾਇਕ ਹਰੀ ਸਿੰਘ ਜ਼ੀਰਾ, ਅਕਾਲੀ ਦਲ ਦੇ ਪ੍ਰਤੀਨਿਧ ਮਜੀਠੀਆ, ਮਨਿਉਰਿਟੀ ਪੰਜਾਬ ਕਮਿਸ਼ਨ ਦੇ ਚੇਅਰਮੈਨ ਸ੍ਰੀ ਮੁਨੱਵਰ ਮਸੀਹ, ਸ੍ਰੀ ਲਾਰਿੰਸ ਮਲਿਕ , ਐਲਬਰਟ ਦੁਆ, ਪਾਸਟਰ ਪੀਟਰ ਪ੍ਰਕਾਸ਼, ਸ੍ਰੀ ਜੌਹਨਸਨ ਲੁਧਿਆਣਾ, ਬਿਸ਼ਪ ਜੀਤ ਮਸੀਹ, ਬਿਸ਼ਪ ਇਮਾਨੂੰਏਲ ਰਹਿਮਤ, ਪਾਸਟਰ ਐਲੀਏਜ਼ਰ, ਪਾਸਟਰ ਜੋਰਜ ਮਸੀਹ ਬਠਿੰਡਾ, ਲਾਲ ਚੰਦ ਪ੍ਰਧਾਨ, ਹਮੀਦ ਮਸੀਹ, ਪਾਸਟਰ ਅਭੀਸ਼ੇਕ ਗੜ੍ਹਾ, ਪਾਸਟਰ ਸੁਨੀਲ ਖੁਰਾਣਾ ਬਠਿੰਡਾ, ਪਾਸਟਰ ਜੇਮਸ ਚਾਕੋ, ਪਾਸਟਰ ਸੈਮ ਤੀਨਚਲੀਆਂ, ਲਾਰੰਸ ਚੌਧਰੀ, ਬਿਸ਼ਪ ਰੂਪ ਲਾਲ, ਸੰਤ ਜਸਵੀਰ ਲਾਡੀ, ਸੰਤ ਵਿਜੇ ਕੁਮਾਰ, ਪਾਸਟਰ ਹਰਮੇਸ਼ ਦਇਆ ਸਾਗਰ ਮਨਿਸਟਰੀ, ਪਾਸਟਰ ਸਾਮ ਜੋਰਜ, ਕੁਲਦੀਪ ਸਿੰਘ ਸੰਧਿਆਵਾਲੀਆ ਪ੍ਰਧਾਨ ਓਪਨ ਡੋਰ ਚਰਚ ਖੋਜੇਵਾਲ, ਪਾਸਟਰ ਪੀਟਰ ਪ੍ਰਕਾਸ਼, ਸ੍ਰੀ ਮੌਰਿਸ ਭੱਟੀ, ਡਾ. ਜੌਹਨ ਅਕਬਰ ਰਾਹੀ, ਪਾਸਟਰ ਮਦਨ ਲਾਲ, ਪਾਸਟਰ ਪੱਪੂ, ਸਟੀਫਨ ਸਿੱਧੂ ਸਮੇਤ ਹਜ਼ਾਰਾਂ ਲੋਕ ਸ਼ਾਮਲ ਸਨ।

# ਕੇਵਲ ਕ੍ਰਿਸ਼ਨ ਅਤੇ ਆਸ਼ਾ ਰਾਣੀ ਦਾ ਸ਼ੁਭ ਆਨੰਦ ਕਾਰਜ ਬਹੁਤ ਹੀ ਸਾਦਾ ਅਤੇ ਗੁਰਮਰਿਆਦਾ ਅਨੁਸਾਰ ਹੋਇਆ











ਰਿਪੋਰਟ ਅਤੇ ਤਸਵੀਰਾਂ
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)











# ਕੇਵਲ ਕ੍ਰਿਸ਼ਨ ਅਤੇ ਆਸ਼ਾ ਰਾਣੀ ਦਾ ਸ਼ੁਭ ਅਨੰਦ ਕਾਰਜ ਬਹੁਤ ਹੀ ਸਾਦਾ ਅਤੇ ਗੁਰਮਰਿਆਦਾ ਅਨੁਸਾਰ ਹੋਇਆ













ਰਿਪੋਰਟ ਅਤੇ ਤਸਵੀਰਾਂ
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਰਿਓਲਿੰਡਾ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਸ੍ਰੀਮਤੀ ਗੁਰਮੇਜ਼ ਕੌਰ ਅਤੇ ਸ੍ਰੀ ਮਹਿੰਦਰ ਪਾਲ ਜੀ ਦੇ ਸਪੁੱਤਰ ਕੇਵਲ ਕ੍ਰਿਸ਼ਨ ਦਾ ਸ਼ੁਭ ਆਨੰਦ ਕਾਰਜ (ਵਿਆਹ) 29 ਜੁਲਾਈ 2017 ਨੂੰ ਸ੍ਰੀਮਤੀ ਸੁਮਿੱਤਰਾ ਦੇਵੀ ਅਤੇ ਸ੍ਰੀ ਸਤਪਾਲ ਜੀ ਦੀ ਸਪੁੱਤਰੀ ਆਸ਼ਾ ਰਾਣੀ ਨਾਲ ਬਹੁਤ ਹੀ ਸਾਦਾ ਅਤੇ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ।

ਗੁਰੂ ਘਰ ਦਾ ਰਾਗੀ ਜਥਾ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਤੇ ਭਾਈ ਜਸਪਾਲ ਸਿੰਘ ਜੀ ਵੱਲੋਂ ਬਹੁਤ ਹੀ ਰਸਭਿੰਨੇ ਅਨੰਦ ਕਾਰਜ ਸਬੰਧਤ ਸ਼ਬਦ ਪੜ੍ਹੇ ਗਏ ਤੇ ਚਾਰ ਲਾਵਾਂ ਦਾ ਪਾਠ ਸੰਗਤ ਨੇ ਸਰਵਣ ਕੀਤਾ। ਇਸ ਮੌਕੇ ਵਿਆਂਦੜ ਲੜਕਾ-ਲੜਕੀ ਦੇ ਸਕੇ-ਸਬੰਧੀ ਰਿਸ਼ਤੇਦਾਰਾਂ, ਭਾਈਚਾਰੇ ਨੇ ਸ਼ਿਰਕਤ ਕੀਤੀ ਤੇ ਨਵ ਵਿਆਂਦੜ ਜੋੜੇ ਨੂੰ ਦਿਲੀ ਵਧਾਈ ਦਿੱਤੀ।

ਲੜਕੇ ਦੇ ਪਰਿਵਾਰ ਵੱਲੋਂ ਕੇਵਲ ਕ੍ਰਿਸਨ ਦੇ ਮਾਸੀ ਸ੍ਰੀਮਤੀ ਮਨਜੀਤ ਕੌਰ ਤੇ ਮਾਸੜ ਸ੍ਰੀ ਹਰਬੰਸ ਰੱਲ੍ਹ ਨੇ ਦੋਵਾਂ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ। ਉਹਨਾਂ ਦੇ ਨਾਲ ਸ੍ਰੀ ਕਮਲ ਗਾਟ (ਜੀਜਾ ਜੀ) ਤੇ ਭੈਣ ਸੋਮਾ ਰਾਣੀ ਵੀ ਕੈਨੇਡਾ ਤੋਂ ਹਾਜ਼ਰ ਸਨ।

ਲੜਕੀ ਪਰਿਵਾਰ ਵੱਲੋਂ ਚਾਚਾ-ਚਾਚੀ ਜੀ ਵਜੋਂ ਸ੍ਰੀ ਜੈ ਰਾਮ ਗਾਟ ਜੀ ਅਤੇ ਸ੍ਰੀਮਤੀ ਸਵਰਨ ਕੌਰ ਗਾਟ ਜੀ (ਇੰਡੀਆ ਬਾਜ਼ਾਰ ਸਟਾਕਟਨ ਵਾਲੇ), ਉਹਨਾਂ ਦੇ ਸਪੁੱਤਰ ਸ੍ਰੀ ਹਰਜੀਤ ਕੁਮਾਰ ਹੈਪੀ, ਭੈਣ ਜਸਵੀਰ ਕੌਰ ਅਤੇ ਜੀਜਾ ਮਨਜਿੰਦਰ ਝੰਮਟ ਜੀ (ਰਾਜ ਇੰਸ਼ੋਰੈਂਸ ਸਟਾਕਟਨ ਵਾਲੇ) ਅਤੇ ਦੁਬਈ (ਯੂ. ਏ. ਈ.) ਤੋਂ ਸ੍ਰੀ ਅਜੇ ਕੁਮਾਰ ਗਾਟ ਜੀ ਦਾ ਪਰਿਵਾਰ, ਲੜਕੀ ਦੀ ਭਰਜਾਈ ਜੀ ਸ੍ਰੀਮਤੀ ਸਰਬਜੀਤ ਕੌਰ ਗਾਟ ਆਪਣੇ ਪਰਿਵਾਰ ਸਮੇਤ ਇਸ ਸ਼ੁਭ ਵਿਆਹ 'ਤੇ ਹਾਜ਼ਰ ਸਨ। ਇਹਨਾਂ ਤੋਂ ਇਲਾਵਾ ਪੱਛਮੀ ਬੰਗਾਲ ਤੋਂ ਸ੍ਰੀ ਦੇਵ ਰਾਜ ਧਾਰਾ ਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਅਰਪਿਤਾ ਧਾਰਾ ਪਰਿਵਾਰ ਸਮੇਤ ਉਚੇਚੇ ਤੌਰ ਤੇ ਇਕ ਧਰਮ ਦੇ ਭਰਾ ਵਜੋਂ ਹਾਜ਼ਰ ਹੋਏ।

ਸ਼ੁਭ ਆਨੰਦ ਕਾਰਜ ਉਪਰੰਤ ਦੋਵੇਂ ਪਰਿਵਾਰਾਂ ਅਤੇ ਸਕੇ-ਸਬੰਧੀਆਂ ਵੱਲੋਂ ਤੇ ਆਏ ਮਹਿਮਾਨਾਂ ਵੱਲੋਂ ਲੜਕੇ-ਲੜਕੀ ਨੂੰ ਸ਼ਗਨ/ਵਧਾਈਆਂ ਦੇ ਕੇ ਆਪੋ ਆਪਣੀ ਖੁਸ਼ੀ ਨੂੰ ਦੋਵਾਂ ਪਰਿਵਾਰਾਂ ਨਾਲ ਸਾਂਝਾ ਕੀਤਾ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

ਇਸ ਸ਼ੁਭ ਅਵਸਰ 'ਤੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਬਲਵਿੰਦਰ ਰੱਲ੍ਹ ਤੇ ਹੋਰ ਮੈਂਬਰ ਸਾਹਿਬਾਨ, ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਹਫਤਾਵਰੀ ਅਖਬਾਰ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਵੀ ਵਿਆਂਦੜ ਲੜਕੇ-ਲੜਕੀ ਨੂੰ ਸ਼ੁਭ ਇੱਛਾਵਾਂ ਦਿੱਤੀਆਂ। ਇਸ ਤੋਂ ਇਲਾਵਾ ਸਰਵ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ), ਗਿਆਨ ਚੰਦ ਕਾਜਲਾ, ਦਲਜੀਤ ਜੱਸਲ, ਪ੍ਰੇਮ ਸਾਗਰ, ਅਜੇ ਪਡਬੱਗਾ, ਗੁਰਪਾਲ ਸਿੰਘ (ਚੇਅਰਮੈਨ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ), ਦੀਪਕ ਸਰੋਏ ਤੇ ਉਹਨਾਂ ਦੇ ਪਿਤਾ ਜੀ, ਮੱਖਣ ਲੁਹਾਰ, ਮਹਿੰਦਰ ਸਿੰਘ ਧਾਮੀ, ਕਰਨੈਲ ਵਿਰਕ, ਜਸਵੰਤ ਸ਼ੀਂਹਮਾਰ ਤੇ ਉਹਨਾਂ ਦੇ ਸਪੁੱਤਰ, ਤੇਜਾ ਵਿਰਕ (ਰਿਅ ਫੈਸ਼ਨ ਵਾਲੇ) ਅਤੇ ਜੀਤ ਰੱਲ੍ਹ (ਵੁੱਡਲੈਂਡ) ਆਦਿ ਨਾਂ ਵਰਣਨਯੋਗ ਹਨ। ਇਹਨਾਂ ਸੁਭਾਗੀ ਜੋੜੀ ਨੂੰ ਆਪਣੇ ਵੱਲੋਂ ਤੇ ਪਰਿਵਾਰ ਵੱਲੋਂ ਹਾਰਦਿਕ ਵਧਾਈ ਦਿੱਤੀ। ਸਟੇਜ ਦੀ ਸੇਵਾ ਤੇ ਵਿਆਹ ਦੀ ਵਧਾਈ ਗੀਤਮਈ ਅੰਦਾਜ਼ 'ਚ ਸ਼ਾਇਰ ਸ੍ਰੀ ਜੀਵਨ ਰੱਤੂ ਜੀ ਨੇ ਬਾਖੂਬੀ ਨਿਭਾਈ। ਦੋਵੇਂ ਪਰਿਵਾਰਾਂ ਅਤੇ ਵਿਆਹ ਵਾਲੇ ਲੜਕਾ-ਲੜਕੀ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ ਤੇ ਨਵਵਿਆਹੀ ਜੋੜੀ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਹਾਰਦਿਕ ਵਧਾਈ ਦਿੱਤੀ ਗਈ।

# ਸ੍ਰੀ ਕਰਨੈਲ ਸਿੰਘ (ਸਾਬਕਾ ਐਸ.ਐਸ.ਪੀ.) ਅਤੇ ਸ੍ਰੀ ਨਰੰਜਣ ਸਿੰਘ ਦੁਬਈ ਨੂੰ ਸ਼ਾਮ ਦੇ ਡਿਨਰ ਨਾਲ 'ਜੀ ਆਇਆਂ'







ਰਿਪੋਰਟ ਅਤੇ ਤਸਵੀਰਾਂ
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



**ਐਲਕਗਰੋਵ (ਡੀ. ਡੀ. ਬੀ.)-** ਇਨਸਾਨ ਦਾ ਜਦੋਂ ਤੋਂ ਵਿਕਾਸ ਤੇ ਪ੍ਰਕਾਸ਼ ਦਾ ਗਿਆਨ ਹੋਇਆ, ਉਦੋਂ ਤੋਂ ਹੀ ਉਹ ਇੱਧਰ-ਉਧਰ, ਦੇਸ਼-ਵਿਦੇਸ਼, ਰੁਜ਼ਗਾਰ-ਸਵੈਰੁਜ਼ਗਾਰ ਦੀ ਭਾਲ 'ਚ ਹੋਰ ਬੁਲੰਦੀਆਂ ਨੂੰ ਛੂਹਣ ਲਈ ਆਪਣਾ ਘਰ-ਪਰਿਵਾਰ, ਨਗਰ-ਸ਼ਹਿਰ ਵਤਨੋਂ ਦੂਰ ਜਾਣ ਦੀ ਪਰਵਾਹ ਨਹੀਂ ਕੀਤੀ। ਇਸ ਸਭ ਕੁਝ 'ਚ ਉਸਨੇ ਸਿਰਫ ਆਪਣਾ ਹੀ ਨਹੀਂ ਬਲਕਿ ਘਰ-ਪਰਿਵਾਰ, ਯਾਰ-ਦੋਸਤ, ਸਕੇ-ਸਬੰਧੀ ਆਦਿ ਦੀ ਖੁਸ਼ਹਾਲੀ 'ਚ ਵੀ ਕੁਝ ਨਾ ਕੁਝ ਯੋਗਦਾਨ ਪਾਉਣ ਦੀ ਠਾਣ ਰੱਖੀ ਹੈ।

ਇਹੀ ਵਜ੍ਹਾ ਹੈ ਕਿ ਉਹ ਸੱਤ-ਸਮੁੰਦਰ ਪਾਰ ਆ ਕੇ ਵੀ ਆਪਣੇ ਮਾਤਾ-ਪਿਤਾ, ਭੈਣ-ਭਰਾਵਾਂ, ਪਰਿਵਾਰ, ਸਕੇ-ਸਬੰਧੀ, ਯਾਰਾਂ-ਦੋਸਤਾਂ ਨਾਲ ਰਾਬਤਾ, ਗਾਹੇ-ਬਗਾਹੇ ਬਣਾਈ ਰੱਖਦਾ ਹੈ।

ਪੰਜਾਬੀ ਭਾਈਚਾਰਾ ਜੋ ਬਾਹਰਲੇ ਮੁਲਕਾਂ 'ਚ ਆ ਵੱਸਿਆ ਹੈ, ਜਦੋਂ ਕਦੇ ਉਹਨਾਂ ਦਾ ਕੋਈ ਆਪਣਾ ਵਤਨ ਤੋਂ ਬਾਹਰ ਉਹਨਾ ਪਾਸ ਆਉਂਦਾ ਹੈ ਤਾਂ ਉਸ ਦਾ ਜੀਅ ਭਰ ਕੇ ਕਲਾਵੇ 'ਚ ਲੈ ਕੇ ਦਿਲੀ ਨਿੱਘਾ ਸਵਾਗਤ ਕਰਦਾ ਹੈ ਅਤੇ ਦੁੱਖ-ਸੁੱਖ 'ਚ ਉਹਨਾਂ ਨੂੰ ਉਹਨਾਂ ਨਾਲ ਖੜ੍ਹੇ ਹੋਣ ਦਾ ਭਰੋਸਾ ਦਿਵਾਉਂਦਾ ਹੈ।

ਅਜਿਹਾ ਹੀ ਦੇਖਣ ਨੂੰ 30 ਜੁਲਾਈ 2017 ਨੂੰ ਐਲਕ ਗਰੋਵ (ਕੈਲੇਫੋਰਨੀਆ) 'ਚ ਇਕ ਨਾਮੀ ਰੈਸਟੋਰੈਂਟ 'ਚ ਮਿਲਿਆ, ਜਿੱਥੇ ਪੰਜਾਬ (ਭਾਰਤ) ਤੋਂ ਸੇਵਾਮੁਕਤ ਸ੍ਰੀ ਕਰਨੈਲ ਸਿੰਘ (ਸਾਬਕਾ ਐਸ. ਐਸ. ਪੀ.) ਅਤੇ ਸ੍ਰੀ ਨਰੰਜਣ ਸਿੰਘ ਦੁਬਈ (ਯੂ. ਏ. ਈ.) ਤੋਂ ਕੈਲੇਫੋਰਨੀਆ (ਅਮਰੀਕਾ) ਆਉਣ ਦੀ ਖੁਸ਼ੀ 'ਚ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਵੱਲੋਂ ਸ਼ਾਨਦਾਰ ਡਿਨਰ ਦਿੱਤਾ ਗਿਆ। ਇਸ ਖੁਸ਼ੀ ਦੇ ਮੁਕਾਮ ਤੇ ਸਰਵ ਸ੍ਰੀ ਹੰਸ ਰਾਜ ਕਾਜਲਾ, ਰਾਕੇਸ਼ ਚੰਦਰ ਇੰਜੀਨੀਅਰ, ਸੁੱਖ ਰਾਮ ਚੰਦੜ, ਪ੍ਰਮਜੀਤ ਭੁੱਟਾ, ਤਵਿੰਦਰ ਕਾਜਲਾ, ਰਾਜ ਕੁਮਾਰ ਸੂਦ, ਜਸਵੀਰ ਸਿੰਘ ਤੂਰ, ਮਨਜਿੰਦਰ ਸਿੰਘ ਅਤੇ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਹਫਤਾਵਾਰੀ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਸ੍ਰੀ ਕਰਨੈਲ ਸਿੰਘ ਰਿਟਾਇਰਡ ਐਸ. ਐਸ. ਪੀ. ਅਤੇ ਸ੍ਰੀ ਨਰੰਜਨ ਸਿੰਘ ਜੀ ਨੂੰ ਜੀਅ-ਆਇਆਂ ਆਖਿਆ ਤੇ ਡਿਨਰ ਦੇ ਨਾਲ ਭੁੱਲੀਆਂ-ਵਿਸਰੀਆਂ ਯਾਦਾਂ ਨੂੰ ਤਾਜਾ ਕੀਤਾ। ਕਿਸੇ ਵੀ ਤਰ੍ਹਾਂ ਦੀ ਲੋੜ ਪੈਣ ਤੇ ਇਕ-ਦੂਜੇ ਨੂੰ ਯਾਦ ਕਰਨ ਦਾ ਸੱਦਾ ਦਿੱਤਾ।

ਅਖੀਰ ਪੰਜਾਬੀ ਭਾਈਚਾਰੇ ਦੀ ਨਾਮੀ ਸ਼ਖਸੀਅਤ ਸ੍ਰੀਮਾਨ ਪਰਮਜੀਤ ਭੁੱਟਾ ਜੀ ਨੇ ਸ੍ਰੀ ਕਰਨੈਲ ਸਿੰਘ ਤੇ ਸ੍ਰੀ ਨਰੰਜਣ ਸਿੰਘ ਨੂੰ ਇਕੱਤਰ ਭਾਈਚਾਰੇ ਵੱਲੋਂ ਇਕ ਵਾਰ ਫਿਰ ਜੀ ਆਇਆਂ ਆਖਦਿਆਂ ਉਸ ਪਰਵਰਦਿਗਾਰ ਨੂੰ ਯਾਦ ਕਰਦਿਆਂ ਗੁਰਬਾਣੀ ਦੇ ਸ਼ਬਦਾਂ ਦਾ ਗੁਣਗਾਨ ਕੀਤਾ

**ਮਾਧਉ ਸਤ ਸੰਗਤਿ ਸਰਨਿ ਤੁਮਾਰੀ॥**

**ਹਮ ਆਉਗਨ ਤੁਮ ਉਪਕਾਰੀ॥**

TANDOOR
Indian Restaurant
27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# ਮਹਾਂਰਿਸ਼ੀ ਵਾਲਮੀਕ ਸਭਾ ਦੀ ਮੀਟਿੰਗ 13 ਅਗਸਤ ਨੂੰ








**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਯੋਜਿਤ ਹਫਤਾਵਾਰੀ ਪ੍ਰੋਗਰਾਮ ਵਿਚ ਐਤਵਾਰ ਨੂੰ ਸ੍ਰੀ ਯੋਗ ਵਸ਼ਿਸ਼ਟ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਉਪਰੰਤ ਅਰਦਾਸ ਤੇ ਆਰਤੀ ਕੀਤੀ ਗਈ।

ਸ੍ਰੀ ਵਿਸ਼ਾਲ ਸ਼ਰਬਤੀ ਜੀ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਉਪਰੰਤ ਵੱਖ-ਵੱਖ ਬੁਲਾਰਿਆਂ ਨੇ ਧਰਮਾਂ ਵਿਚ ਪਾਏ ਜਾਂਦੇ ਰੌਲਿਆਂ ਦੀ ਨਿੰਦਿਆ ਕੀਤੀ ਗਈ ਅਤੇ ਬੁਲਾਰਿਆਂ ਵੱਲੋਂ ਇਹ ਗੱਲ ਜ਼ੋਰ ਦੇ ਕੇ ਰੱਖੀ ਗਈ ਕਿ ਹਰ ਵਿਅਕਤੀ ਨੂੰ ਕਿਸੇ ਵੀ ਧਰਮ ਨੂੰ ਮੰਨਣ ਦੀ ਆਜ਼ਾਦੀ ਹੈ, ਕਿਸੇ ਵੀ ਸਿਰਫਿਰੇ ਨੂੰ ਖਾਸ ਅਖੌਤੀ ਹਿੰਦੂ ਧਰਮ ਦੇ ਠੇਕੇਦਾਰਾਂ ਵੱਲੋਂ ਕੀਤੀਆਂ ਜਾਂਦੀਆਂ ਧੱਕੇਸ਼ਾਹੀਆਂ ਦੀ


ਰਿਪੋਰਟ ਤੇ ਤਸਵੀਰਾਂ–
ਸੰਤੋਖ ਸਿੰਘ ਗਿੱਲ



ਪੁਰਜ਼ੋਰ ਨਿੰਦਿਆ ਕੀਤੀ ਗਈ ਅਤੇ ਪੂਰੇ ਭਾਰਤ ਵਿਚ ਪ੍ਰਸ਼ਾਸਨ ਵੱਲੋਂ ਉਹਨਾਂ ਦੀ ਸਿੱਧੇ ਤੇ ਨੰਗੇ ਚਿੱਟੇ ਰੂਪ ਵਿਚ ਮਦਦ ਕਰਨ ਦੀ ਵੀ ਨਿੰਦਿਆ ਕੀਤੀ ਗਈ।

ਸੰਤੋਖ ਸਿੰਘ ਗਿੱਲ ਵੱਲੋਂ ਇਹ ਗੱਲ ਬੜੇ ਜ਼ੋਰ ਨਾਲ ਰੱਖੀ ਕਿ ਜੋ ਅੱਜ ਪੰਜਾਬ ਵਿਚ ਕੁਝ ਵਾਲਮੀਕ ਸਮਾਜ ਦੇ ਲੋਕਾਂ ਵੱਲੋਂ ਹਿੰਦੂ ਧਰਮ ਨੂੰ ਛੱਡਣ ਦੇ ਐਲਾਨ ਕੀਤੇ ਜਾ ਰਹੇ ਹਨ, ਉਹਨਾਂ ਲੋਕਾਂ ਨੂੰ ਆਪਣਾ ਇਤਿਹਾਸ ਪੜ੍ਹਨਾ ਚਾਹੀਦਾ ਹੈ ਕਿ ਵਾਲਮੀਕ ਸਮਾਜ ਨੇ ਕਦੇ ਵੀ ਹਿੰਦੂ ਧਰਮ ਨੂੰ ਨਹੀਂ ਅਪਣਾਇਆ।

ਵਾਲਮੀਕ ਸਮਾਜ ਆਪਣਾ ਸਭ ਤੋਂ ਪੁਰਾਣਾ ਧਰਮ ਹੈ ਵਾਲਮੀਕ ਧਰਮ। ਜਿੰਨੇ ਵੀ ਹਿੰਦੂ ਦੇਵਤੇ ਹੋਏ ਨੇ ਸਭ ਨੇ ਹੀ ਸਤਿਗੁਰੂ ਵਾਲਮੀਕ ਜੀ ਦੀ ਬੰਦਗੀ ਕੀਤੀ ਤੇ ਉਹਨਾਂ ਦੇ ਚਰਨਾਂ 'ਚੋਂ ਆਸ਼ੀਰਵਾਦ ਪ੍ਰਾਪਤ ਕੀਤਾ। ਸੋ ਸਾਡਾ ਇਕ ਪੁਰਾਤਨ ਮਹਾਨ ਤੇ ਕ੍ਰਾਂਤੀਕਾਰੀ ਧਰਮ ਹੈ। ਉਸਨੂੰ ਪੜ੍ਹਨਾ ਤੇ ਉਸਦਾ ਪ੍ਰਚਾਰ ਕਰਨਾ ਚਾਹੀਦਾ ਹੈ। ਉਪਰੰਤ ਜਸਪਾਲ ਮਾਲੜੀ, ਵਿਨੋਦ ਗਿੱਲ ਤੇ ਪਲਵਿੰਦਰ ਸਿੰਘ ਸਹੋਤਾ ਜੀ ਨੇ ਵੀ ਆਪਣੇ-ਆਪਣੇ ਵਿਚਾਰ ਰੱਖੇ।

ਪ੍ਰਧਾਨ ਜੀ ਵੱਲੋਂ ਸਮੂਹ ਸੰਗਤਾਂ ਨੂੰ ਦੱਸਿਆ ਕਿ ਸਤਿਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਅਕਤੂਬਰ ਮਹੀਨੇ ਵਿਚ ਆ ਰਿਹਾ ਹੈ, ਜਿਸ ਦੀ ਤਾਰੀਕ ਤਹਿ ਕਰਨ ਅਤੇ ਸਾਰੇ ਪ੍ਰੋਗਰਾਮ ਨੂੰ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਮਨਾਉਣ ਲਈ ਸਭਾ ਵੱਲੋਂ ਇਕ ਵਿਸ਼ੇਸ਼ ਮੀਟਿੰਗ 13 ਅਗਸਤ 2017 ਨੂੰ 1 ਵਜੇ ਮਹਾਂਰਿਸ਼ੀ ਵਾਲਮੀਕ ਟੈਂਪਲ 84-86 ਪਰਸੀ ਐਵਨਿਊ, ਯੂਬਾ ਸਿਟੀ ਕੈਲੇਫੋਰਨੀਆ ਵਿਖੇ ਰੱਖੀ ਗਈ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਆਪ ਆਪਣੇ ਵਡਮੁੱਲੇ ਤੇ ਕੀਮਤੀ ਸੁਝਾਅ ਪ੍ਰੋਗਰਾਮ ਸਬੰਧੀ ਰੱਖਣ ਲਈ ਸਾਰੀਆਂ ਸੰਗਤਾਂ ਮਿੱਥੀ ਗਈ ਤਾਰੀਖ ਨੂੰ ਸਮੇਂ ਸਿਰ ਪਹੁੰਚੋ ਤਾਂ ਕਿ ਪ੍ਰੋਗਰਾਮ ਨੂੰ ਵਧੀਆ ਬਣਾਇਆ ਜਾ ਸਕੇ। ਸਵੇਰੇ ਤੋਂ ਹੀ ਹਫਤੇਵਾਰ ਪ੍ਰੋਗਰਾਮ ਵੀ

Entry Free
''ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ''
Entry Free
P.C.S. Sacramento
ਵਲੋਂ ਪੇਸ਼ ਹੈ 17ਵੀਆਂ
ਤੀਆਂ
TEEYAN


On Sunday, the 6th AUGUST 2017 At 1.00 P. M.
AT Luther Burbank High School
3500 Florin Road SACRAMENTO CA 95823
Featuring : Songs, Gidha, Dances, Skits, D.J. and Much More
ALL LADIES AND GIRLS ARE INVITED
ORGANIZING COMMITTEE
Baldev Kaur, Rashpal Kaur Parhar, Harpreet Sahota, Daljit Mehanger Gill, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Surinder Gill, Rani Bindra, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi, Baljit kaur, Jatinder Sangha, Jasmeen, Sarabjit Kaur, Rozy Sandhu & Mandeep Pharwala
For Participation\ & Stalls Please Call : Mandeep Pharwala @ 916-212-1826, Pardeep Pooni @ 916-308-7889, Baldev Kaur @916- 996-2010,
Email: palpharwala@yahoo.com I Website : www.sacpcs.com
ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।
ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ
Designed at : Barapind Printing Press, Email: barapindpress@gmail.com
ਇਸ ਪ੍ਰੋਗਰਾਮ ਦੇ ਮੁੱਖ ਸਪਾਂਸਰ ਹਨ "ਬੱਗਾ ਜਿਊਲਰਜ਼" (916-912-8842, 916-329-8772)

# "ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਮਸਜਿਦ ਵਿੱਚ ਪ੍ਰਾਰਥਨਾ ਕਰਨ ਗਏ"



ਅਮਨਪ੍ਰੀਤ ਸਿੰਘ
apsamaanbatra@gmail.com

**ਸ਼੍ਰੀ ਗੁਰੂ ਨਾਨਕ ਦੇਵ ਜੀ ਲਈ ਤਾਂ ਸਿਰਫ ਪ੍ਰਾਰਥਨਾ ਹੀ ਧਰਮ ਸੀ। ਮੰਦਰਾਂ ਮਸਜਿਦਾਂ ਉਹਨਾਂ ਲਈ ਮਾਇਨੇ ਨਹੀਂ ਰੱਖਦੀਆਂ ਸਨ। ਨਾਂ ਹੀ ਉਹ ਹਿੰਦੂ ਸਨ ਅਤੇ ਨਾਂ ਹੀ ਮੁਸਲਮਾਨ। ਉਹ ਤਾਂ ਸਿਰਫ ਇੱਕ ਪ੍ਰਮਾਤਮਾ ਦੇ ਫਰਿਸ਼ਤੇ ਸਨ। ਜੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮਨ ਵਿੱਚ ਕੋਈ ਕਿਸੇ ਧਰਮ ਪ੍ਰਤੀ ਭੇਦ ਭਾਵ ਨਹੀਂ ਸੀ, ਤਾਂ ਫਿਰ ਪਤਾ ਨਹੀਂ ਆਪਾਂ ਕਿਉਂ ਸਿੱਖਾਂ, ਹਿੰਦੂਆਂ, ਮੁਸਲਮਾਨਾ ਆਦਿ ਧਰਮਾਂ ਵਿੱਚ ਫਰਕ ਸਮਝਦੇ ਹਾਂ।**

ਇੱਕ ਵਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਨਾਲ ਮਸਜਿਦ ਵਿੱਚ ਪ੍ਰਾਰਥਨਾ ਕਰਨ ਚਲੇ ਗਏ, ਉਹ ਵੀ ਪੂਰੇ ਇਸਲਾਮਿਕ ਧਰਮ ਦੇ ਮੁਤਾਬਿਕ। ਜਦੋਂ ਇਸ ਗਲ ਦਾ ਪਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਜਾ ਜੀ ਨੂੰ ਪਤਾ ਲੱਗਿਆ, ਤਾਂ ਉਹਨਾਂ ਨੂੰ ਇੱਕ ਬਹੁਤ ਵੱਡਾ ਝਟਕਾ ਲੱਗਿਆ। ਉਹ ਭੱਜੇ ਭੱਜੇ ਆਪਣੀ ਪਤਨੀ ਬੇਬੇ ਨਾਨਕੀ ਜੀ ਕੋਲ ਆਏ ਅਤੇ ਉਹਨਾਂ ਨੂੰ ਇਹ ਸਾਰੀ ਗੱਲ ਸੁਣਾਈ ਅਤੇ ਉਹਨਾਂ ਨੇ ਕਿਹਾ ਉਸ਼੍ਰੀ ਗੁਰੂ ਨਾਨਕ ਦੇਵ ਜੀ ਤਾਂ ਲਗਭਗ ਮੁਸਲਿਮ ਹੀ ਬਣ ਚੁੱਕੇ ਹਨ।" ਫਿਰ ਜੋ ਬੇਬੇ ਨਾਨਕੀ ਜੀ ਨੇ ਜਵਾਬ ਦਿੱਤਾ ਉਹ ਸੁਣਨ ਵਾਲਾ ਹੈ।

ਪਹਿਲਾਂ ਤਾਂ ਬੇਬੇ ਨਾਨਕੀ ਜੀ ਇਹ ਸੁਣਕੇ ਹੀ ਹੱਸ ਪਏ ਫਿਰ ਉਹਨਾਂ ਨੇ ਕਿਹਾ ਉਤੁਸੀਂ ਬਿਲਕੁਲ ਵੀ ਫਿਕਰ ਨਾ ਕਰੋ। ਉਹ ਇੱਕ ਸੰਤ ਹਨ। ਉਹਨਾਂ ਲਈ ਮਸਜਿਦ ਅਤੇ ਮੰਦਰ ਇੱਕੋ ਗਲ ਹੀ ਹੈ। ਉਹ ਮਸਜਿਦ ਵਿੱਚ ਪ੍ਰਾਰਥਨਾ ਕਰਨ ਨਾਲ ਉਹ ਕੋਈ ਮਸਲਿਮ ਨਹੀਂ ਬਣ ਜਾਣਗੇ ਅਤੇ ਮੰਦਰ ਵਿੱਚ ਪ੍ਰਾਰਥਨਾ ਕਰਨ ਨਾਲ ਉਹ ਹਿੰਦੂ ਵੀ ਨਹੀਂ ਬਣਨਗੇ।"

ਸ਼੍ਰੀ ਗੁਰੂ ਨਾਨਕ ਦੇਵ ਜੀ ਲਈ ਤਾਂ ਸਿਰਫ ਪ੍ਰਾਰਥਨਾ ਹੀ ਧਰਮ ਸੀ। ਮੰਦਰਾਂ ਮਸਜਿਦਾਂ ਉਹਨਾਂ ਲਈ ਮਾਇਨੇ ਨਹੀਂ ਰੱਖਦੀਆਂ ਸਨ। ਨਾਂ ਹੀ ਉਹ ਹਿੰਦੂ ਸਨ ਅਤੇ ਨਾਂ ਹੀ ਮੁਸਲਮਾਨ। ਉਹ ਤਾਂ ਸਿਰਫ ਇੱਕ ਪ੍ਰਮਾਤਮਾ ਦੇ ਫਰਿਸ਼ਤੇ ਸਨ। ਜੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮਨ ਵਿੱਚ ਕੋਈ ਕਿਸੇ ਧਰਮ ਪ੍ਰਤੀ ਭੇਦ ਭਾਵ ਨਹੀਂ ਸੀ, ਤਾਂ ਫਿਰ ਪਤਾ ਨਹੀਂ ਆਪਾਂ ਕਿਉਂ ਸਿੱਖਾਂ, ਹਿੰਦੂਆਂ, ਮੁਸਲਮਾਨਾ ਆਦਿ ਧਰਮਾਂ ਵਿੱਚ ਫਰਕ ਸਮਝਦੇ ਹਾਂ।

ਇੱਕ ਪਾਸੇ ਆਪਾਂ ਉਹਨਾਂ ਨੂੰ ਰਬ ਮੰਨਦੇ ਹਾਂ, ਉਹਨਾਂ ਨੂੰ ਪੂਜਦੇ ਹਾਂ ਪਰ ਦੂਜੇ ਪਾਸੇ ਆਪਾਂ ਉਹਨਾਂ ਦਾ ਕਹਿਣਾ ਹੀ ਨਹੀਂ ਮੰਨਦੇ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਕਵਿਤਾਵਾਂ ਦੇ ਰੂਪ ਵਿੱਚ ਲਿੱਖੀਆਂ ਹੋਈਆਂ ਹਨ, ਜੋ ਅੱਜ ਦੇ ਜ਼ਮਾਨੇ ਵਿੱਚ ਸਮਝਣੀਆਂ, ਉਹਨਾਂ ਦਾ ਸਹੀ ਅਰਥ ਕੱਢਣਾ ਬਹੁਤ ਔਖਾ ਹੈ। ਉਹਨਾਂ ਦਾ ਸਹੀ ਅਰਥ ਤਾਂ ਕਿਧਰੇ ਗੁਮ ਹੀ ਹੋ ਗਿਆ ਹੈ, ਆਪਾਂ ਕੁੱਝ ਹੋਰ ਹੀ ਅਰਥ ਕੱਢੀ ਬੈਠੇ ਹਾਂ। ਪਰ ਜੇ ਆਪਾਂ ਅੱਜ ਦੇ ਸਮੇਂ ਵਿੱਚ ਉਹਨਾਂ ਦੀ ਬਾਏਓਗਰਾਫੀ ਹੀ ਧਿਆਨ ਨਾਲ ਪੱੜ੍ਹ ਲਈਏ, ਤਾਂ ਆਪਾਂ ਨੂੰ ਬਹੁਤ ਕੁੱਝ ਸਹੀ ਢੰਗ ਨਾਲ ਸਮਝ ਆ ਜਾਵੇਗਾ ਕਿ ਉਹ ਆਪਾਂ ਨੂੰ ਸਹੀ ਮਾਇਨੇ ਕਹਿਣਾ ਕੀ ਚਾਹੁੰਦੇ ਸਨ।



ਵਿਚਾਰ ਆਪੋ-ਆਪਣਾ

# ਅਰਦਾਸ ਅਤੇ ਸਿੱਖੀ ਦੀ ਵਿਲੱਖਣਤਾ ਬਾਰੇ ਵਿਸ਼ੇਸ਼ ਲੇਖ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਗ੍ਰੰਥ ਸਾਹਿਬ ਦਾ ਸਿੱਖ-ਤੂ ਠਾਕੁਰ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ਤੁਮ ਤੇ ਹੋਇ ਸੁ ਆਗਿਆਕਾਰੀ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥੮॥੪॥ (੨੬੮) ੴਸਤਿਗੁਰ ਪ੍ਰਸਾਦਿ॥ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥ ਪ੍ਰਿਥਮ ਅਕਾਲ ਪੁਰਖ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ॥ ਨਾਲ ਅਰਦਾਸ ਆਰੰਭ ਕਰਦਾ ਹੈ ਨਾ ਕਿ "ਪ੍ਰਿਥਮ ਭਗਾਉਤੀ ਸਿਮਰ ਕੈ" ਕਿਉਂਕਿ ਭਗੌਤੀ ਦੁਰਗਾ ਦੇਵੀ ਜਿਸ ਦਾ ਜਿਕਰ "ਦੁਰਗਾ ਕੀ ਵਾਰ" (ਚੰਡੀ ਕੀ ਵਾਰ) ਜੋ ਬਾਅਦ ਵਿੱਚ ਕੂਟਨੀਤੀ ਨਾਲ ਬਦਲ ਕੇ "ਵਾਰ ਸ੍ਰੀ ਭਗਾਉਤੀ ਜੀ ਕੀ" ਕਰ ਦਿੱਤਾ ਗਿਆ, ਵਿਖੇ ਕਵੀਆਂ ਦੀ ਰਚਨਾ ਦਸਮ ਗ੍ਰੰਥ ਵਿੱਚ ਹੈ। ਇਸ ਵਾਰ ਦੇ ਅਖੀਰ ਤੇ ਕਵੀ ਲਿਖਦਾ ਹੈ ਕਿ-ਦੁਰਗਾ ਪਾਠ ਬਣਾਇਆ ਸਭੈ ਪਾਉੜੀਆਂ...॥ ਵਿਦਵਾਨ ਸੱਜਨ ਡਾ.ਜਸਵੰਤ ਸਿੰਘ ਨੇਕੀ (1925) ਆਪਣੀ ਕਿਤਾਬ "ਅਰਦਾਸਿ" ਦੇ ਧਿਆਇ ਦਸ ਅਤੇ ਸਫਾ 57 ਤੇ ਲਿਖਦੇ ਹਨ ਕਿ-ਭਗੌਤੀ ਦੀ ਵਾਰ ਨੂੰ "ਦੁਰਗਾ ਪਾਠ" ਦਾ ਅਨੁਵਾਦ ਮੰਨਿਆ ਗਿਆ ਹੈ ਅਤੇ ਫੁੱਟ ਨੋਟ ਦੇ ਨੰਬਰ 3 ਵਿੱਚ ਹੋਰ ਲਿਖਦੇ ਹਨ ਕਿ-ਮ੍ਰਿਗਕੁੰਡ ਰਿਸ਼ੀ ਦੇ ਪੁੱਤਰ ਮਾਰਕੰਡੇ ਰਿਸ਼ੀ ਰਚਿਤ ਮਾਰਕੰਡਯ ਪੁਰਾਣ ਦੇ ਚੌਧਵੇਂ ਅਧਿਆਇ ਦੇ ਇੱਕ ਭਾਗ ਦਾ ਨਾਮ "ਦੁਰਗਾ ਪਾਠ" ਅਥਵਾ "ਦੁਰਗਾ ਸਪਤਸਤੀ" ਹੈ। 700 ਪਦਾਂ ਦੀ ਇਸ ਰਚਨਾਂ ਦਾ ਸੰਖੇਪ ਖੁਲ੍ਹਾ ਅਨੁਵਾਦ 'ਭਗਾਉਤੀ ਕੀ ਵਾਰ' ਦੇ 55 ਪਦਾਂ ਵਿੱਚ ਕੀਤਾ ਗਿਆ ਹੈ।

ਅੱਗੇ "ਅਰਦਾਸ" ਬਾਰੇ ਵਿਸਥਾਰ ਨਾਲ ਵਿਚਾਰਦੇ ਹਾਂ ਕਿ ਅਰਦਾਸ ਦੋ ਤਰ੍ਹਾਂ ਵਿਅਕਤੀ ਅਤੇ ਸੰਗਤੀ ਤੌਰ ਤੇ ਹੁੰਦੀ ਹੈ। ਵਿਅਕਤੀਗਤ ਤੌਰ ਤੇ ਕੋਈ ਵੀ ਆਪਣੇ ਹਾਵ ਭਾਵੀ ਲਫਜਾਂ ਵਿੱਚ ਅਰਦਾਸ ਕਰ ਸਕਦਾ ਹੈ ਪਰ ਸੰਗਤੀ ਤੌਰ ਤੇ ਇਕੋ ਤਰਾਂ ਨਾਲ ਅਰਦਾਸ ਕੀਤੀ ਜਾਂਦੀ ਹੈ। ਸੰਸਕ੍ਰਿਤ ਵਿੱਚ ਅਰਦ+ਆਸ=ਅਰਦਾਸ ਅਰਦ-ਮੰਗਣਾ ਅਤੇ ਆਸ-ਮੁਰਾਦ ਮੰਗਣ ਦੀ ਕ੍ਰਿਆ। ਫਾਰਸੀ ਵਿੱਚ ਅਰਜ਼ਦਾਸ਼ਤ ਭਾਵ ਅਰਜ਼-ਬੇਨਤੀ, ਬਿਨੈ, ਪ੍ਰਾਰਥਨਾ ਅਤੇ ਅਰਜ਼ੋਈ ਗੁਰੂ ਗ੍ਰੰਥ ਸਾਹਿਬ ਵਿਖੇ ਜਿੱਥੇ ਅਰਦਾਸ ਲਈ ਹੋਰ ਲਫਜ਼ ਵੀ ਵਰਤੇ ਗਏ ਓਥੇ ਅਰਦਾਸ ਸ਼ਬਦ ਬਹੁਤੀ ਵਾਰ ਵਰਤਿਆ ਗਿਆ ਹੈ। ਕਿਸੇ ਵੀ ਸੰਕਟ, ਸੁੱਖ-ਦੁੱਖ, ਖੁਸ਼ੀ-ਗਮੀ ਵੇਲੇ ਸਿੱਖ ਗੁਰ ਪ੍ਰਮੇਸ਼ਰ ਅੱਗੇ ਹੀ ਅਰਦਾਸ ਕਰਦਾ ਹੈ-ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥(੫੧੯) ਭਾਈ ਕਾਹਨ ਸਿੰਘ ਨ੍ਹਾਭਾ ਅਨੁਸਾਰ (ਸ਼ੁੱਧ ਮਨੋਰਥਾਂ ਦੀ ਸਫਲਤਾ, ਭੁੱਲਾਂ ਅਪਰਾਧਾਂ ਦੀ ਮੁਆਫੀ, ਕਰਣੀ ਦਾ ਅਭਿਮਾਨ ਤਿਆਗ ਕੇ, ਬਖਸ਼ਿਸ਼ ਦੀ ਮੰਗ ਅਤੇ ਕਰਤਾਰ ਦੀ ਰਜ਼ਾ ਅੰਦਰ ਰਹਿ ਕੇ ਆਤਮ ਸਮਰਪਣ ਲਈ ਸਤਿਗੁਰਾਂ ਨੇ ਅਰਦਾਸ ਵਿਧਾਨ ਕੀਤੀ ਹੈ) ਅਰਦਾਸ ਕੋਈ ਕਰਾਮਾਤ ਜਾਂ ਹੁਕਮ ਨਹੀਂ ਜੋ ਕਿਸੇ ਦੇ ਕਹੇ ਤੇ ਵਾਪਰ ਜਾਵੇ। ਜੇ ਪ੍ਰਮਾਤਮਾ ਕਰਨ ਕਾਰਨ ਸਮਰੱਥ, ਅੰਤਰਜਾਮੀ ਹੈ ਤਾਂ ਉਹ ਸਾਡੇ ਸਾਰਿਆਂ ਦੇ ਦਿਲਾਂ ਦੀਆਂ ਜਾਣਦਾ ਹੈ-ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸ ਆਗੈ ਕੀਚੈ ਅਰਦਾਸਿ॥(੧੪੨੦) ਉਸ ਦਾ ਹੁਕਮ, ਭਾਣਾ, ਨਿਯਮ ਸਦਾ ਅਟੱਲ ਨੇ, ਅਰਦਾਸ ਕਰਕੇ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। ਹਾਂ ਉਸ ਦੇ ਧੰਨਵਾਦ, ਸ਼ੁਕਰਾਨੇ, ਮਨ ਦੀ ਚੜ੍ਹਦੀ ਕਲਾ, ਸ਼ੁਭ ਗੁਣ ਧਾਰਨ ਕਰਨ ਦੀ ਸਮਰੱਥਾ, ਬਲ ਬੁੱਧਿ ਦੀ ਬਖਸ਼ਿਸ਼, ਗੁਸਤਾਖੀਆਂ ਲਈ ਮੁਆਫੀ ਅਤੇ ਭਾਣਾ ਮੰਨਣ ਦੀ ਸਮਰੱਥਾ ਲਈ ਉਸ ਅੱਗੇ ਅਰਦਾਸ ਕੀਤੀ ਜਾ ਸਾਕਦੀ ਹੈ। ਜਦ ਦੁਨੀਆਂ ਦੇ ਸਾਰੇ ਓਟ ਆਸਰੇ ਖਤਮ ਹੋ ਜਾਣ ਤਾਂ ਇੱਕ ਉਸ ਦਾ ਆਸਰਾ ਤੱਕਣ ਰੂਪ ਅਰਦਾਸ ਹੀ ਕਰਨੀ ਚਾਹੀਦੀ ਹੈ-ਧਰ ਜੀਅੜੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥(੨੫੭) ਜਿਵੇਂ ਭੋਜਨ ਖਾਣ ਨਾਲ ਭੁੱਖ ਅਤੇ ਪਾਣੀ ਪੀਣ ਨਾਲ ਪਿਆਸ ਦੂਰ ਹੁੰਦੀ ਅਤੇ ਕਿਸੇ ਦਾ ਖਾਦਾ ਭੋਜਨ ਤੇ ਪੀਤਾ ਪਾਣੀ ਸਾਡੀ ਭੁੱਖ ਪਿਆਸ ਦੂਰ ਨਹੀਂ ਕਰ ਸਕਦੇ ਇਵੇਂ ਹੀ ਬਾਣੀ ਪੜ੍ਹਨੀ, ਵਿਚਾਰਨੀ, ਧਾਰਨੀ ਅਤੇ ਅਰਦਾਸ ਆਪ ਹੀ ਕਰਨੀ ਚਾਹੀਦੀ ਹੈ ਨਾਂ ਕਿ ਕਿਸੇ ਪੁਜਾਰੀ ਜਾਂ ਗ੍ਰੰਥੀ ਤੋਂ ਪੜ੍ਹਾਉਣੀ-ਕਰਵਾਉਣੀ ਚਾਹੀਦੀ ਹੈ ਕਿਸੇ ਦੀ ਕੀਤੀ ਸਾਡੀ ਆਤਮਕ ਭੁੱਖ-ਪਿਆਸ ਨਹੀਂ ਮੇਟ ਸਕਦੀ। ਰੱਬੀ ਭਗਤਾਂ ਅਤੇ ਸਿੱਖ ਗੁਰੂ ਸਾਹਿਬਾਨਾਂ ਨੇ ਪੁਜਾਰੀਵਾਦ ਅਤੇ ਥੋਥੇ ਕਰਮਕਾਂਡਾਂ ਤੋਂ ਸਾਡਾ ਖਹਿੜਾ ਛੁਡਵਾਇਆ ਸੀ ਪਰ ਅਸੀਂ ਗੁਰੂ ਨੂੰ ਭੁੱਲ ਕੇ ਫਿਰ ਉਨ੍ਹਾਂ ਦਾ ਹੀ ਲੜ ਫੜ ਲਿਆ ਹੈ।

ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਵੇਲੇ ਰੱਬੀ ਬਾਣੀ ਹੀ ਅਰਦਾਸ ਅਤੇ ਉਹ ਸਦਾ ਕਰਤਾਰ ਦੇ ਭਾਣੇ ਵਿੱਚ ਰਹਿੰਦੇ ਸਨ। ਕਿਰਤ ਕਰਨੀ, ਵੰਡ ਛੱਕਣਾ ਤੇ ਨਾਮ ਜਪਣਾ (ਰੱਬੀ ਨਿਯਮਾਂ ਦੀ ਪਾਲਣਾ ਕਰਨੀ) ਹੀ ਉਨ੍ਹਾਂ ਦਾ ਮੁੱਖ ਉਪਦੇਸ਼ ਸੀ। ਉਹ ਲੋਕਾਈ ਨੂੰ ਗਿਆਨ ਵੰਡਦੇ ਨਾਂ ਕਿ ਅਰਦਾਸਾਂ ਦੇ ਲਾਰੇ ਲਾਉਂਦੇ ਸਨ। ਵੇਖੋ! ਜਦ ਕੋਈ ਚੋਰੀ ਜਾਂ ਕਤਲ ਕਰਦਾ ਫੜ ਕੇ ਜੇਲ੍ਹ ਡੱਕਿਆ ਜਾਵੇ ਤੇ ਦੋਨਾਂ ਦੇ ਵਾਰਸ ਜਾਂ ਪ੍ਰਵਾਰ ਕਿਸੇ ਧਰਮ ਅਸਥਾਨ ਜਾਂ ਗੁਰਦੁਆਰੇ ਰਿਹਾਈ ਦੀ ਅਰਦਾਸ ਕਰਨ ਜਾਂ ਕਰਾਉਣ ਕਿਉਂਕਿ ਉਹ ਜਾਣਦਾ ਹੈ ਕਿ ਕੌਣ ਸੱਚਾ ਤੇ ਕੌਣ ਝੂਠਾ ਹੈ? ਅਰਦਾਸਾਂ ਦੋਵੇਂ ਹੀ ਕਰ ਰਹੇ ਹਨ। ਕਰਤਾਰ ਦੇ ਦਰਬਾਰ ਵਿੱਚ ਅਰਦਾਸਾਂ ਜਾਂ ਭੇਟਾ ਚੜ੍ਹਾਵਿਆਂ ਦੀ ਰਿਸ਼ਵਤ ਨਹੀਂ ਚਲਦੀ। ਇਵੇਂ ਜੇ ਕਿਸੇ ਦੀ ਅਰਦਾਸ ਪੂਰੀ ਨਾਂ ਹੋਵੇ ਤਾਂ ਉਹ ਕਰਤਾਰ ਤੇ ਭਰੋਸਾ ਵੀ ਛੱਡ ਦਿੰਦਾ ਹੈ, ਕਈ ਸੌਦੇਬਾਜ ਤਾਂ ਉਸ ਨੂੰ ਗਾਲ੍ਹਾਂ ਕੱਡਣ ਤੱਕ ਵੀ ਜਾਂਦੇ ਹਨ। ਉਹ ਸਮਝਦੇ ਹਨ ਕਿ ਪ੍ਰਮਾਤਮਾਂ ਨੇ ਸਾਡੀ ਮਹਿੰਗੀ ਤੋਂ ਮਹਿੰਗੀ ਅਰਦਾਸ ਵੀ ਪੂਰੀ ਨਹੀਂ ਕੀਤੀ।

ਗੁਰਮਤਿ ਮਾਰਤੰਡ ਦੇ ਸਫਾ ੩੬ ਤੇ ਲਿਖਿਆ ਹੈ ਕਿ-ਪਰ ਧਨ ਪਰ ਇਸਤ੍ਰੀ ਦੀ ਪ੍ਰਾਪਤੀ, ਚੋਰੀ, ਜੂਏ ਵਿੱਚ ਸਫਲਤਾ, ਝੂਠੇ ਮੁਕੱਦਮੇ ਵਿੱਚ ਕਾਮਯਾਬੀ, ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਮਨੋਰਥ ਆਦਿਕ ਮੰਦ ਮਨੋਰਥਾਂ ਦੀ ਸਫਲਤਾ ਲਈ ਅਰਦਾਸ ਕਰਨ ਕਰਾਉਣ ਵਾਲੇ ਸਿੱਖੀ ਦੇ ਸਿਧਾਂਤ ਤੋਂ ਅਗਿਆਤ ਹਨ।

ਵੇਖੋ! ਸੰਸਾਰ ਵਿਚਲੇ ਬੇਅੰਤ ਤਰ੍ਹਾਂ ਦੇ ਬਦਲਾਵਾਂ ਅਤੇ ਘਟਨਾਵਾਂ ਦਾ ਤੂਫਾਨ ਚਲਦਾ ਹੈ, ਜਿਸ ਕਰਕੇ ਮਨੁੱਖੀ ਮਨ ਦ੍ਰਿੜ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਕਈ ਵਾਰ ਮਨ ਉਚਾਟ ਹੋ ਕੇ ਡੋਲਦਾ ਹੈ ਤਾਂ ਉਸ ਨੂੰ ਆਪਣੇ ਤੋਂ ਤਾਕਤਵਾਰ ਸ਼ਕਤੀ ਦੇ ਆਸਰੇ ਦੀ ਲੋੜ ਹੁੰਦੀ ਹੈ ਉਹ ਪ੍ਰਮਾਤਮਾ ਆਪ ਹੈ, ਜੋ ਸਭ ਕੁੱਝ ਕਰਨ ਦੇ ਸਮਰੱਥ ਹੈ। ਫਿਰ ਉਸ ਅੱਗੇ ਅਰਦਾਸ ਕਰਨ ਨਾਲ ਮਨ ਨੂੰ ਧੀਰਜ ਮਿਲਦੀ, ਆਸ ਬੱਝਦੀ, ਉਮੀਦ ਜਾਗਦੀ ਅਤੇ ਮਨੁੱਖ ਨੂੰ ਇੱਕ ਭਰੋਸਾ ਹੁੰਦਾ ਹੈ ਕਿ ਉਹ ਅਪਾਰ ਸ਼ਕਤੀ ਨਾਲ ਜੁੜਿਆ ਹੈ। ਉਸ ਵੇਲੇ ਮਨ ਵਿੱਚ ਪੈਦਾ ਹੋਏ ਆਪ ਮੁਹਾਰੇ ਸੱਚੇ ਵਿਸ਼ਵਾਸ਼ ਨੂੰ ਅਰਦਾਸ ਕਿਹਾ ਜਾਂਦਾ ਹੈ। ਇਸ ਨਾਲ ਸਾਨੂੰ ਕਾਦਰ ਨਾਲ ਸਾਂਝ ਹੋਈ ਪ੍ਰਤੀਤ ਹੁੰਦੀ ਹੈ ਕਿਉਂਕਿ ਸਿੱਖ ਮੱਤ ਵਿੱਚ ਕਰਤਾਰ ਨਾਲ ਸਾਂਝ ਪਾਉਣਾ ਅਤੇ ਉਸ ਨਾਲ ਇੱਕ ਮਿੱਕ ਹੋ ਜਾਣਾ ਹੀ ਮਨੁੱਖਾ ਜਿੰਦਗੀ ਦਾ ਮਨੋਰਥ ਹੈ। ਅਰਦਾਸ ਕਿਸੇ ਦੇ ਬੁਰੇ ਲਈ ਨਹੀਂ ਬਲਕਿ ਭਲੇ ਲਈ ਕੀਤੀ ਜਾਂਦੀ ਹੈ।

**ਗੁਰੂ ਗ੍ਰੰਥ ਦੀ ਬਾਣੀ ਅਨੁਸਾਰ ਅਰਦਾਸ ਨਿਯਮ**-ਗੁਰਬਾਣੀ ਵਿੱਚ ਨਿਯਮ ਸਪੱਸ਼ਟ ਹੈ ਕਿ ਅਰਦਾਸ ਕੇਵਲ ਪ੍ਰਭੂ ਅੱਗੇ ਹੀ ਕਰੋ ਨਾ ਕਿ ਕਿਸੇ ਕਲਪਿਤ ਦੇਵੀ ਦੇਵਤੇ ਅਤੇ ਵਸਤਾਂ ਅੱਗੇ-ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ॥(ਗੁਰੂ ਗ੍ਰੰਥ) ਅਰਦਾਸ ਅਦਬ ਨਾਲ, ਪ੍ਰਭੂ ਨੂੰ ਹਾਜ਼ਰ ਸਮਝ ਕਰਨੀ ਚਾਹੀਦੀ ਹੈ-ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ॥ (ਗੁਰੂ ਗ੍ਰੰਥ) ਅਰਦਾਸ ਕਰਨ ਵੇਲੇ ਨਿਮਰਤਾ ਧਾਰਨੀ, ਆਪਾ ਭਾਵ ਤਿਆਗਣਾ ਅਤੇ ਕਰਤਾਰ ਪਰ ਪੂਰਨ ਭਰੋਸਾ ਰੱਖਣਾ ਚਾਹੀਦਾ ਹੈ। ਮਨ ਦੀ ਅਵਸਥਾ ਐਸੀ ਹੋਵੇ ਕਿ-ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਸੁਖੁ ਸੁਖੁ ਤੁਝ ਹੀ ਪਾਸਿ॥(੭੩੫)

ਕਈ ਵਾਰ ਗੁਰਬਾਣੀ ਦੇ ਅਟੱਲ ਸਿਧਾਂਤਾਂ ਤੋਂ ਅਣਜਾਨ ਸਿੱਖ ਅਰਦਾਸ ਦੇ ਸਬੰਧ ਵਿੱਚ ਕਈ ਟਪਲੇ ਖਾਂਦੇ ਇਤਰਾਜ਼ ਕਰਦੇ ਹਨ ਕਿ-ਜੇ ਪ੍ਰਮਾਤਮਾ ਸਾਡੇ ਅੰਦਰ ਵੱਸਦਾ ਹੈ, ਸਾਡੇ ਮਨ ਦੀ ਜਾਨਣ ਵਾਲਾ ਹੈ ਫਿਰ ਉਸ ਨੂੰ ਕੁੱਝ ਕਹਿਣ ਦੀ ਕੀ ਲੋੜ ਹੈ? ਪ੍ਰਮਾਤਮਾ ਨੇ ਜੋ ਸਾਡੇ ਕਰਮ ਲਿਖੇ ਨੇ ਉਹ ਬਦਲੇ ਨਹੀਂ ਜਾ ਸਕਦੇ ਤਾਂ ਫਿਰ ਅਰਦਾਸ ਕਰਨ ਦੀ ਕੀ ਲੋੜ ਹੈ? ਅਸੀਂ ਕਹਿ ਸਕਦੇ ਹਾਂ ਕਿ ਉਸ ਅੰਤਰਯਾਮੀ ਦੀ ਮਰਜ਼ੀ ਵਿੱਚ ਸਭ ਕੁਝ ਹੋ ਰਿਹਾ ਹੈ। ਅਸੀਂ ਉਸਦੀ ਕ੍ਰਿਪਾ, ਨਦਰਿ, ਬਖਸ਼ਿਸ਼ ਦੀ ਮੰਗ ਕਰਦੇ ਹਾਂ। ਅਗਲੇ ਪਿਛਲੇ ਕਰਮਾਂ ਨੂੰ ਗੁਰਮਤਿ ਨਹੀਂ ਮੰਨਦੀ ਅਤੇ ਸਿੱਖ ਚੰਗੇ ਕਰਮਾਂ ਦੇ ਨਾਲ ਕਰਤਾਰ ਦੀ ਬਖਸ਼ਿਸ਼ ਉੱਤੇ ਪੂਰਨ ਭਰੋਸਾ ਰੱਖਦਾ ਨਾਂ ਕਿ ਕੇਵਲ ਕਰਮਾਂ ਤੱਕ ਸੀਮਤ ਰਹਿੰਦਾ ਹੈ। ਸਿੱਖ ਦੀ ਕੀਤੀ ਅਰਦਾਸ ਪ੍ਰਵਾਨ ਜਾਂ ਨਾਂ ਪ੍ਰਵਾਨ ਕਰਨਾ ਤਾਂ ਪ੍ਰਭੂ ਭਾਣੇ ਵਿੱਚ ਹੈ-ਦੁਇ ਕਰ ਜੋੜਿ ਕਰਉ ਅਰਦਾਸਿ॥ਤੁਧੁ ਭਾਵੈ ਤਾ ਆਣਹਿ ਰਾਸਿ॥(੭੩੭) ਸਿੱਖ ਦਾ ਭਰੋਸਾ ਹੈ ਕਿ ਸਾਫ ਅਤੇ ਸ਼ੁੱਧ ਮਨ ਨਾਲ ਕੀਤੀ ਅਰਦਾਸ ਸਾਡੀ ਅੰਤਰ-ਆਤਮਾ ਨੂੰ ਬਲਵਾਨ ਕਰਦੀ ਹੈ ਪਰ ਕਰਤਾਰ ਦੇ ਭਾਣੇ ਨਿਯਮ ਵਿਰੁੱਧ ਕੁਝ ਵੀ ਪ੍ਰਵਾਨ ਨਹੀਂ ਹੁੰਦਾ।

ਅਰਦਾਸ ਵਿੱਚ ਗੁਰੂਆਂ-ਭਗਤਾਂ ਦਾ ਨਾਮ ਲੈਣ ਨਾਲ ਹੀ ਉਨ੍ਹਾਂ ਵੱਲੋਂ ਦਿੱਤੇ ਗਏ ਆਤਮਿਕ, ਰੂਹਾਨੀ ਗੁਣਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਉਪ੍ਰੰਤ ਪੰਜਾਂ ਪਿਆਰਿਆਂ ਜ੍ਹਿਨਾਂ ਨੇ ਆਪਣਾ ਆਪਾ, ਗੁਰੂ ਨੂੰ ਸੱਚੇ ਦਿਲੋਂ ਸਮ੍ਰਪਿਤ ਕਰਕੇ, ਸਾਨੂੰ ਸੇਧ ਦਿੱਤੀ ਕਿ ਗੁਰੂ ਦਾ ਹੁਕਮ ਮੰਨਣ ਵਿੱਚ ਦੇਰੀ ਨਹੀਂ ਲਾਉਣੀ ਚਾਹੀਦੀ। ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਸੰਸਾਰ ਵਿੱਚ ਇੱਕ ਵਿਲੱਖਣ ਮਿਸਾਲ ਹੈ ਜੋ ਸਾਡੀ ਅਗਵਾਈ ਕਰਦੀ ਹੈ ਕਿ ਗੁਰੂ ਦੀ ਬਖਸ਼ੀ ਸਿੱਖੀ ਨੂੰ ਕਿਵੇਂ ਕਾਇਮ ਰੱਖਿਆ ਜਾ ਸਕਦਾ ਹੈ। ਚਾਲੀ ਮੁਕਤੇ, ਸ਼ਹੀਦਾਂ, ਮੁਰੀਦਾਂ, ਸੇਵਕਾਂ, ਭਗਤਾਂ, ਸੂਰਬੀਰਾਂ ਦੀ ਯਾਦ ਤਾਜ਼ਾ ਹੁੰਦੀ ਹੈ। ਅਰਦਾਸ ਦੇ ਤੀਸਰੇ ਬੰਦ ਵਿੱਚ ਸਿੱਖ ਕੌਮ ਦੇ ਤਖਤਾਂ, ਸਮੂੰਹ ਗੁਰਦੁਆਰਿਆਂ ਦਾ ਚਿੰਤਨ ਕੀਤਾ ਜਾਂਦਾ ਹੈ। ਉਪ੍ਰੰਤ ਸਮੁੱਚੇ ਖ਼ਾਲਸਾ ਪੰਥ ਵੱਲੋਂ ਸਾਂਝੀ ਅਰਦਾਸ ਕਰਤਾਰ ਪਾਸ ਕੀਤੀ ਜਾਂਦੀ ਹੈ ਕਿ ਖਾਲਸੇ ਨੂੰ ਉਹ ਕਦੇ ਨਾ ਵਿਸਰੇ ਅਤੇ ਤੇਰਾ ਖ਼ਾਲਸਾ ਹਰ ਮੈਦਾਨ ਫਤਹਿ ਹਾਸਿਲ ਕਰੇ। ਇਸ ਪਿਛੋਂ ਨਿਰੰਕਾਰ ਕੋਲ ਮੰਗ ਕੀਤੀ ਜਾਂਦੀ ਹੈ ਕਿ ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਭਰੋਸਾ ਦਾਨ ਅਤੇ ਫਿਰ ਨਾਮ (ਨਿਯਮ ਦੀ ਪਾਲਣਾ ਕਰਨ) ਦਾ ਦਾਨ ਜੋ ਸਭ ਤੋਂ ਵੱਧ ਕੀਮਤੀ ਏ, ਦੀ ਮੰਗ ਕੀਤੀ ਜਾਂਦੀ ਹੈ। ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੀ ਭਾਵਨਾ ਵੀ ਪ੍ਰਗਟ ਕੀਤੀ ਜਾਂਦੀ ਹੈ। ਗੁਰਬਾਣੀ ਵਿੱਚ ਵਿਸ਼ੇਸ਼ ਕਰਕੇ ਕਿਸੇ ਇੱਛਾ ਨੂੰ ਮੁੱਖ ਰੱਖ ਕੇ ਅੰਧਵਿਸ਼ਵਾਸ਼ ਜਾਂ ਕਰਮਕਾਂਡ ਅਧੀਨ ਕੀਤੇ ਗਏ ਤੀਰਥ ਇਸ਼ਨਾਨ ਦੀ ਕੋਈ ਮਹਾਨਤਾ ਨਹੀਂ ਪਰ ਜ਼ਾਲਮ ਮੁਗਲ ਰਾਜ ਦੇ ਸਮੇਂ ਦੌਰਾਨ ਸਿੱਖਾਂ ਉੱਤੇ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਜਾਣ ਅਤੇ ਸਰੋਵਰ ਵਿੱਚ ਇਸ਼ਨਨ ਕਰਨ ਦੀ ਪਾਬੰਧੀ ਲਗਾਈ ਗਈ ਸੀ, ਹੋ ਸਕਦਾ ਹੈ ਕਿ ਉਸ ਸਮੇਂ ਸਿੱਖਾਂ ਨੇ ਕਾਦਰ ਕੋਲੋਂ ਇਹ ਮੰਗ ਵੀ ਕਰ ਲਈ ਹੋਵੇ। ਵੈਸੇ ਤਾਂ ਗੁਰੂ ਸਾਹਿਬਾਨ ਵੱਲੋਂ ਸਰੋਵਰ ਬਣਾਉਣ ਦਾ ਮੁੱਖ ਮਕਸਦ ਉਸ ਸਮੇਂ ਪਾਣੀ ਦੀ ਲੋੜ ਪੂਰੀ ਕਰਨਾ,ਜਾਤ-ਪਾਤ ਜਾਂ ਛੂਆ-ਛਾਤ ਨੂੰ ਖਤਮ ਕਰਨਾ ਸੀ।

ਉਪ੍ਰੰਤ ਸਿੱਖੀ ਦੇ ਝੰਡੇ, ਬੁੰਗੇ, ਨਿਸ਼ਾਨ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ, ਕਿਉਂਕਿ ਝੰਡਾ ਜਾਂ ਨਿਸ਼ਾਨ ਕਿਸੇ ਕੌਮ, ਦੇਸ ਦੇ ਸੁਤੰਤਰ ਹੋਣ ਦਾ ਪ੍ਰਤੀਕ ਹੁੰਦਾ ਹੈ। ਇਸ ਤੋਂ ਬਾਅਦ ਮਨ ਨੀਵਾਂ, ਮੱਤ ਉੱਚੀ (ਦੂਰ ਅੰਦੇਸ਼ੀ ਸੋਚ) ਦੀ, ਫਿਰ ਪੰਥ ਤੋਂ ਵਿਛੜੇ ਗੁਰਧਾਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਖੁਲ੍ਹੇ ਦਰਸ਼ਨ-ਦੀਦਾਰਿਆਂ ਦੀ ਮੰਗ ਕੀਤੀ ਜਾਂਦੀ ਹੈ ਜਿਸ ਬਾਰੇ ਅੱਜ ਸਾਨੂੰ ਮੁੜ ਵਿਚਾਰਨ ਦੀ ਲੋੜ ਹੈ। ਕਰਤਾਰ ਅੱਗੇ ਪੰਜਾਂ ਵਿਕਾਰਾਂ ਨੂੰ ਕਾਬੂ ਰੱਖਣ ਦੀ ਜੋਦੜੀ ਅਤੇ ਫਿਰ ਸਭ ਦੇ ਭਲੇ ਦੀ ਮੰਗ ਕਰਦਿਆਂ ਅਰਦਾਸ ਨੂੰ ਸਮਾਪਿਤ ਕੀਤਾ ਜਾਂਦਾ ਹੈ-

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। (ਯਾਦ ਰਹੇ ਕਿ ਇਹ ਅਰਦਾਸ ਦੀ ਤੁਕ ਹੈ ਨਾਂ ਕਿ ਗੁਰਬਾਣੀ)

ਆਉ! ਇਸ ਲਈ ਜਦੋਂ ਵੀ ਅਰਦਾਸ ਕਰੀਏ ਸੱਚੇ ਮਨ ਨਾਲ ਚੜ੍ਹਦੀ ਕਲਾ ਨਾਲ ਕਰੀਏ। ਜਰਾ ਧਿਆਨ ਦਿਓ! ਰੱਬੀ ਭਗਤਾਂ, ਸਿੱਖ ਗੁਰੂਆਂ, ਗੁਰੂ ਨਾਨਕ ਸਾਹਿਬ (੧੪੬੯ ਈ. ਤੋਂ ਲੈ ਕੇ ੧੯੩੪ ਈ.) ਤੱਕ ਅਜੋਕੀ ਬਣਾਈ ਗਈ ਅਰਦਾਸ ਦਾ ਕੋਈ ਸਰੋਤ ਨਹੀਂ ਮਿਲਦਾ। ਉਹ ਸਿੱਧੀ ਹੀ ਸ਼ਬਦ ਬਾਣੀ ਵਾਲੀ ਅਰਦਾਸ ਕਰਦੇ ਸਨ। ਅਜੋਕੀ ਅਰਦਾਸ ਤਾਂ ਲਗ-ਪਗ ਸੰਨ ੧੯੩੪ ਤੋਂ ਸ਼ੁਰੂ ਹੋ ੧੯੪੫ ਵਿੱਚ ਪੂਰੀ ਹੋਈ ਤੇ ਇਸ ਵਿੱਚ ਸਿੱਖ ਧੜਿਆਂ ਦੇ ਨਾਲ ਡੇਰੇਦਾਰ ਸੰਪ੍ਰਦਾਵਾਂ ਵੀ ਸ਼ਾਮਲ ਹੋ ਗਈਆਂ, ਜਿਨ੍ਹਾਂ ਦਾ ਪਲੜਾ ਭਾਰੀ ਹੋਣ ਕਰਕੇ, ਅਜੋਕੀ ਅਰਦਾਸ ਦੀ ਬਣਤਰ ਵਿੱਚ, ਬਚਿੱਤ੍ਰ ਨਾਟਕ ਦੀ ਭਗਾਉਤੀ (ਦੁਰਗਾ) ਦੀ ਅਰਾਧਨਾ ਮੂਲ ਰੂਪ ਵਿੱਚ ਘਸੋੜ ਦਿੱਤੀ ਗਈ। ਸਿੱਖ ਧਰਮ ਦੇ ਮੂਲ ਵਿਸ਼ਵਾਸ਼ ਇੱਕ ਅਕਾਲ ਪੁਰਖ ਦੀ ਅਰਾਧਨਾ ਉੱਪਰ ਅਖੌਤੀ ਦੇਵੀ ਦੁਰਗਾ ਦੇ ਭਗਵੇ ਰੰਗ ਦੀ ਅਰਾਧਨਾ ਚੜ੍ਹਾ ਦਿੱਤੀ ਗਈ। ਦੂਜਾ ਦਸਾਂ ਪਾਤਸ਼ੀਆਂ ਦੀ ਆਤਮ ਜੋਤਿ ਗੁਰੂ ਗ੍ਰੰਥ ਸਾਹਿਬ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ! ਨਾਲ ਰੱਬੀ ਭਗਤਾਂ ਅਤੇ ਹੋਰ ਬਾਣੀਕਾਰਾਂ ਨਾਲ ਵਿਤਕਰਾ ਕੀਤਾ ਗਿਆ। ਵਾਸਤਵ ਵਿੱਚ ਗੁਰੂ ਗ੍ਰੰਥ ਸਾਹਿਬ ਵਿਖੇ ੧੫ ਭਗਤਾਂ, ੬ ਸਿੱਖ ਗੁਰੂਆਂ, ੧੧ ਭੱਟਾਂ ਅਤੇ ੩ ਗੁਰਸਿੱਖਾਂ ਟੋਟਲ ੩੫ ਮਹਾਂਪੁਰਖਾਂ ਦੀ ਬਾਣੀ ਹੈ ਫਿਰ ਕੇਵਲ ਦਸਾਂ ਗੁਰੂਆਂ ਦੀ ਜੋਤਿ ਹੀ ਕਹਿਣਾ, ਬਾਕੀਆਂ ਨਾਲ ਵਿਤਕਰਾ ਕਰਨਾ ਹੈ ਜਦ ਕਿ ਗੁਰੂ ਗ੍ਰੰਥ ਸਾਹਿਬ ਵਿਖੇ ਛੇ ਗੁਰੂ ਸਹਿਬਾਨ ਦੀ ਬਾਣੀ, ਨਾ ਕਿ ਦਸਾਂ ਦੀ ਹੈ। ਇਸ ਵਿਤਕਰੇ ਕਰਕੇ ਭਗਤਾਂ ਦੇ ਅਨੁਯਾਈ ਪ੍ਰਵਾਰ, ਸਿੱਖਾਂ ਨਾਲੋਂ ਵੱਖ ਹੋ ਆਪੋ ਆਪਣੇ, ਡੇਰੇ, ਗ੍ਰੰਥ ਅਤੇ ਅਰਦਾਸਾਂ ਬਣਾ ਰਹੇ ਹਨ।ਲਿਖਣਾ ਚਾਹੀਦਾ ਸੀ ਕਿ ਗੁਰੂਆਂ-ਭਗਤਾਂ ਦੀ ਆਤਮ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਬਾਕੀ ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਵੇਲੇ ਕਿਹੜੀ ਅਰਦਾਸ ਸੀ? ਜੇ ਸੀ ਤਾਂ ਉਸ ਨੂੰ ਬਦਲਣ ਦਾ ਅਧਿਕਾਰ ਸੰਪ੍ਰਦਾਈ ਡੇਰੇਦਾਰਾਂ ਅਤੇ ਸਿੱਖ ਲੀਡਰਾਂ ਨੂੰ ਕਿਸ ਨੇ ਦਿੱਤਾ? ਜਦ ਕਿ ਗੁਰੂ ਗ੍ਰੰਥ ਸਾਹਿਬ ਵਿਖੇ-ਤੂ ਠਾਕੁਰੁ ਤੁਮ ਪਹਿ ਆਰਦਾਸਿ॥..(੨੬੮) ਆਦਿਕ ਕਈ ਸ਼ਬਦ ਹਨ ਉਨ੍ਹਾਂ ਨੂੰ ਛੱਡ ਕੇ, ਅਖੌਤੀ ਦਸਮ ਗ੍ਰੰਥ ਦੀ ਭਗੌਤੀ (ਦੁਰਗਾ) ਨੂੰ ਕਿਸ ਸ਼ਾਜਿਸ਼ ਅਧੀਨ ਅਰਦਾਸ ਦੇ ਮੂਲ ਵਿੱਚ ਦਰਜ ਕੀਤਾ ਗਿਆ? ਅਖੌਤੀ ਦਸਮ ਗ੍ਰੰਥ, ਬਚਿਤ੍ਰ ਨਾਟਕ, ਗੁਰਬਿਲਾਸ ਪਾ: 10ਵੀਂ, ਲਵ ਕੁਛ ਦੀ ਉਲਾਦ, ਦੇਹਿ ਸ਼ਿਵਾ ਬਰ, ਭਗਾਉਤੀ (ਦੁਰਗਾ) ਦੀ ਅਰਾਧਨਾਂ, ਮੂਰਤੀ ਪੂਜਾ, ਡੇਰੇ, ਸੰਪ੍ਰਦਾਵਾਂ, ਬਿਕਰਮੀ ਕੈਲੰਡਰ, ਮੱਸਿਆ, ਪੁੰਨਿਆਂ, ਪੰਚਕਾਂ ਅਤੇ ਸੰਗ੍ਰਾਂਦਾਂ ਆਦਿਕ ਬ੍ਰਾਹਮਣੀ ਵਿਸ਼ਵਾਸ਼ਾਂ ਅਤੇ ਕਰਮਕਾਂਡਾਂ ਦਾ ਖਮਿਆਜਾ ਅੱਜ ਸਿੱਖ ਕੌਮ ਭੁਗਤ ਰਹੀ ਹੈ।ਸਿੱਖ ਕੈਸੀ ਵੱਖਰੀ ਨਿਰਾਲੀ ਕੌਮ ਹੈ? ਜਿਸ ਦੀ ਅਰਦਾਸ ਅਖੌਤੀ ਭਗੌਤੀ (ਦੁਰਗਾ) ਦੀ ਅਰਾਧਨਾ ਅਤੇ ਕੌਮੀ ਤਰਾਨਾ ਸ਼ਿਵਾ (ਪਾਰਬਤੀ) ਤੋਂ ਵਰ ਮੰਗ ਕੇ ਪੂਰਾ ਕੀਤਾ ਜਾਂਦਾ ਹੈ।

ਕੋਈ ਵੇਲਾ ਸੀ ਸਾਡੇ ਦੁਸ਼ਮਣ ਵੀ ਸੱਚ ਬੋਲ ਗਏ ਕਿ-ਹਿੰਦੂ ਤੁਰਕਨ ਤੇ ਹੈ ਨਿਆਰਾ॥ਫਿਰਕਾ ਇਨ ਕਾ ਅਪਰ ਅਪਾਰਾ॥...ਗੁਰੂ ਨਾਨਕ ਜੋ ਰਟੀ ਕਲਾਮ॥ ਤਾਂ ਪਰ ਰਾਖਤ ਇਮਾਨ ਤਮਾਮ॥ (ਪੰਥ ਪ੍ਰਕਾਸ਼) ਤੇ ਗੁਰੂ ਗ੍ਰੰਥ ਤਾਂ ਪੁਕਾਰ ਪੁਕਾਰ ਕੇ ਕਹਿ ਰਿਹਾ ਹੈ ਕਿ-ਨਾ ਹਮ ਹਿੰਦੂ ਨ ਮੁਸਲਮਾਨ॥(੧੧੩੬) ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ (੮੭੫) ਅਤੇ ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੈ ਦੋਊ॥੧॥ ਰਹਾਉ॥ ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ (੧੧੫੯) ਪਰ ਅੱਜ ਅਸੀਂ ਬਹੁਤ ਕੁਝ ਲਈ ਜਾ ਰਹੇ ਹਾਂ, ਕੀ ਸਿੱਖ ਕੌਮ ਕਦੇ ਇਸ ਬਾਰੇ ਗੰਭੀਰਤਾ ਨਾਲ ਸੋਚੇਗੀ?

### 7 ਅਗਸਤ ਨੂੰ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਇਤਿਹਾਸਕ ਗੁਰਦੁਆਰਾ ਸ੍ਰੀ ਝਾੜ ਸਾਹਿਬ ਪਾਤਸ਼ਾਹੀ ਦਸਵੀਂ ਜਿਲ੍ਹਾ ਲੁਧਿਆਣਾ



ਤਸਵਿੰਦਰ ਸਿੰਘ ਬੜੈਚ
91-98763-22677

ਇਹ ਅਸਥਾਨ ਸਮਰਾਲਾ-ਬਹਿਲੋਲਪੁਰ ਸੜਕ 'ਤੇ ਸਹਿਰ ਸਮਰਾਲਾ ਤੋਂ 10 ਕੁ ਕਿਲੋਮੀਟਰ ਅਤੇ ਸਰਹੰਦ ਨਹਿਰ ਦੇ ਕਿਨਾਰੇ-ਕਿਨਾਰੇ ਜਾਂਦੀ ਰੋਪੜ-ਦੋਰਾਹਾ ਸੜਕ ਤੋਂ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ, ਜਿਸ ਨੂੰ ਖਾਲਸਾ ਪੰਥ ਦੇ ਸਿਰਜਕ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਸੰਨ 1704 ਵਿਚ ਜੁਲਮੀ ਕਹਿਰ ਦੇ ਵਿਰੁੱਧ ਲੜਦੇ ਹੋਏ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਗੜ੍ਹੀ ਵਿਚੋਂ ਸਾਹਿਬਜਾਦਿਆਂ ਦੀ ਸਹੀਦੀ ਉਪਰੰਤ ਪੰਜ ਪਿਆਰੇ ਸਹਿਬਾਨ ਦਾ ਹੁਕਮ ਮੰਨਦੇ ਹੋਏ ਕਲਗੀ ਭਾਈ ਸੰਗਤ ਸਿੰਘ ਨੂੰ ਸੌਂਪ ਕੇ ਪੋਹ ਮਹੀਨੇ ਦੀ ਠੰਢੀ-ਠਾਰ ਰਾਤ ਵਿਚ ਚਲ ਕੇ ਪਿੰਡ ਚੂਹੜਪੁਰ ਵਿਖੇ ਇੱਕ ਝਾੜ ਹੇਠਾਂ ਆਰਾਮ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਆਪਣੇ ਇਕ ਅਨਿਨ ਸਾਧੂ ਨੂੰ ਦਰਸ਼ਨ ਦੇ ਕੇ ਉਸਦੇ ਮਨ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਅਤੇ ਉਸਦਾ ਜੀਵਨ ਸਫਲ ਕੀਤਾ। ਇਸ ਅਸਥਾਨ ਪੁਰ ਦਸਮੇਸ਼ ਪਿਤਾ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਝਾੜ ਸਾਹਿਬ ਦੀ



ਆਲੀਸ਼ਾਨ ਇਮਾਰਤ ਸੁਸ਼ੋਭਿਤ ਹੈ। ਇਸ ਗੁਰੂ-ਘਰ ਦੀ ਸ਼ਾਨਦਾਰ ਸਫੈਦ ਇਮਾਰਤ ਹੈ, ਜੋ ਬੁਲੰਦ ਨਿਸ਼ਾਨ ਸਾਹਿਬ ਕਾਰਨ ਦੂਰ ਤੋਂ ਹੀ ਨਜ਼ਰ ਆਉਂਦੀ ਹੈ। ਇਸ ਅਸਥਾਨ ਦੀ ਸੇਵਾ ਸੰਤ ਬਾਬਾ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆ ਦੁਆਰਾ ਆਪਣੇ-ਹੱਥੀ ਕਰਵਾਈ ਅਤੇ ਲੰਮਾਂ ਸਮਾਂ ਇਲਾਕਾ ਨਿਵਾਸੀਆਂ ਨੂੰ ਗੁਰਬਾਣੀ, ਸਿਮਰਨ ਅਤੇ ਸੇਵਾ ਨਾਲ ਜੋੜਿਆ। ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਅਸਥਾਨ ਤੇ ਸੰਸਾਰ ਵਿਚੋਂ ਲੱਖ ਸਰਧਾਲੂ ਪੁੱਜਦੇ ਹਨ ਅਤੇ ਨਮਸਕਾਰ ਕਰਕੇ ਆਪਣਾ ਜੀਵਨ ਸਫਲ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਹਰ ਮਹੀਨੇ ਸੰਗਰਾਂਦ ਦੇ ਦਿਹਾੜੇ ਤੇ ਭਾਰੀ ਜੋੜ ਮੇਲਾ ਲੱਗਦਾ ਹੈ। ਉਂਜ ਵੀ ਹਰ ਸਮੇਂ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ। ਬਾਬਾ ਪਿਆਰਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਸ ਪਾਵਨ ਪਵਿੱਤਰ ਅਸਥਾਨ 'ਤੇ ਹਰ ਸਾਲ ਅਗਸਤ ਮਹੀਨੇ 'ਚ ਵਿਸ਼ਾਲ ਸਾਲਾਨਾ ਜੋੜ ਮੇਲਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਮਨਾਇਆ ਜਾਂਦਾ ਹੈ, ਜਿੱਥੇ ਸੰਤ-ਮਹਾਂਪੁਰਸ, ਉੱਚ ਕੋਟੀ ਦੇ ਰਾਗੀ, ਢਾਡੀ-ਕਵੀਸ਼ਰ, ਪ੍ਰਚਾਰਕ ਤੇ ਕਥਾਵਾਚਕ ਪਹੁੰਚਦੇ ਹਨ, ਜੋ ਕਥਾ-ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰਦੁਆਰਾ ਸਾਹਿਬ ਦੇ ਨਜਦੀਕ ਹੀ ਲੰਗਰ ਹਾਲ ਦੀ ਵਿਸ਼ਾਲ ਇਮਾਰਤ ਹੈ, ਜਿੱਥੇ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ ਜਾਂਦਾ ਹੈ। ਕਮੇਟੀ ਵੱਲੋਂ ਸੰਗਤਾਂ ਦੇ ਠਹਿਰਨ ਲਈ ਵੀ ਇਸ ਅਸਥਾਨ 'ਤੇ ਢੁਕਵੇਂ ਪ੍ਰਬੰਧ ਕੀਤੇ ਹੋਏ ਹਨ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਇਲਾਕਾ ਨਿਵਾਸੀਆਂ ਵੱਲੋਂ ਸੌਂਪਿਆ ਲੜਕੀਆਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵੀ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਪੁਰ ਵਿਸਰਾਮ ਕਰਨ ਤੋਂ ਬਾਅਦ ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ, ਜਿੱਥੇ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ।

# ਇਟਲੀ ਸਰਕਾਰ ਦੀ ਪ੍ਰਵਾਨ ਕੀਤੀ ਕ੍ਰਿਪਾਨ ਪੰਜ ਸਿੰਘ ਸਾਹਿਬਾਨ ਨੇ ਕੀਤੀ ਰੱਦ

**ਅੰਮ੍ਰਿਤਸਰ –** ਇਟਲੀ ਵਿੱਚ ਰਹਿੰਦੇ ਅੰਮ੍ਰਿਤਧਾਰੀ ਸਿੱਖਾਂ ਵਾਸਤੇ ਦੀ ਸਰਕਾਰ ਵੱਲੋਂ ਪ੍ਰਵਾਨ ਕੀਤੀ ਗਈ ਵਿਸ਼ੇਸ਼ ਕਿਸਮ ਦੀ ਕ੍ਰਿਪਾਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਾਹਿਬਾਨ ਦੀ ਮੀਟਿੰਗ ਵਿੱਚ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਗਈ ਹੈ। ਇਟਲੀ ਦੇ ਸਿੱਖਾਂ ਵੱਲੋਂ ਨਮੂਨੇ ਵਜੋਂ ਭੇਜੀ ਕ੍ਰਿਪਾਨ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਰੱਦ ਕਰ ਦਿੱਤਾ ਗਿਆ ਅਤੇ ਉਥੇ ਰਹਿੰਦੇ ਸਿੱਖਾਂ ਨੂੰ ਕਿਹਾ ਗਿਆ ਕਿ ਉਹ ਇਸ ਦੀ ਥਾਂ ਛੋਟੇ ਆਕਾਰ ਵਾਲੀਕ੍ਰਿਪਾਨ ਦੀ ਪ੍ਰਵਾਨਗੀ ਲੈਣ ਦਾ ਯਤਨ ਜਾਰੀ ਰੱਖਣ।

ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਅਕਾਲ ਤਖ਼ਤ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਹੋਏ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਟਲੀ ਦੀ ਇੱਕ ਕੰਪਨੀ ਵੱਲੋਂ ਪੇਸ਼ ਕੀਤੇ ਕ੍ਰਿਪਾਨ ਦੇ ਨਮੂਨੇ ਨੂੰ ਇਤਿਹਾਸਕ ਸਰੋਤਾਂ ਮੁਤਾਬਕ ਵੇਖਣ ਦੇ ਬਾਅਦ ਧਾਰਮਿਕ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੀ ਰਾਏ ਵੀ ਲਈ ਗਈ ਸੀ, ਜਿਸ ਪਿੱਛੋਂ ਇਸ ਦੇ ਨਮੂਨੇ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਕ੍ਰਿਪਾਨ ਨੂੰ ਇੱਕ ਸ਼ਸਤਰ ਵਜੋਂ ਪਹਿਨਣ ਲਈ ਆਦੇਸ਼ ਕੀਤਾ ਹੈ, ਪਰ ਇਟਲੀ ਦੀ ਕ੍ਰਿਪਾਨ ਅਜਿਹੀ ਧਾਤ ਦੀ ਬਣੀ ਹੋਈ ਹੈ, ਜਿਸ ਦਾ ਮਜ਼ਬੂਤੀ ਪੱਖੋਂ ਕੋਈ ਆਧਾਰ ਨਹੀਂ ਹੈ। ਇਹ ਏਨੀ ਨਰਮ ਹੈ ਕਿ ਥੋੜ੍ਹੇ ਜਿਹੇ ਦਬਾਅ ਨਾਲ ਮੁੜ ਅਤੇ ਟੁੱਟ ਜਾਂਦੀ ਹੈ, ਇਸ ਨੂੰ ਸ਼ਸਤਰ ਵਜੋਂ ਮਾਨਤਾ ਨਹੀਂ ਦਿੱਤੀ ਜਾ ਸਕਦੀ। ਇਹ ਕ੍ਰਿਪਾਨ ਦੋ ਹਿੱਸਿਆ ਵਿੱਚ ਬਣਾ ਕੇ ਜੋੜੀ ਹੋਈ ਹੈ ਅਤੇ ਇਸ ਦਾ ਇੱਕ ਹਿੱਸਾ ਮੁੱਠ ਵਜੋਂ ਤੇ ਇੱਕ ਹਿੱਸਾ ਬਲੇਡ ਵਜੋਂ ਹੈ। ਉਨ੍ਹਾਂ ਕਿਹਾ ਕਿ ਇਟਲੀ ਦੇ ਸਿੱਖ ਛੋਟੀ ਕ੍ਰਿਪਾਨ ਪਹਿਨ ਸਕਦੇ ਹਨ, ਉਨ੍ਹਾਂ ਨੂੰ ਛੋਟੀ ਕ੍ਰਿਪਾਨ ਦੀ ਪ੍ਰਵਾਨਗੀ ਲੈਣੀ ਚਾਹੀਦੀ ਹੈ। ਵਰਨਣ ਯੋਗ ਹੈ ਕਿ 26 ਜੂਨ ਨੂੰ ਇਟਲੀ ਵਾਸੀ ਸੁਖਦੇਵ ਸਿੰਘ ਕੰਗ ਤੇ ਹੋਰਨਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਨ੍ਹਾਂ ਕ੍ਰਿਪਾਨਾਂ ਦੇ ਨਮੂਨੇ ਪੇਸ਼ ਕਰਦਿਆਂ ਦੱਸਿਆ ਸੀ ਕਿ ਇਟਲੀ ਸਰਕਾਰ ਵੱਲੋਂ ਪ੍ਰਵਾਨ ਕੀਤੀ ਇਸ ਕ੍ਰਿਪਾਨ ਨੂੰ ਉਥੇ ਅੰਮ੍ਰਿਤਧਾਰੀ ਸਿੱਖਾਂ ਨੇ ਪਹਿਨਣਾ ਸ਼ੁਰੂ ਕਰ ਦਿੱਤਾ ਹੈ। ਇਸ ਦੌਰਾਨ ਮਲੇਸ਼ੀਆ ਵੱਸਦੇ ਜਸਵੰਤ ਸਿੰਘ ਖੋਸਾ ਵੱਲੋਂ ਭੇਟ ਕੀਤੇ ਹੱਥ ਲਿਖਤ ਸਰੂਪ ਦਾ ਸੁਧਾਈ ਤੋਂ ਬਿਨਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪ੍ਰਕਾਸ਼ ਕਰਨ ਦਾ ਨੋਟਿਸ ਲੈਂਦਿਆਂ ਪੰਜ ਸਿੰਘ ਸਾਹਿਬਾਨ ਨੇ ਇਸ ਕੇਸ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਖੰਡ ਪਾਠਾਂ ਦੇ ਇੰਚਾਰਜ ਜਰਨੈਲ ਸਿੰਘ ਅਤੇ ਲੇਖਕ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਤਲਬ ਕੀਤਾ ਹੈ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਇਸ ਬਾਰੇ ਅਕਾਲ ਤਖ਼ਤ ਵੱਲੋਂ ਜਾਂਚ ਲਈ ਬਣਾਈ ਕਮੇਟੀ ਦੀ ਰਿਪੋਰਟ ਮੁਤਾਬਕ ਇਸ ਹੱਥ ਲਿਖਤ ਸਰੂਪ ਵਿੱਚ ਕਈ ਘਾਟਾਂ ਹਨ। ਰਿਪੋਰਟ ਵਿੱਚ ਤਖ਼ਤ ਦੇ ਮੈਨੇਜਰ ਜਗਜੀਤ ਸਿੰਘ, ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਖੰਡ ਪਾਠਾਂ ਦੇ ਇੰਚਾਰਜ ਜਰਨੈਲ ਸਿੰਘ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਹੈ। ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਤਿੰਨਾਂ ਦੇ ਖਿਲਾਫ ਯੋਗ ਕਾਰਵਾਈ ਕੀਤੀ ਜਾਵੇ। ਲੇਖਕ ਜਸਵੰਤ ਸਿੰਘ ਖੋਸਾ, ਹੈੱਡ ਗ੍ਰੰਥੀ ਤੇ ਅਖੰਡ ਪਾਠਾਂ ਦੇ ਇੰਚਾਰਜ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਤਲਬ ਵੀ ਕੀਤਾ ਹੈ। ਮੀਟਿੰਗ ਵਿਚ ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਦੀਆਂ ਕਿਤਾਬਾਂ ਦਾ ਕੇਸ ਵੀ ਵਿਚਾਰਿਆ ਗਿਆ ਹੈ। ਜਾਂਚ ਕਮੇਟੀ ਦੀ ਰਿਪੋਰਟ ਵਿੱਚ ਵਿਦਵਾਨਾਂ ਨੇ ਦੋਸ਼ ਲਾਇਆ ਹੈ ਕਿ ਲੇਖਕ ਨੇ ਇਨ੍ਹਾ ਕਿਤਾਬਾਂ ਵਿੱਚ ਗੁਰੂ ਗ੍ਰੰਥ ਸਾਹਿਬ ਬਾਰੇ ਨੀਵੇਂ ਪੱਧਰ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਬਾਰੇ ਲੇਖਕ ਨੂੰ ਸਪੱਸ਼ਟੀਕਰਨ ਦੇਣ ਨੂੰ ਕਿਹਾ ਗਿਆ ਹੈ। ਜਦੋਂ ਤੱਕ ਉਹ ਸਪੱਸ਼ਟੀਕਰਨ ਨਹੀਂ ਦਿੰਦਾ, ਉਦੋਂ ਤੱਕ ਕਿਤਾਬਾਂ 'ਤੇ ਰੋਕ ਦੇ ਆਦੇਸ਼ ਦਿੱਤੇ ਗਏ ਹਨ।



# ਬਾਬਾ ਰਾਮਦੇਵ ਦਾ ਭਗਵਾ ਸੈਨਾ ਪਲਾਨ

(ਸਫਾ 16 ਦੀ ਬਾਕੀ)

ਲੋਕਾਂ ਨੂੰ ਅੰਗ ਰੱਖਿਅਕ ਉਪਲਬਧ ਕਰਾਉਣਾ। ਬਾਬਾ ਰਾਮਦੇਵ ਨੇ ਇਸਦੇ ਲਈ 'ਪਰਾਕ੍ਰਮ ਸੁਰਕਸ਼ਾ ਪ੍ਰਾਈਵੇਟ ਲਿਮਟਿਡ' ਨਾਂਅ ਹੇਠ ਆਪਣੀ ਸਕਿਉਰਟੀ ਫ਼ਰਮ ਵੀ ਸਥਾਪਤ ਕਰ ਲਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਮੇਂ ਨਿੱਜੀ ਸੁਰੱਖਿਆ ਦੇ ਖੇਤਰ ਵਿੱਚ 40 ਹਜ਼ਾਰ ਕਰੋੜ ਦਾ ਕਾਰੋਬਾਰ ਹੈ। ਬਾਬਾ ਰਾਮਦੇਵ ਦਾ ਟੀਚਾ 2020 ਤੱਕ ਇਸ ਦੇ ਬਹੁਤੇ ਹਿੱਸੇ 'ਤੇ ਕਬਜ਼ਾ ਕਰਨਾ ਹੈ ਅਤੇ ਇਸ ਕਾਰੋਬਾਰ ਨੂੰ ਵਧਾ ਕੇ 80 ਹਜ਼ਾਰ ਕਰੋੜ ਤੱਕ ਲਿਜਾਣਾ ਹੈ। ਜਿੱਥੋਂ ਤੱਕ ਨਿੱਜੀ ਸੁਰੱਖਿਆ ਗਾਰਡ ਤਿਆਰ ਕਰਨ ਦੀ ਗੱਲ ਹੈ ਕਾਰੋਬਾਰ ਦੇ ਮਾਮਲੇ ਵਿੱਚ ਇਹ ਕੋਈ ਨਵੀਂ ਨਹੀਂ ਹੈ। ਪਹਿਲਾਂ ਵੀ ਕੁੱਝ ਕੰਪਨੀਆਂ ਅਜਿਹਾ ਕਰ ਰਹੀਆਂ ਹਨ। ਜ਼ਿਆਦਾ ਸੋਚਣ ਵਾਲ਼ੀ ਗੱਲ ਇਹ ਹੈ ਕਿ ਬਾਬਾ ਰਾਮਦੇਵ ਨੇ ਕਿਸੇ ਸਮੇਂ ਐਲਾਨ ਕੀਤਾ ਸੀ ਕਿ ਉਹ ਇੱਕ ਸੈਨਾ ਤਿਆਰ ਕਰਨਗੇ। ਉਸ ਸਮੇਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਸੀ। ਸੈਨਾ ਤਿਆਰ ਕਰਨ ਦੇ ਐਲਾਨ ਨੂੰ ਲੈ ਕੇ ਉਸਦੀ ਨੁਕਤਾਚੀਨੀ ਵੀ ਹੋਈ ਸੀ। ਉਸਦੇ ਆਸ਼ਰਮ ਵਿੱਚੋਂ ਇੱਕ ਵਾਰ ਨਜਾਇਜ਼ ਹਥਿਆਰ ਮਿਲਣ ਦੇ ਚਰਚੇ ਵੀ ਹੋਏ ਸਨ। ਸ਼ਾਇਦ ਇਹ ਨਿਜੀ ਸੈਨਾ ਬਣਾਉਣ ਦੀ ਤਿਆਰੀ ਹੀ ਸੀ। ਪਰ ਇਹ ਗੱਲ ਵਿੱਚ ਹੀ ਦਬਾ ਦਿੱਤੀ ਗਈ। ਅੱਜ ਕੇਂਦਰ ਵਿੱਚ ਉਸ ਦੀ ਖੁੱਲ੍ਹ ਕੇ ਮੱਦਦ ਕਰਨ ਵਾਲ਼ੀ ਸਰਕਾਰ ਹੈ। ਇਸ ਲਈ ਉਸਨੂੰ ਕਿਸੇ ਵੀ ਕਾਨੂੰਨੀ ਕਾਰਵਾਈ ਦਾ ਕੋਈ ਡਰ ਨਹੀਂ ਹੈ। ਇਸ ਦੇ ਨਾਲ਼ ਹੀ ਉਸਨੇ ਸੈਨਾ ਦੀ ਬਜਾਏ 'ਨਿੱਜੀ ਅੰਗ ਰੱਖਿਅਕ' ਤਿਆਰ ਕਰਨ ਦੇ ਨਾਂਅ 'ਤੇ ਇਸ ਦਾ ਨਾਮਕਰਣ 'ਪਰਾਕ੍ਰਮ ਸੁਰਕਸ਼ਾ ਪ੍ਰਾਈਵੇਟ ਲਿਮਟਿਡ' ਕਰ ਲਿਆ ਹੈ। ਇਸ ਕੰਪਨੀ ਵਿੱਚ ਸਿਖਲਾਈ ਦੇਣ ਲਈ ਸੈਨਾ ਅਤੇ ਅਰਧ ਸੁਰੱਖਿਆ ਬਲਾਂ ਦੇ ਰਿਟਾਇਰਡ ਅਧਿਕਾਰੀ ਤਾਇਨਾਤ ਹੋਣਗੇ। ਬਾਬਾ ਰਾਮਦੇਵ ਦੇ ਸਾਥੀ ਬਾਲ ਕ੍ਰਿਸ਼ਨ ਅਨੁਸਾਰ ਇਹ ਅੰਗ ਰੱਖਿਅਕ ਪ੍ਰਾਈਵੇਟ ਸੇਵਾ ਦੇਣ ਲਈ ਤਿਆਰ ਕੀਤੇ ਜਾਣਗੇ ਪਰ ਉਹਨਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਅਤੇ ਉਹਨਾਂ ਦੀ ਸਿਖਲਾਈ ਕਾਰਨ ਇਹਨਾਂ ਵਿੱਚੋਂ ਕੁੱਝ ਸਰਕਾਰੀ ਸੁਰੱਖਿਆ ਸੇਵਾਵਾਂ ਵਿੱਚ ਵੀ ਜਾ ਸਕਣਗੇ।

ਦੇਖਣ ਨੂੰ ਇਹ ਕੰਮ ਸਿੱਧਾ-ਪੱਧਰਾ ਜਿਹਾ ਲੱਗ ਸਕਦਾ ਹੈ ਪਰ ਇਸ ਦੇ ਪਰਦੇ ਪਿੱਛੇ ਹਿੰਦੂਤਵੀ ਤਾਕਤਾਂ ਕੁੱਝ ਹੋਰ ਗੁਲ ਵੀ ਖਿਲਾ ਸਕਦੀਆਂ ਹਨ। ਉਦਾਹਰਣ ਵਜੋਂ ਸੰਘ ਦੀ ਵਿਚਾਰਧਾਰਾ ਤਹਿਤ ਕੰਮ ਕਰਨ ਵਾਲ਼ਾ ਇੱਕ ਖਾੜਕੂ ਸੰਗਠਨ ਹੈ ਬਜਰੰਗ ਦਲ। ਇਸ ਦੀ ਸ਼ੁਰੂਆਤ 1984 ਵਿੱਚ ਵਿਨੈ ਕਟਿਆਰ ਦੀ ਅਗਵਾਈ ਵਿੱਚ ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਵਿਵਾਦ ਵਿੱਚ ਗ਼ੈਰ ਹਿੰਦੂਆਂ ਖ਼ਾਸ ਕਰ ਮੁਸਲਮਾਨਾਂ ਨੂੰ ਡਰਾ ਕੇ ਚੁੱਪ ਕਰਾਉਣ ਲਈ ਉੱਤਰ ਪ੍ਰਦੇਸ਼ ਤੋਂ ਕੀਤੀ ਗਈ। ਹੌਲ਼ੀ-ਹੌਲ਼ੀ ਇਸ ਦਾ ਜਾਲ਼ ਸਾਰੇ ਦੇਸ਼ ਵਿੱਚ ਫੈਲ ਗਿਆ ਹੈ। ਹੁਣ ਇਸ ਦੇ 10 ਲੱਖ ਤੋਂ ਜ਼ਿਆਦਾ ਮੈਂਬਰ ਹਨ। ਜਿਵੇਂ ਇਸ ਦੇ ਨਾਂਅ ਤੋਂ ਹੀ ਸਪੱਸ਼ਟ ਹੈ ਕਿ ਇਸਨੂੰ ਨਿਰਸਵਾਰਥ ਸੇਵਾ ਕਰਨ ਵਾਲ਼ੇ ਰਾਮ ਭਗਤ ਹਨੂੰਮਾਨ ਦੇ ਨਾਂਅ 'ਤੇ ਕਾਇਮ ਕੀਤਾ ਗਿਆ ਹੈ। ਇਸ ਵਿੱਚ ਖਾੜਕੂ ਕਾਰਵਾਈਆਂ ਕਰਨ ਵਾਲ਼ੇ ਜ਼ਿਆਦਾਤਰ ਪਛੜੇ ਵਰਗ ਦੇ ਲੋਕ ਹੀ ਹੁੰਦੇ ਹਨ। ਗੁਜਰਾਤ ਦੇ ਦੰਗਿਆਂ ਵਿੱਚ ਇਸ ਸੰਗਠਨ ਨੇ ਕਾਫ਼ੀ ਭੂਮਿਕਾ ਨਿਭਾਈ। ਇਸੇ ਤਰ੍ਹਾਂ ਅਜੋਕੇ ਸਮੇਂ ਵਿੱਚ ਅਜਿਹੇ ਤੱਤਾਂ ਨੇ ਆਪਣਾ ਢੰਗ ਬਦਲ ਲਿਆ ਹੈ। ਹੁਣ ਅਜਿਹੇ ਨੌਜੁਆਨ ਗਊ ਰੱਖਿਅਕ ਦਲਾਂ ਦੇ ਨਾਂਅ 'ਤੇ ਕਾਰਵਾਈਆਂ ਕਰਦੇ ਹਨ। ਇਹਨਾਂ ਨਾਲ਼ ਸੰਬੰਧਤ ਨੌਜੁਆਨਾਂ ਨੇ ਪੂਰੇ ਦੇਸ਼ ਵਿੱਚ ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਖ਼ਾਸ ਕਰ ਮੁਸਲਮਾਨਾਂ ਵਿੱਚ ਭੈਅ ਦਾ ਵਾਤਾਵਰਣ ਪੈਦਾ ਕੀਤਾ ਹੋਇਆ ਹੈ। ਜਦੋਂ ਉੱਤਰ ਪ੍ਰਦੇਸ਼ ਵਿੱਚ ਯੋਗੀ ਅਦਿੱਤਿਆ ਨਾਥ ਦੀ ਸਰਕਾਰ ਬਣੀ ਸੀ ਤਾਂ ਪੁਲਿਸ ਦੀਆਂ ਗੱਡੀਆਂ 'ਤੇ ਕਬਜ਼ਾ ਕਰੀ ਗਲ਼ ਵਿੱਚ ਭਗਵਾ ਗਮਛਾ (ਪਰਨਾ) ਪਹਿਨੇ ਨੌਜੁਆਨਾਂ ਦੀਆਂ ਤਸਵੀਰਾਂ ਸਾਰੇ ਜਗਤ ਨੇ ਦੇਖੀਆਂ ਸਨ। ਅਜੇ ਇਹਨਾਂ ਜੁਆਨਾਂ ਨੂੰ ਕੋਈ ਬਹੁਤੀ ਸਿਖਲਾਈ ਨਹੀਂ ਮਿਲੀ ਹੋਈ। ਜੇਕਰ ਅਜਿਹੇ ਨੌਜੁਆਨਾਂ ਨੂੰ ਬਾਬਾ ਰਾਮਦੇਵ ਵਰਗਿਆਂ ਦੀ ਕਿਸੇ ਕੰਪਨੀ ਵਿੱਚ ਟਰੇਂਡ ਵਿਅਕਤੀਆਂ ਵੱਲੋਂ ਟਰੇਨਿੰਗ ਮਿਲ਼ ਜਾਂਦੀ ਹੈ ਤਾਂ ਉਹ ਹੋਰ ਜ਼ਿਆਦਾ ਖੁੱਲ੍ਹਕੇ ਗੁੰਡਾਗਰਦੀ ਕਰ ਸਕਦੇ ਹਨ।

ਬਾਬਾ ਰਾਮਦੇਵ ਤੋਂ ਪਹਿਲਾਂ ਛੋਟੀ ਉਮਰ ਦੇ ਬੱਚਿਆਂ ਨੂੰ ਦੇਸ਼ ਭਗਤੀ ਦੇ ਨਾਂਅ 'ਤੇ ਹਿੰਦੂਵਾਦ ਦੀ ਸੇਵਾ ਵਿੱਚ ਲਾਉਣ ਲਈ ਭੌਂਸਲੇ ਸੈਨਿਕ ਸਕੂਲ ਖੋਲ੍ਹਿਆ ਹੋਇਆ ਹੈ। ਸੰਘ ਦੇ ਵਿਚਾਰਕ ਡਾ: ਬੀ.ਐਸ. ਮੁੰਜੇ ਨੇ ਇਤਾਲਵੀ ਫਾਸ਼ੀਵਾਦੀਆਂ ਦੀ ਤਰਜ਼ 'ਤੇ ਬੱਚਿਆਂ ਨੂੰ ਨਸਲਵਾਦ ਦੀ ਸਿੱਖਿਆ ਦੇ ਕੇ ਆਪਣੇ ਉਦੇਸ਼ਾਂ ਲਈ ਮਰ ਮਿਟਣ ਲਈ ਤਿਆਰ ਕਰਨ ਲਈ 1934 ਵਿੱਚ ਇਹ ਸਕੂਲ ਖੋਲ੍ਹਿਆ ਸੀ। ਇੱਥੋਂ ਤਿਆਰ ਹੋ ਕੇ ਅਨੇਕਾਂ ਵਿਦਿਆਰਥੀ ਫੌਜ ਵਿੱਚ ਅਫ਼ਸਰ ਬਣੇ ਹਨ। ਇਹਨਾਂ ਦਾ ਤਾਲਮੇਲ ਹਮੇਸ਼ਾ ਆਰ.ਐਸ.ਐਸ. ਨਾਲ਼ ਰਹਿੰਦਾ ਹੈ। ਜਾਂਚ ਏਜੰਸੀਆਂ ਅਨੁਸਾਰ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੂੰ ਮਾਲੇਗਾਂਵ ਵਿੱਚ ਬੰਬ ਧਮਾਕੇ ਕਰਨ ਲਈ ਇੱਕ ਫੌਜੀ ਅਫ਼ਸਰ ਕਰਨਲ ਸ਼੍ਰੀਕਾਂਤ ਪ੍ਰਸਾਦ ਪੁਰੋਹਿਤ ਵੱਲੋਂ ਆਰ.ਡੀ.ਐਕਸ. ਸਪਲਾਈ ਕਰਨਾ ਅਤੇ ਫੌਜੀ ਅਫ਼ਸਰਾਂ ਦੁਆਰਾ ਰਿਟਾਇਰਮੈਂਟ ਤੋਂ ਪਿੱਛੋਂ ਵੱਡੀ ਗਿਣਤੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣਾ ਇਸਦਾ ਵੱਡਾ ਸਬੂਤ ਹੈ। ਮੁੰਜੇ ਦੇ ਸੈਨਿਕ ਸਕੂਲ ਦੇ ਕੰਮ ਕਾਜ ਤੋਂ ਖ਼ੁਸ਼ ਹੋ ਕੇ ਸਕੂਲ ਦੇ ਪਲੇਟੀਨਮ ਜਯੰਤੀ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਸੰਘ ਪ੍ਰਮੁੱਖ ਮੋਹਨ ਭਾਗਵਤ ਨੇ ਕਿਹਾ ਸੀ ਕਿ "ਹਿੰਦੁਤਵ ਸੰਗਠਨਾਂ ਦੇ ਝੰਡੇ ਹੇਠਾਂ ਕੰਮ ਕਰਨ ਵਾਲ਼ੇ ਹੋਰ ਸੈਨਿਕ ਸਕੂਲ ਸਥਾਪਤ ਕੀਤੇ ਜਾਣੇ ਚਾਹੀਦੇ ਹਨ।" ਅਜੇ ਇਸ ਗੱਲ ਨੂੰ ਦਾਅਵੇ ਨਾਲ਼ ਨਹੀਂ ਕਿਹਾ ਜਾ ਸਕਦਾ ਕਿ ਇਸ ਤਰ੍ਹਾਂ ਦੀ ਸਿਖਲਾਈ ਪ੍ਰਾਪਤ ਨੌਜੁਆਨਾਂ ਨੂੰ ਹਿੰਦੁਤਵ ਦੇ ਰਾਖਿਆਂ ਵੱਲੋਂ ਭਗਵਾ ਸੈਨਾ ਦੇ ਤੌਰ 'ਤੇ ਇਸਤੇਮਾਲ ਕੀਤਾ ਜਾਵੇਗਾ ਜਾਂ ਨਹੀਂ। ਪਰ ਬਹੁਤੇ ਅਸਾਰ ਇਸ ਗੱਲ ਦੇ ਹੀ ਹਨ ਕਿ ਅਜਿਹਾ ਹੋ ਸਕਦਾ ਹੈ। ਇਸ ਤਰ੍ਹਾਂ ਦੀ ਸਿਖਲਾਈ ਲੈਣ ਵਾਲ਼ੇ ਜ਼ਿਆਦਾਤਰ ਦਲਿਤ ਪਛੜੇ ਵਰਗਾਂ ਦੇ ਹੋਣਗੇ। ਇਹ ਆਮ ਤੌਰ 'ਤੇ ਉਹਨਾਂ ਅਤਿ ਗ਼ਰੀਬ ਘਰਾਂ ਦੇ ਹੀ ਹੋਣਗੇ ਜਿੰਨ੍ਹਾਂ ਨੂੰ ਕਿਤੇ ਹੋਰ ਰੁਜ਼ਗਾਰ ਮਿਲਣ ਦੀ ਆਸ ਨਹੀਂ ਹੁੰਦੀ। ਸਿਖਲਾਈ ਤੋਂ ਪਿੱਛੋਂ ਵੀ ਜ਼ਰੂਰੀ ਨਹੀਂ ਕਿ ਇਹਨਾਂ ਸਾਰਿਆਂ ਨੂੰ ਹੀ ਰੁਜ਼ਗਾਰ ਮਿਲ਼ ਜਾਵੇ। ਰੁਜ਼ਗਾਰ ਮਿਲਣ 'ਤੇ ਵੀ ਉਹਨਾਂ ਦੀ ਕੋਈ ਬਹੁਤੀ ਤਨਖਾਹ ਨਹੀਂ ਹੋ ਸਕਦੀ ਕਿ ਇਨਸਾਨ ਲਾਲਚ ਨਾ ਕਰੇ। ਇਸ ਦੇ ਨਾਲ਼ ਹੀ ਉਹਨਾਂ ਦੇ ਮਨ ਵਿੱਚ ਭਰਿਆ ਧਾਰਮਿਕ ਜਜ਼ਬਾ ਵੀ ਖ਼ਾਸ ਮੌਕਿਆਂ 'ਤੇ ਹੁਲਾਰਾ ਦੇਵੇਗਾ। ਅਜਿਹੀ ਹਾਲਤ ਵਿੱਚ ਸਿਖਲਾਈ ਪ੍ਰਾਪਤ ਨੌਜੁਆਨ ਕੁੱਝ ਵੀ ਕਰਨ ਨੂੰ ਤਿਆਰ ਹੋ ਸਕਦੇ ਹਨ।

ਅਜਿਹਾ ਨਾ ਵੀ ਹੋਵੇ ਤਾਂ ਵੀ ਹਿੰਦੂ ਧਰਮ ਦੀ ਸੇਵਾ ਲਈ ਤਿਆਰ ਰਹਿਣ ਵਾਲ਼ਿਆਂ ਦਾ ਇੱਕ ਮਾਰਸ਼ਲ ਵਿੰਗ ਤਾਂ ਤਿਆਰ ਹੋ ਹੀ ਜਾਵੇਗਾ ਜਿਸ ਨੂੰ ਕਦੇ ਵੀ ਲੋੜ ਪੈਣ 'ਤੇ ਇਸਤੇਮਾਲ ਕੀਤਾ ਜਾ ਸਕਦਾ ਹੈ। ਸਿੱਖਾਂ ਦਾ ਮਾਰਸ਼ਲ ਵਿੰਗ 'ਨਿਹੰਗ ਸਿੰਘ' ਜਿੰਨ੍ਹਾਂ ਨੂੰ ਗੁਰੂ ਦੀ ਲਾਡਲੀ ਫੌਜ ਕਿਹਾ ਜਾਂਦਾ ਹੈ, ਨੇ ਮਹਾਰਾਜਾ ਰਣਜੀਤ ਸਿੰਘ ਵਰਗਿਆਂ ਦੀ ਸਮੇਂ-ਸਮੇਂ 'ਤੇ ਸਹਾਇਤਾ ਕੀਤੀ ਸੀ। ਇਹਨਾਂ ਦੀ ਸਹਾਇਤਾ ਨਾਲ਼ ਹੀ ਰਣਜੀਤ ਸਿੰਘ ਨੇ ਕਈ ਜਿੱਤਾਂ ਪ੍ਰਾਪਤ ਕੀਤੀਆਂ ਸਨ। ਪਰ ਅੱਜ ਇਸ ਲਾਡਲੀ ਫੌਜ ਦੇ ਅਨੇਕਾਂ ਸਿਪਾਹੀ ਹਿੰਦੂਵਾਦੀਆਂ ਦੇ ਢਹੇ ਚੜ੍ਹਕੇ ਗਊ ਰੱਖਿਅਕਾਂ ਦੇ ਏਜੰਟ ਬਣੇ ਹੋਏ ਹਨ ਤੇ ਆਪਣੇ ਹੀ ਭਰਾਵਾਂ ਖ਼ਿਲਾਫ਼ ਹਥਿਆਰ ਚੁੱਕੀ ਪੰਜਾਬ ਵਿੱਚ ਕਈ ਵਾਰ ਨਜ਼ਰ ਆ ਜਾਂਦੇ ਹਨ। ਗਊ ਰੱਖਿਅਕ ਦੇ ਤੌਰ 'ਤੇ ਜਾਣੇ ਜਾਣ ਵਾਲ਼ੇ ਪਟਿਆਲ਼ੇ ਦੇ ਇੱਕ ਹਿੰਦੂਵਾਦੀ ਨੇਤਾ ਦੀ ਫੇਸਬੁੱਕ 'ਤੇ ਅਜਿਹੀਆਂ ਕਈ ਤਸਵੀਰਾਂ ਲੋਡ ਕੀਤੀਆਂ ਹੋਈਆਂ ਹਨ ਜਿੰਨ੍ਹਾਂ ਵਿੱਚ ਉਸ ਦੇ ਨਾਲ਼ ਨਿਹੰਗ ਸਿੰਘ ਆਪਣੇ ਹਥਿਆਰਾਂ ਨਾਲ਼ ਦਿਖਾਈ ਦਿੰਦੇ ਹਨ। ਦਾਮ ਦੇ ਕੇ ਜੇਕਰ ਗੁਰੂ ਦੀ ਲਾਡਲੀ ਫੌਜ ਦੇ ਨਿਹੰਗ ਸਿੰਘਾਂ ਵਿੱਚੋਂ ਕੁੱਝ ਨੂੰ ਖਰੀਦਿਆ ਜਾ ਸਕਦਾ ਹੈ ਤਾਂ ਜਿੰਨ੍ਹਾਂ ਨੌਜੁਆਨਾਂ ਨੂੰ ਦੇਸ਼ ਭਗਤੀ ਦੀ ਆੜ੍ਹ ਹੇਠ ਸਿੱਖਿਆ ਹੀ ਹਿੰਦੂ ਧਰਮ ਦੀ ਰੱਖਿਆ ਲਈ ਦਿੱਤੀ ਜਾਣੀ ਹੈ ਉਹਨਾਂ ਨੂੰ ਸੰਘੀ ਟੋਲਾ ਕਿਉਂ ਨਹੀਂ ਇਸਤੇਮਾਲ ਕਰ ਸਕੇਗਾ। ਕਾਂਗਰਸ ਦੇ ਵਿਰੋਧੀ ਧਿਰ ਨਾਲ਼ ਖੜ੍ਹੇ ਹੋਣ ਕਾਰਨ ਸਿੱਖਾਂ ਨੂੰ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਆਪਣੇ ਹਮਾਇਤੀ ਦਰਸਾਇਆ ਸੀ। ਪਰ ਜਿਉਂ ਹੀ ਕੇਂਦਰ ਵਿੱਚ ਮੋਦੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਸਿੱਖਾਂ ਨਾਲ਼ ਵੀ ਭਾਜਪਾ ਸ਼ਾਸਤ ਸੂਬਿਆਂ ਵਿੱਚ ਹੀ ਮਾੜਾ ਸਲੂਕ ਹੋ ਰਿਹਾ ਹੈ। ਉੱਤਰ ਪ੍ਰਦੇਸ਼ ਵਿੱਚ ਇੱਕ ਸਿੱਖ ਨੂੰ ਕਤਲ ਕਰਨ ਸਮੇਤ ਹਰਿਆਣਾ ਤੇ ਰਾਜਸਥਾਨ ਵਿੱਚ ਸਿੱਖਾਂ ਨਾਲ਼ ਕੁੱਟ-ਮਾਰ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਹੜੇ ਸਿੱਖ ਸੰਗਠਨ ਹਿੰਦੂਵਾਦ ਦਾ ਖੁੱਲ੍ਹਕੇ ਵਿਰੋਧ ਕਰਦੇ ਹਨ ਉਹ ਵੀ 1984 ਵਿੱਚ ਸਿੱਖ ਕੌਮ ਦੇ ਬੁਰੀ ਤਰ੍ਹਾਂ ਮਾਰ ਖਾਣ ਦੇ ਬਾਵਜੂਦ ਸਿਰਫ਼ ਗਰਮ ਬਿਆਨ ਦੇਣ ਤੱਕ ਹੀ ਸੀਮਤ ਹਨ। ਉਹਨਾਂ ਨੇ ਅਜੇ ਤੱਕ ਆਪਣੀ ਨੌਜੁਆਨ ਪੀੜ੍ਹੀ ਨੂੰ ਇਸ ਪਾਸੇ ਤਿਆਰ ਕਰਨ ਵੱਲ ਧਿਆਨ ਦੇਣਾ ਸ਼ੁਰੂ ਨਹੀਂ ਕੀਤਾ। ਇਸ ਵਾਰ 21 ਜੂਨ ਨੂੰ ਯੋਗਾ ਦਿਵਸ ਮੌਕੇ ਵਿਰੋਧ ਵਜੋਂ ਜ਼ਰੂਰ ਗੱਤਕਾ ਦਿਵਸ ਮਨਾਇਆ ਗਿਆ। ਪਰ ਇਸ ਵਿੱਚ ਨੌਜੁਆਨਾਂ ਨੂੰ ਗੱਤਕੇ ਵੱਲ ਪ੍ਰੇਰਨ ਦੀ ਕਾਫੀ ਜ਼ਿਆਦਾ ਘਾਟ ਸੀ। ਦਲਿਤ/ਬਹੁਜਨ ਤਾਂ ਅਜੇ ਤੱਕ ਚੁੱਪ ਕਰਕੇ ਮਾਰ ਹੀ ਖਾਂਦੇ ਆਏ ਹਨ। ਉਹ ਕਦੋਂ ਇਸ ਪਾਸੇ ਵੱਲ ਸੋਚਣਗੇ ਅਜੇ ਇਸ ਬਾਰੇ ਕੁੱਝ ਕਿਹਾ ਨਹੀਂ ਜਾ ਸਕਦਾ। 10-10 ਹਜ਼ਾਰ ਦੇ ਮਹਿੰਗੇ ਐਂਡਰਾਇਡ ਮੋਬਾਇਲ ਖਰੀਦਣ ਦਾ ਸ਼ੌਕ ਪਾਲਣ ਵਾਲ਼ੇ ਅਤੇ ਫੇਸਬੁੱਕ 'ਤੇ ਗਰਮਾ-ਗਰਮ ਚੁੰਝ ਚਰਚਾ ਕਰਨ ਵਾਲ਼ੇ ਆਪਣੇ ਘਰ ਇੱਕ ਸੋਟੀ ਤੱਕ ਲਿਆ ਕੇ ਰੱਖ ਨਹੀਂ ਸਕਦੇ।

# ਇਰੋੜ ਵੈਂਕਟਪਾ ਰਾਮਾਸਾਮੀ ਪੇਰੀਅਰ ਅਤੇ ਬੁੱਧ



ਹਰਦੀਪ ਸਿੰਘ ਚੁੰਬਰ
91-94636-01616

(ਦੂਜੀ ਤੇ ਆਖਰੀ ਕਿਸਤ)

**ਆਰੀਆਵਾਦ ਨੇ ਦੇਸ਼ ਨੂੰ ਬਰਬਾਦ ਕੀਤਾ ਹੈ:-** ਇਹ ਦਾਅਵਾ ਕਰਨਾ ਬੁੱਧੀਮਾਨਾਂ (Buddism) ਲਈ ਸੱਚ ਹੋਵੇਗਾ ਕਿ ਗਿਆਨ ਅਗੇ ਵਧਣ ਲਈ ਸੁਧਾਰ ਕਰਦਾ ਹੈ ਅਤੇ ਇਹ ਵੀ ਕਿ ਮਨੁੱਖ ਨੂੰ ਆਪਣੇ ਵਿਚਾਰਾਂ ਨੂੰ ਅਗੋਂ ਹੋਰ ਵਿਕਸਤ ਕਰਦੇ ਰਹਿਣਾ ਚਾਹੀਦਾ ਹੈ। ਮੂਲ ਪਿਛੋਕੜ ਨੂੰ ਚਿੱਪਕੇ ਰਹਿਣਾ ਕਿ ਇਹ ਹੀ ਆਖਰੀ ਸ਼ਬਦ ਹਨ ਸਿਆਣਪ ਤੋਂ ਇਨਕਾਰੀ ਹੋਣਾ ਤਰਕਸੀਲਤਾ ਤੇ ਤਰੱਕੀ ਦੇ ਰਸਤਿਆਂ ਨੂੰ ਬੰਦ ਕਰਨਾਂ ਹੈ। ਬੁੱਧ ਦਾ ਜਨਮ ਉਸ ਸਮੇ ਹੋਇਆ ਜਦੋਂ ਆਰੀਆਵਾਦ ਨੇ ਦੇਸ਼ ਦੀ ਤਾਰਸਯੋਗ ਹਾਲਤ ਬਣਾ ਦਿਤੀ ਸੀ। ਸਾਸ਼ਤਰਾ ਅਤੇ ਉਪਨਿਦਸਾਂ ਨੂੰ ਲਿਖਣ ਅਤੇ ਵਰਤਣ ਵਾਲੇ ਲੋਕੀ ਆਪਣੇ ਹੀ ਤਰੀਕੇ ਨਾਲ ਆਪਣੇ ਲਈ ਹੀ ਸਮਝਦਾਰ ਸਨ। ਉਹ ਆਪਣੇ ਸਾਮਰਾਜੀ ਉਦੇਸ਼ਾਂ ਦੀ ਪੂਰਤੀ ਲਈ ਲਗੇ ਹੋਏ ਸਨ। ਜੰਤਾ ਦਾ ਭਲਾ ਉਹਨਾਂ ਦਾ ਉਦੇਸ਼ ਨਹੀ ਸੀ। ਬੇਝਿੱਜਕ ਪੁਰਾਣਾਂ ਅਤੇ ਸਾਸ਼ਤਰਾਂ ਵਿੱਚ ਜੋ ਲਿਖਿਆ ਹੈ ਉਹ ਇਹੋ ਹੀ ਸਾਬਤ ਕਰਦੇ ਦਿਖਦੇ ਹਨ।

**ਪੁਰਾਣਾਂ ਦੀਆਂ ਤਵਾਰੀਖਾਂ ਬੁੱਧ ਦੇ ਹੋਣ ਤੋਂ ਬਾਅਦ:-** ਇਹ ਦੱਸਦੇ ਹੋਏ ਕਿ ਬ੍ਰਿਟਿਸ ਵਾਸੀਆਂ ਦੁਆਰਾ ਲਿਖੇ ਇਤਿਹਾਸ ਨੂੰ ਵਿਸਵਾਸ ਯੋਗ ਮੰਨਣਾਂ ਬਣਦਾ ਹੈ ਕਿ ਉਹਨਾਂ ਜੋ ਲਿਖਿਆ ਕਿ ਉਤਰੀ ਭਾਰਤ ਦਾ ਇਤਿਹਾਸ ਮੂਰਖਤਾ ਭਰੇ ਇਤਿਹਾਸ ਅਤੇ ਗੈਰ ਜਮਹੂਰੀਤ ਸ਼ਾਸਤਰਾਂ ਉਪਰ ਨਿਭਰ ਕਰਦਾ ਹੈ। ਸ੍ਰੀ ਮੁਨਸ਼ੀ ਇਸ ਦੇ ਮੋਢੀ ਸਨ। ਇਸ ਵਿੱਚ ਡਾ. ਰਾਧਾਕ੍ਰਿਸਨ ਅਤੇ ਕਰੋੜਪਤੀ ਬਿਰਲਾ ਉਸ ਟੀਮ ਦੇ ਮੈਂਬਰ ਸਨ ਜਿਹਨਾਂ ਨੇ ਵੈਦਿਕ ਕਾਲ ਦੀ ਇਕ ਕਿਤਾਬ ਤਿਆਰ ਕੀਤੀ ਅਤੇ ਸ੍ਰੀ ਮੁਨਸ਼ੀ ਦੀ ਲਿਖਤ ਨੂੰ ਇਸ ਵਿੱਚ ਇਕ ਮੁੱਖ ਸਥਾਨ ਦਿਤਾ ਹੈ। ਮੁੱਖਬੰਧ ਵਿੱਚ ਕਿਹਾ ਗਿਆ ਹੈ ਕਿ ਪ੍ਰਾਚੀਨ ਕਾਲ ਵਿਚ ਬਰਾਬਰਤਾ ਸੀ। ਪਰ ਉਸ ਸਮੇ ਦੀਆਂ ਘਟਨਾਵਾਂ ਨੂੰ ਇਸ ਵਿੱਚ ਦਰਜ ਨਹੀਂ ਕਰਦੇ ਸਨ, ਇਵੇਂ ਦਾ ਇਸ ਵਿਚ ਵੇਰਵਾ ਨਹੀਂ ਦਿੱਤਾ ਗਿਆ। ਇਹ ਸਭ ਕਲਪਨਾ ਦੇ ਅਧਾਰਿਤ ਹੈ। ਵਿਆਸ ਸ਼ਬਦ ਦਾ ਮਤਲਵ ਕਹਾਣੀਕਾਰ ਹੈ। ਜਿਸ ਨੇ ਕਹਾਣੀਆਂ ਲਿਖੀਆਂ। ਇਹਨਾਂ ਕਹਾਣੀਆਂ ਅਤੇ ਪੁਰਾਣਾ ਨੇ ਲੋਕਾਂ ਦੇ ਦਿਮਾਗਾਂ ਵਿੱਚ ਗਹਿਰਾ ਵਾਸ ਕੀਤਾ ਹੋਇਆ ਹੈ, ਇਹੋ ਹੀ ਸਾਡੀਆਂ ਮੁੱਸ਼ਕਿਲਾਂ ਮੁੱਖ ਕਾਰਨ ਹੈ ਅਤੇ ਮੁੱਖ ਕਾਰਨ ਸੀ। 75% ਪੁਰਾਣਾਂ ਨੂੰ ਬੁੱਧ ਤੋਂ ਬਾਅਦ ਦੀਆ ਤਾਰੀਖਾਂ ਵਿਚ ਲਿਖੀਆਂ ਗਈਆਂ ਹਨ। ਇਹ ਸਾਰੀਆਂ ਬੁੱਧ ਦੀਆਂ ਤਰਕਸੀਲ ਸਿੱਖਿਆਵਾਂ ਦਾ ਕਾਟ ਕਰਨ, ਉਹਨਾਂ ਦਾ ਮੁਕਾਬਲਾ ਕਰਨ ਲਈ ਲਿੱਖੀਆਂ। ਇਹਨਾਂ ਵਿਚ ਪੁਰਾਤਨ ਰਿਸ਼ੀਆਂ ਨੇ ਅਵਤਾਰਾਂ ਬਾਰੇ ਰਸਦਾਰ ਕਹਾਣੀਆਂ ਲਿੱਖੀਆਂ। ਜਿਨ੍ਹਾਂ ਕਹਾਣੀਆਂ ਦਾ ਮੁੱਖ ਭੂਮਿਕਾ ਕ੍ਰਿਸਨ ਦੀ ਹੈ। ਜਿਸ ਦਾ ਮਤਲਵ ਲੋਕਾਂ ਦਾ ਮਨਾਂ ਚੋਂ ਤਰਕਸ਼ੀਲਾ ਨੂੰ ਮਿਟਾਉਣਾ ਅਤੇ ਬ੍ਰਾਹਮਣਵਾਦ ਵੱਲ ਖਿੱਚਣਾ ਹੈ। ਹਿੰਦੂ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਨੇ ਹਮੇਸ਼ਾਂ ਲੋਕਾਂ ਦੇ ਉਸ ਵਿਸ਼ੇਸ ਧਿਆਨ ਆਪਣੇ ਵੱਲ ਅਕਰਸ਼ਿਤ ਕਰਨ ਲਈ ਉਤਸਾਹਿਤ ਕੀਤਾ ਹੈ ਜਿਵੇਂ ਕ੍ਰਿਸਨ ਦੇ ਮਹਾਂਕਾਵਿ ਵਿਚ ਕਾਮ ਅਤੇ ਅਸਲੀਲਤਾ ਭਰੀ ਹੋਈ ਹੈ। ਇਸ ਤਰਾਂ ਪੁਰਾਣਾਂ ਵਿਚ ਦੋਹਰੇ ਤਰੀਕੇ ਨਾਲ ਬ੍ਰਹਮਵਾਦਤਾ ਨੂੰ ਵੀ ਸਾਮਿਲ ਕੀਤੀ ਗਿਆ ਅਤੇ ਭਗਵਤ ਗੀਤਾ ਲਿਖੀ ਗਈ ਅਤੇ ਬਹੁਤ ਬਾਅਦ ਵਿਚ ਮਹਾਭਾਰਤ ਵਿਚ ਜੋੜਿਆ ਗਿਆ।

**ਸਾਡੇ ਇੰਕਲਾਬੀ ਮਕਸਦ ਲਈ ਬੁੱਧ:-** ਅਗੇ ਪੇਰੀਅਰ ਰਾਮਾਸਾਮੀ ਕਹਿੰਦੇ ਹਨ ਕਿ 23 ਜਨਵਰੀ 1954 ਨੂੰ ਅਸੀ ਈਰੋਡ ਵਿਖੇ ਇੱਕ ਬੋਦੀ ਕਾਨਫਰੰਸ ਕੀਤੀ। ਅਸੀ ਇਹ ਇਉਂ ਕੀਤੀ ਕਿ ਅਸੀਂ ਆਪਣੇ ਆਪ ਨੂੰ ਬੋਧੀ ਬਨਾਉਣਾ ਸੀ? ਕਿ ਜਿਸ ਦਾ ਮਤਲਵ ਹਿੰਦੂ ਧਰਮ ਛੱਡਣਾ ਅਤੇ ਲੋਕਾਂ ਨੂੰ ਬੋਧੀ ਧਰਮ ਵਲ ਵਧਾਉਣਾ ਸੀ ? ਇਹ ਇਸ ਲਈ ਸੀ ਕਿਉਂਕਿ ਗੋਧਾਮਾ ਲਈ ਜੋ ਬੁੱਧ ਦੀਆਂ ਸਿੱਖਿਆਵਾਂ ਵਿਚ ਅਸੀ ਜੋ ਵੀ ਕੁੱਝ ਚਾਹੰਦੇ ਸੀ। ਜੋ ਵੀ ਅਸੀ ਹਿੰਦੂਵਾਦ ਨੂੰ ਖਤਮ ਅਤੇ ਤਬਾਹ ਕਰਨਾ ਚਾਹੁੰਦੇ ਹਾਂ। ਉਸ ਲਈ ਸਾਡਾ ਬੁੱਧਵਾਦ ਚੋਂ ਪੂਰਾ ਸਮਰਥਨ ਪਰਾਪਤ ਕਰਨਾ ਦਾ ਮਕਸਦ ਹੈ। ਬੁੱਧ ਦਾ ਫਲਸਫਾ, ਉਸ ਦੇ ਸਿਧਾਂਤ ਅਤੇ ਉਸ ਦੇ ਉਪਦੇਸ ਸਾਡੇ ਆਤਮ ਸਨਮਾਨ ਅਤੇ ਤਰਕਸੀਲ ਲਹਿਰਾਂ ਦੇ ਨਾਲ ਖੜੇ ਹੁੰਦੇ ਹਨ। ਦੇਵਤਿਆਂ, ਧਰਮਾਂ, ਸ਼ਾਸਤਰਾਂ, ਪੁਰਾਣਾਂ ਅਤੇ ਇਤਿਹਾਸ ਸਾਡੇ ਕਰਾਂਤੀਕਾਰੀ ਉਦੇਸਾਂ ਤੇ ਚਲਣ ਵਾਲੇ ਲੋਕਾਂ ਨੂੰ ਗੁਲਾਮ ਬਣਾਉਂਦਾ ਹੈ। ਇਹ ਉਹ ਚੀਜਾਂ ਹਨ ਜੋ ਅਸੀ ਛੱਡਣਾ ਚਾਹੁੰਦੇ ਹਾਂ ਕਿਉਂਕਿ ਬੁੱਧ ਦੀਆਂ ਸਿਖਿਆਵਾਂ ਸਾਡੇ ਲਈ ਬਹੁਤ ਕੀਮਤੀ ਤੇ ਵੱਡਮੁੱਲੀਆਂ ਹਨ।

**ਸਾਡੇ ਅਦਰਸ਼ਾਂ ਲਈ ਇਕ ਅਧਿਕਾਰ:-** ਜੋ ਅੱਜ ਕੱਲ ਸਾਨੂੰ ਸਿੱਖਾਇਆ ਜਾਂਦਾ ਹੈ ਉਹ 2500 ਸਾਲ ਪਹਿਲਾਂ ਸਭ ਨੂੰ ਬੁੱਧ ਨੇ ਸਿਖਾਇਆ ਸੀ। ਬੁੱਧ ਸਾਡੇ ਅਧਿਕਾਰਾਂ ਲਈ ਇਕ ਅਦਰਸ਼ਾਂ ਵਜੋਂ ਕੰਮ ਕਰਦਾ ਹੈ। ਜਦੋਂ ਸਵੈਮਾਣ ਦੇ ਅਦਰਸ਼ਾਂ ਨੂੰ ਕੇਵਲ ਰਾਮਾਸਵਾਮੀ (ਪੈਰੀਅਰ) ਪ੍ਰਸਾਰਿਤ ਕਰਦਾ ਹੈ ਤਾਂ ਉਹ ਇਹ ਕੀ ਮਹਿਸੂਸ ਕਰਦੇ ਹਨ, ਉਹ ਮਹਤਵਪੂਰਨ ਨਹੀ ਹੈ ਕਿ ਉਹ ਸੋਚਦੇ ਹਨ ਕਿ ਮੈ ਗੀਤਾ ਨਾਲੋਂ ਵੱਡਾ ਨਹੀਂ ਹੋ ਸਕਦਾ, ਅਜਿਹੇ ਲੋਕਾਂ ਲਈ ਘਟੋ ਘੱਟ ਬੋਧੀ ਧਰਮ ਰਸਤਾ ਦਿਖਾਣ ਦਾ ਇਕ ਬਹੁਤ ਵੱਡਾ ਜਰੀਆ ਬਣਦਾ ਹੈ। ਪਰੰਤੂ ਉਹਨਾਂ ਦੇ ਪ੍ਰੰਪਰਾਗਤ ਤਰੀਕਿਆਂ ਨਾਲ ਸਾਡੇ ਬੁੱਧਵਾਦੀ ਅਦਰਸ਼ਾਂ ਨੂੰ ਤੋੜਨਾ ਐਨਾ ਸੌਖਾ ਨਹੀ ਹੋਵੇਗਾ। ਉਹਨਾਂ ਨੂੰ ਇਹ ਦੱਸਣ ਦੀ ਜਰੂਰਤ ਹੁੰਦੀ ਹੈ ਕਿ ਬੁੱਧ ਧਰਮ ਦੇ ਰੂਪ ਵਿਚ ਤਰਕਸ਼ੀਲਤਾ ਬਹੁਤ ਪੁਰਾਣੀ ਹੀ ਹੈ ਅਤੇ ਹੁਣ ਨਵਾਂ ਇਸ ਵਿਚ ਕਹਿਣ ਲਈ ਕੁੱਝ ਵੀ ਨਹੀਂ ਹੈ।

**ਹਿੰਦੂਆਂ ਨੇ ਬੁੱਧ ਨੂੰ ਸਵਿਕਾਰ ਕੀਤਾ ਅਤੇ ਪੂੱਜਾ ਕੀਤੀ:-** ਇਤਿਹਾਸਕ ਕਾਰਨਾ ਕਰਕੇ, ਹਿੰਦੂਆਂ ਨੇ ਬੁੱਧ ਨੂੰ ਸਵੀਕਾਰ ਵੀ ਕੀਤਾ ਹੈ। ਉਸ ਦੀ ਪੂੱਜਾ ਵੀ ਕੀਤੀ ਜਾ ਰਹੀ ਹੈ।ਫਿਰ ਵੀ ਇਤਿਹਾਸ ਸਾਨੂੰ ਦਸਦਾ ਹੈ ਹਿੰਦੂਆਂ ਵਲੋਂ ਬੋਧੀਆਂ ਉਪਰ ਬਹੁਤ ਸਾਰੇ ਅਤਿਆਚਾਰ ਕੀਤੇ ਅਤੇ ਤਸੀਹੇ ਦਿਤੇ ਗਏ ਸਨ। ਉਨ੍ਹਾਂ ਦੇ ਮੱਠਾਂ ਨੂੰ ਸਾੜ ਦਿਤਾ ਗਿਆ ਸੀ ਅਤੇ ਹਿੰਦੂ ਕੱਟੜਪੰਥੀਆਂ ਨੇ ਉਹਨਾਂ ਦੇ ਬੁੱਧ ਧਰਮ ਨੂੰ ਭਾਰਤ ਵਿੱਚ ਬਹੁਤ ਦਬਾਇਆ। ਕੁੱਝ ਬੋਧੀਆਂ ਨੂੰ ਬੇਸਹਾਰਾ ਵੱਡੇ ਵੱਡੇ ਸਮੁੰਦਰਾਂ ਵਿੱਚ ਮਰਨ ਅਤੇ ਸੱੜਨ ਲਈ ਲਈ ਛੱਡ ਦਿਤਾ ਗਿਆ ਸੀ। ਇਹ ਸਭ ਕੁੱਝ ਹੋਣ ਦੇ ਬਾਵਜੂਦ, ਇਹ ਕਦੇ ਸੰਭਵ ਨਹੀ ਹੋ ਸਕਿਆ ਕਿ ਹਿੰਦੂਆਂ ਨੇ ਹਿੰਦੂ ਦਿਮਾਗ ਵਿਚੋਂ ਬੁੱਧ ਨੂੰ ਮਿਟਾ ਦਿੱਤਾ ਹੋਵੇ।

**ਬ੍ਰਾਹਮਣਾਂ ਨੇ ਬੁੱਧ ਨੂੰ ਵਿਸ਼ਨੂ ਦਾ ਅਵਤਾਰ ਬਣਾਇਆ:-** ਆਖਰ ਵਿਚ ਬ੍ਰਾਹਮਣਾਂ ਨੇ ਬੁੱਧ ਨੂੰ ਮਹਾਵਿਸ਼ਨੂ ਦੇ ਦਸਵੰਧ ਅਵਤਾਰ ਦੇ ਤੌਰ ਤੇ ਸਵੀਕਾਰ ਕਰਨ ਲਈ ਮਜਬੂਰ ਹੋਣਾ ਪਿਆ। ਇਸ ਤਰਾਂ ਬੁੱਧ ਧਰਮ ਨੂੰ ਸਭ ਤੋਂ ਪ੍ਰੇਰਿਤ ਹਿੰਦੂ ਧਰਮ ਦਾ ਉਪ ਵਿਭਾਜਨ (sub division) ਬਨਾਉਣ ਦੀ ਕੋਸਿਸ਼ ਕੀਤੀ। ਇਸ ਤਰਾਂ ਕਰਨ ਨਾਲ ਇਹ ਧਰਮ ਸਵੈਸਪ ਅਤੇ ਵੈਸ਼ਣਵ ਧਰਮ ਵਰਗਾ ਹੋਣਾ ਸੀ। ਹਿੰਦੂ ਪੁਰਾਣੇ ਦਿਨਾ ਬੁੱਧ ਧਰਮ ਨੂੰ ਖਤਮ ਕਰਨ ਲਈ ਬਹੁਤ ਪੜੱਜੰਤਰ ਕਰ ਰਹੇ ਸਨ। ਪਰ ਤੱਥ ਇਹ ਹੈ ਕਿ ਫਿਰ ਵੀ ਬੁੱਧ ਧਰਮ ਭਾਰਤ ਦੀ ਧਰਤੀ ਤੋਂ ਪੂਰੀ ਤਰਾਂ ਅਲੋਪ ਨਹੀ ਹੋ ਸਕਿਆ। ਅਜਾਦ ਭਾਰਤ ਦੀ ਸਰਕਾਰ ਨੂੰ ਵੀ ਬੁੱਧ ਨੂੰ ਭੁਲਾਣਾ ਅਸੰਭਵ ਹੈ। ਬੁੱਧ ਦੀਆਂ ਸਿੱਖਿਅਵਾਂ ਨੂੰ ਸ਼ਿਵਜੀਵਾਦ ਅਤੇ ਵੈਸ਼ਣਵਵਾਦ ਨੂੰ ਬ੍ਰਾਹਮਣ ਹਿੰਦੂ ਧਰਮ ਦੇ ਅਧਿਕਾਰ ਵਜੋਂ ਮਨਦਾ ਹੈ। ਇਸ ਨੂੰ ਬ੍ਰਾਹਮਣਵਾਦ-ਹਿੰਦੂਵਾਦ ਦਾ ਸੱਜਾ ਅਤੇ ਖੱਬਾ ਹੱਥ ਮਨਦਾ ਹੈ।

**ਰਾਸ਼ਟਰੀ ਝੰਡੇ ਵਿੱਚ ਧਰਮ ਚੱਕਰ:-** ਬੋਧੀ ਧਰਮ ਚੱਕਰ ਚਿੰਨ ਨੂੰ ਸਾਡੇ ਰਾਸ਼ਟਰੀ ਝੰਡੇ ਵਿੱਚ ਸਨ-ਮਾਨਿਤ ਜਗ੍ਹਾ ਮਿਲੀ ਹੈ। ਸਾਰਨਾਥ ਵਿਚਲਾ ਅਸ਼ੋਕਾ ਸਤੰਬ, ਜਿਸ ਵਿੱਚ ਚਾਰ ਸ਼ੇਰ ਸ਼ਾਮਲ ਹਨ, ਨੂੰ ਸਾਡੇ ਭਾਰਤ ਦੇ ਕੌਮੀ ਭਵਨ ਦੇ ਪ੍ਰਤੀਕ ਵਜੋਂ ਅਪਣਾਇਆ ਗਿਆ ਹੈ। ਇਹ ਇਕ ਰਾਸ਼ਟਰੀ ਚਿੰਨ ਬਣ ਗਿਆ ਹੈ ਜੋ ਸਾਰੇ ਫੌਜੀ ਅਫ਼ਸਰਾਂ ਦੇ ਮੋਢੇ, ਸਾਰੇ ਮੰਤਰੀਆਂ ਦੇ ਬੋਨਟ, ਸਟੇਟ ਕਾਰਾਂ ਅਤੇ ਰੋਜਾਨਾਂ ਪੋਸਟ ਕਾਰਡ ਜੋ ਦੂਰ ਦੁਰਾਡੇ ਪਿੰਡਾਂ ਵਰਤੋਂ ਵਿਚ ਆਉਂਦੇ ਹਨ ਵਿਚ ਹਮੇਸ਼ਾ ਲਈ ਸਸ਼ੋਬਿਤ ਹੈ। ਭਾਰਤ ਵਿੱਚ ਆਜ਼ਾਦੀ ਤੋਂ ਲੈ ਕੇ ਹੀ ਬੁੱਧ ਦੇ ਜਨਮ ਦਿਨ ਨੂੰ ਜਨਤਕ ਛੁੱਟੀ ਐਲਾਨ ਦਿਤਾ ਗਿਆ ਹੈ।

ਕੀ ਸਾਡੀ ਲਹਿਰ ਕਮਜ਼ੋਰ ਹੋ ਸਕਦੀ ਹੈ? ਇਸ ਸਭ ਦਾ ਕੀ ਮਤਲਵ ਹੈ? ਕਿ ਸਾਡੀ ਅਜ਼ਾਦ ਭਾਰਤ ਦੀ ਸਰਕਾਰ ਬੁੱਧ ਅਤੇ ਉਹਨਾਂ ਦੀਆ ਸਿੱਖਿਆਵਾਂ ਨੂੰ ਸਵਿਕਾਰ ਕਰ ਲਿਆ ਹੈ। ਇਹ ਸੰਭਵ ਨਹੀ ਹੈ ਕਿ ਸਰਕਾਰ ਕਿਸੇ ਹਿੰਦੂ ਚਿੰਨ ਸੈਵਿਤ ਜਾਂ ਵੈਸਣਵ ਨੂੰ ਰਾਸ਼ਟਰੀ ਚਿੰਨ ਵਜੋਂ ਅਪਣਾਵੇ। ਇਸ ਦਾ ਮਤਲਵ ਇਹ ਹੈ ਕਿ ਹਿੰਦੂ ਚਿੰਨ ਸਰਵ ਭਾਰਤੀ ਰਾਸ਼ਟਰੀ ਉਦੇਸ਼ਾਂ ਲਈ ਅਯੋਗ ਹਨ। ਮੈਂ ਇਸ ਨੂੰ ਆਪਣੇ ਲੋਕਾਂ ਦੇ ਇਤਿਹਾਸ ਵਿੱਚ ਇਕ ਇਨਕਲਾਬੀ ਮੋੜ ਦੇ ਰੂਪ ਵਿਚ ਮਨਦਾ ਹਾਂ। ਜੇ ਅਸੀਂ ਇਸ ਗੱਲ ਵੱਲ ਇਸ਼ਾਰਾ ਕਰਦੇ ਹਾਂ ਕਿ ਅਸੀਂ ਸਵੈ ਸਨਮਾਨ, ਆਪਣੇ ਅਧਿਕਾਰਾਂ ਦਾ ਪ੍ਰਚਾਰ ਕਰਾਂਗੇ, ਪਰ ਇਹ ਤਾਂ ਉਹ ਬੱਧ ਦੀ 2500 ਸਾਲ ਪਹਿਲਾਂ ਦੀ ਸਿੱਖਿਆਵਾਂ ਦਾ ਹੀ ਵਿਸ਼ਾ ਹੈ। ਇਸ ਲਈ ਲੋਕਾਂ ਲਈ ਇਹ ਅਹਿਸਾਸ ਕਰਨਾ ਸੰਭਵ ਹੋਣਾ ਚਾਹੀਦਾ ਹੈ ਕਿ ਇਸ ਨੂੰ ਸਰਕਾਰ ਦੁਆਰਾ ਪਹਿਲਾਂ ਹੀ ਸਵੀਕਾਰ ਕਰ ਲਿਆ ਗਿਆ ਹੈ। ਇਸ ਲਈ ਬ੍ਰਾਹਣਾਂ, ਕਾਂਗਰਸੀਆਂ, ਪੰਡਾਵਾਦੀਆਂ, ਸੰਕਰਾਚਾਰੀਆ ਅਤੇ ਮਠਾਧੀਸਾਂ ਲਈ ਸਾਡੀ ਸੁਧਾਰ ਲਹਿਰ ਨੂੰ ਘੱਟ ਕਰਨਾ ਅਸੰਭਵ ਹੈ।

**ਤਿਰੂਵੁੱਲਵਰ ਦੀਆਂ ਸਿੱਖਿਆਵਾਂ ਵਿਚ ਬ੍ਰਾਹਮਣ ਵਲੋਂ ਤੋੜ ਮੋੜ :-** ਇਹ ਇੱਕ ਬ੍ਰਾਹਣਾਂ ਦੀ ਬੜੀ ਸੂਖਮ ਚਾਲ ਸੀ ਕਿ ਤਰਕਸੀਲ ਅਧਿਆਪਕਾਂ ਨੂੰ ਉਹਨਾਂ ਨੇ ਆਪਣੇ ਨਾਲ ਲਾ ਲਿਆ ਅਤੇ ਫਿਰ ਬੁੱਧ ਦੀਆਂ ਸਿੱਖਿਆਵਾਂ ਨੂੰ ਗੈਰ-ਲੋਕਤੰਤਰੀ, ਤਾਨਾਸ਼ਾਹੀ ਬ੍ਰਾਹਣਵਾਦੀ ਸਿੱਖਿਆਵਾਂ ਮੁਤਾਬਕ ਤੋੜ ਮੋੜ ਦਿਤੇ ਅਤੇ ਆਪਣੇ ਮੁਤਾਬਿਕ ਢਾਲਿਆ। ਪਹਿਲਾਂ ਉਹਨਾਂ ਨੇ ਬੁੱਧ ਦੀਆਂ ਸਿੱਖਿਆਵਾਂ ਨਾਲ ਕੀਤਾ। ਫਿਰ ਤਿਰੂਵੁੱਲਵਰ ਨਾਲ ਕੀਤਾ। ਤਿਰੂਵੁੱਲਵਰ ਇਕ ਤਾਲਿਮ ਆਦਿਵਾਸੀ ਮਾਨਵਤਾਬਾਦੀ ਕਵੀ , ਦਾਰਸਨਿਕ ਅਤੇ ਚਕਿੱਤਸਕ ਸੀ। ਇਹ ਈਸ਼ਾ ਤੋਂ ਕੋਈ 400 ਕੁ ਸਾਲ ਪਹਿਲਾਂ, ਕੰਨਿਆਕੁਮਾਰੀ ਦੇ ਜਿਲਾ ਤਿਰਨੇਨੇਰ ਦੇ ਪਿੰਡ ਕੁਰੂਚੀ ਵਿਚ ਪੈਦਾ ਹੋਇਆ ਸੀ। ਇਸ ਦਾ ਕੰਨਿਆਕੁਮਾਰੀ ਵਿੱਚ 133 ਫੁੱਟ ਉੱਚਾ ਬੁੱਤ ਲਗਿਆ ਹੋਇਆ ਹੈ। ਤਾਮਿਲਾਂ ਨੇ ਇਸ ਦੀ ਸਵੈ-ਸਨਮਾਨ ਲਹਿਰ ਨੂੰ ਅਤੇ ਕੁਰਾਲੀ ਦੇ ਇਸ ਗ੍ਰੰਥ ਨੂੰ ਆਪਣੇ ਜੀਵਨ ਵਿਚ ਅਪਣਾ ਲਿਆ ਸੀ। ਇਸ ਤੋਂ ਪਹਿਲਾਂ ਬ੍ਰਾਹਮਣਾਂ ਅਤੇ ਉਨ੍ਹਾਂ ਦੇ ਗੁਲਾਮ ਸੂਦਰਾਂ ਨੇ ਤਿਰੂਵੁੱਲਵਰ ਸੀਆਂ ਲਿਖਤਾਂ ਦੇ ਅਸਲ ਅਰਥ ਨੂੰ ਬਦਲਣ ਲਈ ਚਲਾਕੀ ਭਰੀ ਕੋਸ਼ਿਸ ਕੀਤੀ।

ਪ੍ਰਮਿਲਾਜ਼ਾਹੇਗਰ ਬ੍ਰਾਹਮਣ ਟਿਪਣੀਕਾਰ ਜੋ ਕਿ 13ਵੀ ਸਦੀ ਕੰਚੀਪੁਰਮ ਦੀ ਇਕ ਬ੍ਰਾਹਮਣ ਪਰੀਵਾਰ ਵਿਚ ਪੈਦਾ ਹੋਇਆ ਹੈ ਉਸ ਨੇ ਤਿਰੂਵੁੱਲਵਰ ਦਿਆਂ ਸਿੱਖਿਆਵਾਂ ਨੂੰ ਆਰੀਅਨ ਸਿਧਾਂਤਾਂ ਨੂੰ ਸਾਮਿਲ ਕਰਕੇ ਆਪਣੀਆਂ ਟਿੱਪਣੀਆਂ ਨਾਲ ਉਹਨਾਂ ਦਾ ਨਵੇਂ ਸਿਰੇ ਤੋਂ ਲੇਖਣ ਕੀਤਾ। ਅਤੇ ਲਗਭਗ ਤਿਰੂਵੱਲੂਵਰ ਦੀਆਂ ਅਸਲ ਵਿਚਾਰਾਂ ਅਤੇ ਇਸ ਦੀਆਂ ਸਚਾਈਆਂ ਨੂੰ ਛੁਪਾਣ ਵਿੱਚ ਕਾਮਯਾਬ ਹੋ ਵੀ ਗਿਆ, ਇਹ ਉਸ ਦੇ ਸਮੇ ਵਿੱਚ ਹੀ ਵਾਪਰਿਆ।

ਜਦੋਂ ਅਸੀਂ ਤਿਰੂਵੁੱਲਵਰ ਦੇ ਕੁਰਾਲ ਦੀਆਂ ਸਿੱਖਿਆਂਵਾਂ ਨੂੰ ਪੜਿਆ ਅਤੇ ਇਸ ਦੀਆਂ ਸਚੱਾਈਆਂ ਦਾ ਫਿਰ ਤੋਂ ਖੁਲਾਸਾ ਕੀਤਾ ਤਾਂ ਕਿ ਇਹ ਇਕ ਵਾਰ ਫੇਰ ਆਪਣੀ ਪੁਰ-ਾਣੀ ਸ਼ਾਨ ਅਤੇ ਉਸੇ ਹੀ ਸ਼ਾਨ ਵਿੱਚ ਚਮਕਣ ਲਗ ਪਿਆ। ਅੱਜ ਕੱਲ ਪੂਰਾ ਦੇਸ਼ ਹੀ ਕੁਰਾਲ ਐਸੋਸੀਏਸਨਾਂ ਨਾਲ ਭੱਰਿਆ ਪਿਆ ਹੈ।ਤਿਰੂਵੁੱਲਵਰ ਕੁਰਾਲ ਜਿਆਦਾ ਤੋਂ ਜਿਆਦਾ, ਘੱਟ ਜਾਤੀਆਂ ਦੇ ਸਕੂਲਾਂ ਵਿੱਚ ਪੜਾਇਆ ਜਾਂਦਾ ਹੈ। ਅਤੇ ਤਾਮਿਲ ਵਿੱਚ ਉਲੱਥੇ ਕੀਤੀ ਵਹਿਮਾਂ ਭਰਮਾ ਨਾਲ ਭਰੀ ਰਮਾਇਣ ਅਤੇ ਮਹਾਂਭਾਰਤ ਨੂੰ ਤਾਲਿਮ ਸਕੂਲਾਂ ਵਿਚ ਪੜਾਉਣ ਨੂੰ ਤਜਵੀਜਾਂ ਕੀਤੀਆਂ। ਰਾਮਾਸਾਮੀ ਨੇ ਕਿਹਾ ਕਿ "ਅਸੀਂ ਹੁਣ ਬੋਧ ਧਰਮ ਲਈ ਇਕੋ ਅਜਿਹੀ ਗਲ ਕਰ ਰਹੇ ਹਾਂ, ਇਸ ਧਰਮ ਬਾਰੇ ਸੱਚਾਈ ਨੂੰ ਪ੍ਰਚਲਿਤ ਕੀਤਾ ਜਾ ਰਿਹਾ ਹੈ। ਇਸ ਲਈ ਪ੍ਰੰਪਰਾਗਤ ਰੂੜੀਵਾਦੀ ਹਿੰਦੂਆਂ ਦੇ ਵਿੱਚ ਇਸ ਲਈ ਨਿਰਾਸ਼ਾ ਹੈ। ਉਹਨਾਂ ਦੀ ਈਰਖਾ ਅਤੇ ਗੁੱਸੇ ਤੋਂ ਸਾਨੂੰ ਪਰੇਸ਼ਾਨ ਨਹੀਂ ਹੋਣਾ ਚਾਹੀਦਾ"।

**ਸੰਤਾਂ ਦੀਆਂ ਸਿੱਖਿਆਵਾਂ ਵਿਚ ਕੋਈ ਸਿਆਣਪ ਨਹੀਂ:-** ਬੁੱਧ ਨੇ ਤਰਕਸ਼ੀਲਤਾ ਨੂੰ ਪਹਿਲਾ ਸਥਾਨ ਦਿਤਾ ਹੈ ਉਸਨੇ ਪ੍ਰਾਚੀਨ ਸੰਤਾਂ ਜਾਂ ਬ੍ਰਹਮ ਵਿਦਵਾਨਾਂ ਦੀਆਂ ਲਿਖਤਾਂ ਚੋਂ ਸਿਅਣਪ ਲੱਭਣ ਤੋਂ ਇਨਕਾਰ ਕੀਤਾ ਹੈ। ਉਹ ਚਾਹੁੰਦੇ ਸੀ ਕਿ ਲੋਕ ਸੱਚ ਦੀ ਖੋਜ ਕਰਨ। ਪ੍ਰਮਾਤਮਾ ਦੇ ਨਾਂ ਜਾਂ ਕਿਸੇ ਹੋਰ ਚੀਜ ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦੇ ਹੋਏ ਉਹ ਆਤਮਾ ਅਤੇ ਪ੍ਰਮਾਤਮਾ ਨੂੰ ਪਾੜ ਲਗਾਉਂਦੇ ਰਹੇ। ਕਿਉਕਿ ਆਤਮਾ ਨੂੰ ਪ੍ਰਮਾਤਮਾ ਜਾਂ ਦੇਵਤਾ ਦੀ ਜੋਤ ਵਜੋਂ ਵਰਤਿਆ ਗਿਆ ਹੈ। ਜਿਸ ਨਾਲ ਪ੍ਰਮਾਤਮਾ ਨੂੰ ਦੂਜੇ ਢੰਗ ਨਾਲ ਲਿਆ ਜਾ ਸਕਦਾ ਸੀ।

ਪ੍ਰਮਾਤਮਾ ਦੀ ਇਕ ਵੀ ਜੋਤੀ ਪਾਪ ਅਤੇ ਇਕ ਜੋਤੀ ਪੁੰਨ, ਧਰਮੀ ਅਤੇ ਅਧਰਮੀ ਨੂੰ ਇੱਕਠਾ ਕਰਨਾ ਅਤੇ ਇਸ ਨੂੰ ਇਕ ਸਾਥ ਨਹੀਂ ਰਖਿਆ ਜਾ ਸਕਦਾ। ਇਸ ਦੇ ਨਾਲ ਹੀ ਪ੍ਰਮਾਤਮਾ ਨੂੰ ਪੂਰਨ ਅਤੇ ਸਰਵ ਸ਼ਕਤੀਵਾਨਵੀ ਦੱਸਿਆ ਗਿਆ ਹੈ।

ਇਹ ਆਤਮਾ ਅਤੇ ਪ੍ਰਮਾਤਮਾ ਦਾ ਗਲਤ ਸੁਮੇਲ ਸੀ ਜੋ ਬੁੱਧ ਦੀ ਤੀਬਰ ਅਲੋਚਨਾ ਦਾ ਕਾਰਨ ਬਣਿਆ। ਸਾਰੇ ਰੂਪਾਂ ਵਿਚ ਮੂਰਤੀ ਪੂੱਜਾ, ਨਿੱਜੀ ਦੇਵਤਿਆਂ ਦੀ ਪੂੱਜਾ, ਰੀਤੀਵਾਦ ਅਤੇ ਅੰਧਵਿਸ਼ਵਾਸ ਸਭ ਦੀ ਬੁੱਧ ਨੇ ਨਿੰਦਾ (condemned) ਕੀਤੀ ਹੈ। ਆਰੀਆ ਲੋਕਾਂ ਦੀ ਈਸਵਰੀ ਅਤੇ ਪਵਿੱਤਰ ਹੋਣ ਵਾਲੀ ਤਕਰੀਬਨ ਹਰ ਚੀਜ ਨੂੰ ਬੁੱਧਵਾਦ ਨੇ ਧੌ ਮਾਰਿਆ ਹੈ।

**ਖੂੱਨੀ ਹਥਿਆਰਾਂ ਨਾਲ ਦੇਵਤੇ:-** ਪੁਰਾਤੱਤਵ ਵਿਗਿਆਨੀਆਂ ਨੇ ਸਾਬਤ ਕਰ ਦਿਤਾ ਹੈ ਕਿ ਅੱਜ ਦੇ ਬਹੁਤ ਸਾਰੇ ਹਿੰਦੂ ਮੰਦਰ ਪਹਿਲਾਂ ਬੋਧੀ ਵਿਹਾਰ ਸਨ। ਇਹ ਗੱਲ ਜੋਰ ਦੇ ਰਹੀ ਹੈ ਕਿ ਸ੍ਰੀਰੰਗਮ, ਕੰਚੀਪੁਰਮ, ਪਲਾਨੀ ਅਤੇ ਤਿਰੁਪਤੀ ਮੰਦਰ ਅਸਲ ਵਿਚ ਬੁੱਧਾਂ ਦੇ ਹੀ ਮੰਦਰ ਸਨ।ਬੋਧ ਜੋ ਇਕ ਵਾਰ ਕ੍ਰਿਪਾ, ਪਿਆਰ ਅਤੇ ਹਮਦਰਦੀ ਨਾਲ ਭਰ ਗਏ ਸਨ ਮੰਦਹਾਲੀ ਦੇ ਦਿਨਾ ਵਿਚ,ਹੱਤਿਆਰੇ, ਜੰਗ ਪ੍ਰੀਆਂ ਬਣੇ ਦੇਵਤਿਆਂ ਤੋਂ ਬਚਣ ਲਈ ਖਤਰਨਾਕ ਹਥਿਆਰ ਬਣਾਏ ਗਏ ਸਨ ਜੋ ਉਹਨਾਂ ਹੱਥਾਂ ਵਿਚ ਹਨ। ਇਕ ਵੀ ਹਿੰਦੂ ਦੇਵਤਾ ਇਹ ਸਾਬਤ ਕਰਨ ਲਈਨਹੀ ਹੈ ਜੋ ਇਕ ਘਾਤਕ ਹਥਿਆਰ ਨਾਲ ਖੇਡਦਾ ਹੈ।

ਇਹ ਦੇਵਤੇ ਕਿਸੇ ਹੋਰਾਂ ਲੋਕਾਂ ਨੂੰ ਲੜਾਕੇ ਉਸ ਦੀ ਜਿੱਤ ਦਾ ਸ਼ਰੇ ਮਾਰ ਲੈਂਦੇ ਸਨ। ਦੇਵਤਾ ਅਤੇ ਵੈਸਨਵ ਰੱਬ ਦੀ ਚਰਚਾ ਇਹ ਸਭ ਪਖੰਡ ਹੈ। ਦੇਵਤਿਆਂ ਅਤੇ ਵੈਸ਼ਨਵਾਂ ਨੇ ਰੱਬ ਦੀ ਚਰਚਾ ਬਾਰੇ ਅੱਗੇ ਹਨ। ਦੇਵਤਿਆਂ ਦੇ ਸੰਧਰਵ ਵਿਚ ਬਹੁਤ ਹੀ ਕਾਤਿਲਾਨਾਂ ਰੂੱਪ ਵਜੋਂ ਇਹ ਬਹੁਤ ਉਚੱ ਦਰਜੇ ਦਾ ਝੂੱਠ ਬੋਲਿਆ ਗਿਆ ਹੈ। ਇਕ ਪਾਸੇ ਭਗਤੀ ਅਤੇ ਪਿਆਰ ਅਤੇ ਦੂਜੇ ਪਾਸੇ ਹਿੰਸਾ, ਇਹਨਾਂਦੋਨਾ ਵਿੱਚ ਸਬੰਧ ਕਿੱਥੇ ਹੈ ? ਹੈਰਾਨੀ ਦੀ ਗਲ ਇਹ ਹੈ ਕਿ ਜੰਗ ਪ੍ਰੇਮੀ ਹਿੰਦੂ ਦੇਵਤਿਆਂ ਦੀ ਪੂੱਜਾ ਦੇ ਬਾਵਜੂਦ ਆਰੀਅਨ ਹਿੰਦੂ ਸਾਰੇ ਹੋਰ ਦੇਸ਼ਾਂ ਦੇ ਮੁਕਾਬਲੇ ਡਰਪੋਕ ਰਹੇ ਹਨ।

# ਚੀਨ-ਭਾਰਤ ਮਾਮਲੇ ਸ਼ਾਂਤੀ ਨਾਲ ਨਿਬੇੜੇ ਜਾਣ- ਕਾਲਮ ਨਵੀਸ ਮੰਚ

## ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੀ ਪੰਜਾਬ ਪੱਧਰੀ ਐਡਹਾਕ ਕਮੇਟੀ ਦਾ ਗਠਨ

**ਫਗਵਾੜਾ-** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਦੀ ਨਵੀਂ ਚੁਣੀ ਗਈ ਐਡਹਾਕ ਕਮੇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਚੀਨ ਭਾਰਤ ਸਬੰਧਾਂ ਵਿੱਚ ਪੈ ਰਹੀ ਤੇੜ ਨੂੰ ਸਮੇਟਕੇ ਦੋਹਾਂ ਦੇਸ਼ਾਂ 'ਚ ਪੈਦਾ ਹੋ ਰਹੇ ਜੰਗ ਦੇ ਹਾਲਤ ਨੂੰ ਅਮਨ-ਸ਼ਾਂਤੀ ਨਾਲ ਨਜਿਠਿਆ ਜਾਵੇ। ਪੰਜਾਬ ਪੱਧਰ ਦੇ ਇਸ ਮੰਚ ਦੀ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਰਲੀਜ਼ ਕਰਦਿਆਂ ਗੁਰਮੀਤ ਪਲਾਹੀ ਕਨਵੀਨਰ ਨੇ ਦੱਸਿਆ ਕਿ ਇਸ ਮੰਚ ਦਾ ਸੰਵਿਧਾਨ ਕੁਝ ਸੋਧਾਂ ਸਮੇਤ ਪਾਸ ਕੀਤਾ ਗਿਆ ਅਤੇ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ ਕਰਕੇ ਡਾ: ਸਵਰਾਜ ਸਿੰਘ, ਡਾ: ਐਸ.ਐਸ. ਛੀਨਾ, ਡਾ: ਸਵਰਾਜ ਸਿੰਘ, ਸੁਲੱਖਣ ਸਰਹੱਦੀ, ਡਾ: ਚਰਨਜੀਤ ਸਿੰਘ ਗੁੰਮਟਾਲਾ, ਤਲਵਿੰਦਰ ਸਿੰਘ ਬੁਟਰ, ਡਾ: ਗਿਆਨ ਸਿੰਘ, ਗੁਰਚਰਨ ਸਿੰਘ ਨੂਰਪੁਰ, ਗਿਆਨ ਸਿੰਘ ਮੋਗਾ, ਡਾ: ਸ਼ਾਮ ਸੁੰਦਰ ਦੀਪਤੀ, ਐਡਵੋਕੇਟ ਬਿਕਰਮਜੀਤ ਸਿੰਘ ਬਾਠ ਨੂੰ ਮੈਂਬਰ ਅਤੇ ਗੁਰਮੀਤ ਪਲਾਹੀ ਨੂੰ ਕਨਵੀਨਰ ਚੁਣਿਆ ਗਿਆ ਹੈ। ਇਸ ਮੀਟਿੰਗ ਵਿੱਚ ਕਾਲਮ ਨਵੀਸ ਡਾ: ਦੀਪਤੀ ਨੇ ਕਿਹਾ ਕਿ ਮੰਚ ਨੂੰ ਲੋਕ ਸਮੱਸਿਆਵਾਂ ਸਮਝਣ ਲਈ ਲੋਕਾਂ ਦੇ ਇਕੱਠ ਕਰਨੇ ਚਾਹੀਦੇ ਹਨ। ਜਦਕਿ ਸੁਲੱਖਣ ਸਰਹੱਦੀ ਨੇ ਕਿਹਾ ਕਿ ਕਾਲਮ ਨਵੀਸਾਂ ਨੂੰ ਲੋਕ ਸਮੱਸਿਆਵਾਂ ਅਤੇ ਲੋਕ ਮੁੱਦੇ ਉਭਾਰਨੇ ਚਾਹੀਦੇ ਹਨ। ਜਸਵੰਤ ਸਿੰਘ ਗੰਡਮ ਨੇ ਕਿਹਾ ਕਿ ਕਾਲਮ ਲਿਖਣਾ ਅਹਿਮ ਕੰਮ ਹੈ ਅਤੇ ਚੰਗੇ ਕਾਲਮ ਨਵੀਸਾਂ ਦੀ ਸਮਾਜ ਵਿੱਚ ਜਲਦੀ ਪਹਿਚਾਣ ਵੀ ਹੋ ਜਾਂਦੀ ਹੈ। ਗੁਰਚਰਨ ਸਿੰਘ ਨੂਰਪੁਰ ਨੇ ਅੰਤਰਰਾਸ਼ਟਰੀ ਪੱਧਰ ਤੇ ਕੰਮ ਕਰਦੇ ਕਾਲਮ ਨਵੀਸਾਂ ਨੂੰ ਮੰਚ ਦੇ ਪਲੇਟ ਫਾਰਮ 'ਤੇ ਇਕੱਠੇ ਹੋਣ ਦਾ ਸੱਦਾ ਦਿਤਾ। ਡਾ: ਸੰਤੋਖ ਲਾਲ ਵਿਰਦੀ ਨੇ ਲੋਕਪੱਖੀ ਕਾਲਮ ਲਿਖਣ ਲਈ ਲੇਖਕਾਂ ਨੂੰ ਪ੍ਰੇਰਿਆ। ਮੰਚ ਦੀ ਚੋਣ ਕਰਨ ਲਈ ਜਨਰਲ ਇੱਕਤਰਾ ਸਤੰਬਰ ਮਹੀਨੇ ਹੋਵੇਗੀ ਅਤੇ ਉਦੋਂ ਤੱਕ ਮੈਂਬਰਸ਼ਿਪ ਕਰਨ ਦਾ ਫੈਸਲਾ ਵੀ ਅੱਜ ਦੀ ਮੀਟਿੰਗ ਵਿੱਚ ਲਿਆ ਗਿਆ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬੀ ਦੇ ਕਾਲਮ ਲਿਖਣ ਵਾਲੇ ਪੱਤਰਕਾਰਾਂ ਨੂੰ ਵੀ ਦੂਸਰੇ ਅਖਬਾਰੀ ਪੱਤਰਕਾਰਾਂ ਵਾਲੇ ਪਹਿਚਾਣ ਪੱਤਰ ਜਾਰੀ ਕੀਤੇ ਜਾਣ। ਮੀਟਿੰਗ ਵਿੱਚ ਪੰਜਾਬੀ ਕਾਲਮ ਲਿਖਣ ਵਾਲੇ ਵੈਟਰਨ ਕਾਲਮ ਨਵੀਸ ਪੱਤਰਕਾਰਾਂ ਪਿਆਰਾ ਸਿੰਘ ਭੋਗਲ, ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿਲ, ਡਾ: ਐਸ. ਐਸ. ਛੀਨਾ, ਡਾ: ਸਵਰਾਜ ਸਿੰਘ ਡਾ: ਸ਼ਿਆਮ ਸੁੰਦਰ ਦੀਪਤੀ, ਉਜਾਗਰ ਸਿੰਘ, ਸ਼ਿੰਗਾਰਾਂ ਸਿੰਘ ਭੁਲਰ ਵਲੋਂ ਪੰਜਾਬੀ ਪੱਤਰਕਾਰੀ ਦੇ ਖੇਤਰ 'ਚ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਗੰਡਮ, ਡਾ: ਐਸ.ਐਸ.ਛੀਨਾ, ਗੁਰਚਰਨ ਸਿੰਘ ਨੂਰਪੁਰ, ਸੁਲੱਖਣ ਸਰਹੱਦੀ, ਦੀਦਾਰ ਸ਼ੇਤਰਾ, ਪਰਵਿੰਦਰ ਸਿੰਘ, ਡਾ: ਸ਼ਾਮ ਸੁੰਦਰ ਦੀਪਤੀ, ਮੁਖਤਿਆਰ ਸਿੰਘ, ਰਵਿੰਦਰ ਚੋਟ, ਸੁਖਵਿੰਦਰ ਸਿੰਘ, ਗੁਰਬਿੰਦਰ ਮਾਣਕ, ਐਸ. ਐਲ. ਵਿਰਦੀ, ਰਘਬੀਰ ਸਿੰਘ ਮਾਨ, ਗੁਰਮੀਤ ਪਲਾਹੀ, ਗਿਆਨ ਸਿੰਘ ਆਦਿ ਹਾਜ਼ਰ ਸਨ।



## ਵਰ ਦੀ ਲੋੜ

ਆਦਿ ਧਰਮੀ ਲੜਕੀ, ਬੀ. ਐਸ. ਸੀ., ਐਮ. ਐਸ. ਸੀ., ਬੀ. ਐਡ, ਆਈਲੈਟਸ 6 ਬੈਂਡ, ਜਨਮ 1984, ਕੱਦ 5 ਫੁੱਟ 3 ਇੰਚ ਦੇ ਲਈ ਯੋਗ ਵਰ ਅਤੇ ਚੰਗੇ ਖਾਨਦਾਨੀ ਪਰਿਵਾਰ ਦੀ ਲੋੜ ਹੈ।

ਸੰਪਰਕ ਕਰੋ- 00918699946059



On July 30, 2017 before participating in Executive Body meeting of Punjab Buddhist Society Regd Punjab, Mr Ram Pal Rahi listening religious sermon from Ven Bhikhu at Takshila Mahabudh Vihar Ludhiana, where he was welcomed as a chief guest by Advocate H D Sampla and other members of society.

# ਮੈਂ ਸਾਇਕਲ ਦੇ ਹਰ ਹੈਂਡਲ ਨੂੰ ਸਟੇਨਗੰਨ ਬਣਾਕੇ ਰੱਖ ਦਿਆਂਗਾ



ਪੰਮੀ ਲਾਲੋ ਮਜਾਰਾ
91-95011-43755

ਗੱਲ 1982 ਦੀ ਹੈ ਜਦ ਸਾਹਿਬ ਕਾਂਸੀ ਰਾਮ ਤੇ ਡਾਕਟਰ ਹੰਸ ਰਾਜ ਪਾਲ ਚਾਹਿਲ ( ਬੰਗਾ) ਜੋ ਕਿ ਉਸ ਵਕਤ ਮੈਡੀਕਲ ਕਾਲਿਜ ਅਮਿਰਤਸਰ ਵਿਖੇ ਐਮ ਡੀ ਕਰਦਾ ਸੀ ਨੂੰ ਨਾਲ ਲੈਕੇ ਬਾਘਾ ਬਾਰਡਰ ਤੇ ਸਾਂਮ ਦੀ ਪਰੇਡ ਵੇਖਣ ਚਲੇ ਗਏ। ਸਾਹਿਬ ਨੇ ਪਰੇਡ ਤਾਂ ਘੱਟ ਵੱਧ ਹੀ ਵੇਖੀ ਪਰ ਉਹ ਜਿਆਦਾਤਰ ਮੁਲਕ ਨੂੰ ਤੇ ਦੱਬੇ ਕੁਚਲੇ ਸਮਾਜ ਨੂੰ ਦਰਪੇਸ਼ ਸਮਿੱਸਿਆਵਾਂ ਵਾਰੇ ਡਾ: ਹੰਸ ਰਾਜ ਚਾਹਿਲ ਨਾਲ ਬੜੀ ਸਿੱਦਤ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ । ਸਾਹਿਬ ਦੀਆਂ ਗੱਲਾਂ (ਜੋ ਕੋਲ ਖੜੇ ਹੀ ਧਿਆਨ ਲਾ ਕੇ ਸੁਣਦੇ ਸੀ)ਸੁਣਕੇ ਪਾਕਿਸਤਾਨੀ ਰੇਂਜਰ ਕਹਿਣ ਲੱਗੇ( ਉਹਨੀਂ ਦਿਨੀਂ ਸਿਕੁਓਰਟੀ ਅੱਜ ਜਿੰਨੀ ਟਾਇਟ ਨਹੀਂ ਸੀ ਹੁੰਦੀ) ਕਿ ਸਰ ਜੀ ਕਦੇ ਸਾਡੇ ਪਾਕਿਸਤਾਨ ਚ ਵੀ ਗੇੜਾ ਮਾਰੋ । ਤਾਂ ਸਾਹਿਬ ਕਹਿਣ ਲੱਗੇ ਕਿ ਪਹਿਲਾਂ ਮੈਨੂੰ ਆਪਣੇ ਮੁਲਕ ਚ ਦੱਬੇ ਕੁਚਲੇ ਸਮਾਜ ਦਾ ਸੁਧਾਰ ਕਰ ਲੈਣ ਦਿਉ ਫਿਰ ਮੈਂ ਕਦੇ ਪਾਕਿਸਤਾਨ ਵੀ ਆਵਾਂਗਾ ।

***ਮੇਰੀ ਛੱਪ ਰਹੀ ਪੁਸਤਕ "ਮੈਂ ਕਾਂਸੀ ਰਾਮ ਬੋਲਦਾ ਹਾਂ" ਵਿੱਚੋਂ***

### ਮੈਂ ਹਰ ਸਟੇਸ਼ਨ ਤੇ ਆਪਣਾ ਕੁਲੀ ਬਦਲ ਲੈਂਦਾਂ ਹਾਂ- ਯੁੱਗ ਪੁਰਸ਼ ਕਾਂਸੀ ਰਾਮ

ਵਾਕਿਆ 1986-87 ਦਾ ਹੈ । ਸਥਾਨ - ਪਿੰਡ ਕਰਨਾਣੇ ਹਰਭਜਨ ਲਾਖਾ ਦਾ ਘਰ । ਸਾਹਿਬ ਨੂੰ ਲਾਖਾ ਨੇ ਆਪਣੇ ਜੱਦੀ ਮੋਟਰ ਸਾਇਕਲ ਤੇ ਲੁਧਿਆਣੇ ਰੇਲਵੇ ਸਟੇਸ਼ਨ ਤੇ ਛੱਡਣ ਜਾਣਾ ਸੀ । ਸਾਹਿਬ ਕੋਲ ਕਾਫੀ ਵੱਡਾ ਬੈਗ ਸੀ। ਕੋਲ ਹੀ ਬੈਠੇ ਮਿਸਨਰੀ ਗਾਇਕ ਨੇਕਾ ਮੱਲਾ ਬੇਦੀਆਂ( ਜਿਹੜਾ ਅਜਕਲ ਕਾਫੀ ਬਿਮਾਰ ਚਲ ਰਿਹੈ) ਨੂੰ ਲਾਖਾ ਕਹਿਣ ਲੱਗਾ ਕਿ ਤੁਸੀਂ ਸਾਹਿਬ ਦਾ ਬੈਗ ਲੈਕੇ ਸਿੱਧੇ ਲੁਧਿਆਣੇ ਰੇਲਵੇ ਸਟੇਸਨ ਤੇ ਪਹੁੰਚੋ ਤੇ ਮੈਂ ਤੇ ਸਾਹਿਬ ਰਸਤੇ ਚ ਕੁੱਝ ਵਰਕਰਾਂ ਨੂੰ ਮਿੱਲਕੇ ਆਉਂਦੇ ਹਾਂ । ਨੇਕਾ ਤੇ ਜੋਗਾ ਅਜਾਦ ਰੇਲਵੇ ਸਟੇਸਨ ਤੇ ਪਹਿਲਾਂ ਪਹੁੰਚ ਗਏ । ਜਦ ਸਾਹਿਬ ਤੇ ਲਾਖਾ ਪਹੁੰਚੇ ਤਾਂ ਲਾਖਾ ਕਿਸੇ ਹੋਰ ਵਰਕਰ ਨਾਲ ਗੱਲਾਂ ਕਰਨ ਵਿਚ ਮਸਰੂਫ ਹੋ ਗਿਆ ਤਾਂ ਮੌਕਾ ਤਾੜਕੇ ਨੇਕਾ ਸਾਹਿਬ ਨੂੰ ਕੰਬਦਾ ਕੰਬਦਾ ਜਿਹਾ ਕਹਿਣ ਲੱਗਾ ਕਿ ਸਾਹਿਬ ਜੀ! ਤੁਸੀਂ ਸ਼ਾਨੂੰ ਵੀ ਕਿਤੇ ਪਹਿਲੀ ਕਤਾਰ ਚ ਬੈਠਣ ਵਾਲੇ ਨੇਤਾ ਬਣਾ ਦਿਉ। ਤਾਂ ਕਿ ਪਾਰਟੀ ਵਿਚ ਤੇ ਪਰਸਾਸ਼ਨ ਵਿਚ ਸਾਡੀ ਵੀ ਪੁੱਛ ਪਰਤੀਤ ਹੋਣ ਲੱਗ ਪਵੇ। ਸਾਹਿਬ ਦਾ ਜਵਾਬ ਸੀ ਕਿ " ਤੁਸੀਂ ਖੁੱਦ ਵੱਡੇ ਲੀਡਰ ਨਹੀਂ ਬਣਨਾ ਸਗੋਂ ਵੱਡੇ ਲੀਡਰ ਪੈਦਾ ਕਰਨੇ ਹਨ। ਨੇਕਾ ਮੱਲਾ ਬੇ-ਦੀਆਂ ਨੇ ਫਿਰ ਕਿਹਾ ਕਿ " ਸਾਹਿਬ ਜੀ ਵੇਖ ਲਉ !ਅਸੀਂ ਤੁਹਾਡਾ ਕਿੰਨਾ ਵੱਡਾ ਭਾਰਾ ਬੈਗ ਚੁੱਕਕੇ ਲਿਆਏ ਹਾਂ। ਉਧਰੋਂ ਟਰੇਨ ਆ ਗਈ ਤੇ ਟਰੇਨ ਚੜਦੇ ਚੜਦੇ ਸਾਹਿਬ ਵਿਅੰਗ ਚ ਕਹਿ ਗਏ ਕਿ " ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਹਰ ਸਟੇਸ਼ਨ ਤੇ ਆਪਣਾ ਕੁਲੀ ਬਦਲ ਲੈਂਦਾ ਹਾਂ ।



**ਪਾਕਿਸਤਾਨ ਦਾ ਪਰਧਾਨ ਮੰਤਰੀ ਨਵਾਜ ਸਰੀਫ** ਸੁਪਰੀਮ ਕੋਰਟ ਦੇ ਫੈਸਲੇ (ਲੰਡਨ ਵਿਚ ਬਣਾਈ ਬੇਨਾਮੀ ਜਾਇਦਾਦ ਸਿੱਧ ਕਰਕੇ) ਤੋਂ ਬਾਅਦ ਅਸਤੀਫਾ ਦੇਕੇ ਆਪਣੀ ਸ਼ਰੀਫੀ ਵਿਖਾ ਗਿਆ ਪਰ ਸਾਡੇ ਉਹਨਾਂ ਨੇਤਾਵਾਂ ਨੇ ਹੁਣ ਤਕ ਅਸਤੀਫਾ ਕਿਉ ਨਹੀ ਦਿਤਾ ? ਜਿਨਾਂ ਉੱਤੇ ਭਾਰਤ ਦੀ ਸੁਪਰੀਮ ਕੋਰਟ ਦੋਸ਼ ਆਇਦ ਕਰਕੇ ਮੁਕਦਮਾ ਚਲਾਉਣ ਦਾ ਹੁਕਮ ਦੇ ਚੁੱਕੀ ਹੈ ।

**ਸੋਨੀਆਂ ਗਾਂਧੀ** ਦੇ ਸਿਆਸੀ ਸਕੱਤਰ ਤੇ ਚਾਣਕੀਆ ਕਹੇ ਜਾਣ ਵਾਲੇ ਅਹਿਮਦ ਪਟੇਲ ਨੂੰ ਰਾਜ ਸਭਾ ਚ ਜਾਣ ਤੋਂ ਰੋਕਣ ਲਈ ਭਾਜਪਾ ਵਲੋਂ ਗੁਜਰਾਤ ਦੇ ਕਾਂਗਰਸੀ ਵਿਧਾਇਕਾਂ ਨੂੰ ਰੋਕਣ ਲਈ 10-10 ਕਰੋੜ ਦੀ ਔਫਰ । ਇਹ ਆ ਭਾਜਪਾ ਦਾ ਅਸਲ ਚਾਲ ਰਿੱਤਰ ਚਿਹਰਾ ।ਕਾਂਗਰਸ ਵੀ ਆਪਣਾ ਅਤੀਤ ਦਾ ਬੀਜਿਆ ਹੀ ਵੱਢ ਰਹੀ ਹੈ । ਇਸੇ ਕਰਕੇ ਕਾਂਗਰਸ ਆਪਣੇ ਵਿਧਾਇਕਾਂ ਨੂੰ ਸਿਆਸਤ ਦੇ ਗੰਧੇ ਛੱਪੜ ਤੋਂ ਦੂਰ ਰੱਖਣ ਲਈ ਅਹਿਮਦਾਬਾਦ ਤੋਂ 1500 ਕਿਲੋਮੀਟਰ ਦੂਰ ਬੈਂਗਲੌਰੂ ਲੈ ਕੇ ਚਲੀ ਗਈ ਹੈ ਤਾਂ ਕਿ ਅਮਿਤ ਸ਼ਾਹ ਦੀ ਬੁਰੀ ਨਜਰ ਤੋਂ ਬਚੇ ਰਹਿਣ ।

### ਮੈਂ ਟੀ ਵੀ ਤੋਂ ਗੜਸੰਕਰ ਦੀ ਸੀਟ ਲੱਭ ਰਿਹਾ ਹਾਂ- ਸਾਹਿਬ ਕਾਂਸੀ ਰਾਮ

25 ਫਰਵਰੀ 2002 ਨੂੰ ਜਦ ਸਾਹਿਬ ਕਾਂਸੀ ਰਾਮ ਪੰਜਾਬ ਵਿਧਾਨ ਸਭਾ ਦੇ ਨਤੀਜੇ ਜਲੰਧਰ ਆਪਣੇ ਨਿਵਾਸ਼ ਤੇ ਬੈਠਕੇ ਵੇਖ ਰਹੇ ਸੀ ਵਕਤ ਕੁੱਝ ਸਾਂਮ ਦਾ ਸੀ। ਤਾਂ ਪੰਜਾਬ ਬਸਪਾ ਦੇ ਇੱਕ ਸੀਨੀਅਰ ਲੀਡਰ ਨੇ ਕਿਹਾ ਕਿ ਸਾਹਿਬ ਜੀ " ਹੁਣ ਤਾਂ ਟੀ ਵੀ ਵੇਖਣਾ ਬੰਦ ਕਰ ਦਿਉ਼ ਲਗਭਗ ਸਾਰੇ ਨਤੀਜੇ ਵੀ ਆ ਚੁੱਕੇ ਹਨ ਤੇ ਆਪਣਾ ਤਾਂ ਖਾਤਾ ਖੁੱਲਦਾ ਵੀ ਨਜਰ ਨਹੀਂ ਆ ਰਿਹਾ । ਤਾਂ ਸਾਹਿਬ ਦਾ ਜਵਾਬ ਸੀ " ਕਿ ਮੈਂ ਟੀ ਵੀ ਤੋਂ ਗੜਸੰਕਰ ਦੀ ਸੀਟ ਲੱਭ ਰਿਹਾ ਹਾਂ ਕਿ ਉਹ ਕਿੱਥੇ ਰੁੜ ਗਈ ।ਯਾਦ ਰਹੇ ਕਿ ਗੜਸੰਕਰ ਦੀ ਸੀਟ ਬਸਪਾ ਨੇ 1992 ਤੇ1997 ਚ ਲਗਾਤਾਰ ਦੋ ਵਾਰ ਜਿੱਤ ਲਈ ਸੀ ਤੇ ਕਾਂਸੀ ਰਾਮ 2002 ਵਿੱਚ ਵੀ ਇਸ ਸੀਟ ਤੋਂ ਹੈਟਿਰਕ ਦੀ ਆਸ ਲਾਈ ਬੈਠੇ ਸੀ ।

*(ਮੇਰੀ ਛੱਪ ਰਹੀ ਪੁਸਤਕ" ਮੈਂ ਕਾਂਸੀ ਰਾਮ ਬੋਲਦਾ ਹਾਂ" ਵਿਚੋਂ)*

### ਅਕਾਲੀ ਵਰਕਰਾਂ ਨਾਲ ਧੱਕੇਸਾਹੀ ਕਰਨ ਵਾਲੇ ਬਖਸੇ ਨਹੀਂ ਜਾਣਗੇ - ਸੁਖਬੀਰ ਬਾਦਲ

ਇਹੀ ਸਬਜਬਾਗ ਪਿੱਛਲੇ ਦਸਾਂ ਸਾਲਾਂ ਤੋਂ ਕੈਪਟਨ ਕਾਂਗਰਸੀਆਂ ਨੂੰ ਵਿਖਾਉਂਦਾ ਰਿਹੈ । ਜਿਨਾਂ ਅਫਸਰਾਂ ਨੇ ਕਾਂਗਰਸੀਆਂ ਤੇ ਗਲਤ ਮਲਤ ਪਰਚੇ ਕੀਤੇ ਉਹੀ ਅਫਸਰ ਅੱਜ ਵੀ ਉੱਚ ਅਹੁਦਿਆਂ ਤੇ ਬੈਠਕੇ ਕੁੰਡੀਆਂ ਮੁੱਛਾਂ ਨੂੰ ਵੱਟ ਚਾੜਕੇ ਕਾਂਗਰਸੀਆਂ ਤੇ ਰੋਅਬ ਝਾੜ ਰਹੇ ਹਨ। ਉਹ ਕਾਂਗਰਸੀ ਇਮਾਨਦਾਰੀ ਨਾਲ ਆਪਣੇ ਦਿਲ ਤੇ ਹੱਥ ਧਰਕੇ ਦੱਸਣ, ਜਿਨਾਂ ਨੂੰ ਲਗਦਾ ਕਿ ਪੰਜਾਬ ਚ ਕਾਂਗਰਸੀ ਸਰਕਾਰ ਹੈ।

### ਮੈਂ ਸਾਇਕਲ ਦੇ ਹਰ ਹੈਂਡਲ ਨੂੰ ਸਟੇਨਗੰਨ ਬਣਾਕੇ ਰੱਖ ਦਿਆਗਾਂ- ਸਾਹਿਬ ਕਾਂਸੀ ਰਾਮ

ਗੱਲ 17 ਅਕਤੂਬਰ 1983 ਪਿੰਡ ਗੜੁੱਪੜ ਦੀ ਹੈ । ਵਾਕਿਆ ਰਾਤ ਦਾ ਤੇ ਸੌ ਕੁ ਵਰਕਰਾਂ ਦੇ ਇਕੱਠ ਨੂੰ ਸਾਹਿਬ ਸੰਬੋਧਨ ਕਰਕੇ ਕਹਿ ਰਹੇ ਸਨ ਕਿ " ਜੇ ਸਾਡਾ ਰਾਜ ਵੋਟਾਂ ਨਾਲ ਨਾ ਆਇਆ ਤਾਂ ਗੋਲੀਆਂ ਨਾਲ ਰਾਜ ਲਿਆਉਣ ਦੀ ਵੀ ਸਾਡੀ ਤਿਆਰੀ ਹੋਣੀ ਚਾਹੀਦੀ ਹੈ। ਜਦ ਪਿਰਸ਼ੀਪੱਲ ਨਛੱਤਰ ਸੁੰਮਨ ਨੇ ਸਵਾਲ ਕੀਤਾ ਕਿ ਸਾਹਿਬ ਜੀ ਏਨਾ ਅਸਲਾ ਕਿੱਥੋਂ ਆਵੇਗਾ? ਤਾਂ ਸਾਹਿਬ ਦਾ ਜਵਾਬ ਸੀ ਕਿ "ਹਰ ਘਰ ਵਿਚ ਘੱਟੋ ਘੱਟ ਇੱਕ ਅੱਧਾ ਟੁੱਟਿਆ ਭੱਜਿਆ ਸਾਇਕਲ ਤਾਂ ਪਿਆ ਹੀ ਹੁੰਦਾ ਹੈ । ਮੈਂ ਵਿਗਿਆਨੀ ਰਿਹਾ ਹਾਂ ।

ਅਸਲਾ ਕਿਵੇਂ ਤਿਆਰ ਕਰਨਾ ਹੈ? ਮੈਂ ਚੰਗੀ ਤਰਾਂ ਜਾਣਦਾ ਹਾਂ । ਇਸੇ ਕਰਕੇ ਮੈਂ ਤੁਹਾਨੂੰ ਸੁਚੇਤ ਕਰਦਾ ਹਾਂ ਕਿ " ਜੇ ਅਸਲਾ ਬਣਾਉਣ ਦੀ ਨੌਬਤ ਆਈ ਤਾਂ ਸਾਇਕਲ ਦੇ ਹਰ ਹੈਂਡਲ ਨੂੰ ਸਟੇਨਗੰਨ ਬਣਾਕੇ ਰੱਖ ਦਿਆਗਾਂ।

# ਸੋਸ਼ਿਤ ਸਮਾਜ ਦੇ ਮਹਾਨ ਲੇਖਕ : ਮੁਨਸ਼ੀ ਪ੍ਰੇਮਚੰਦ ਜੀ

**ਸੁਖਵਿੰਦਰ ਸਿੰਘ ਨਾਗੀ**

ਅੱਜ ਦੇ ਹੀ ਦਿਨ 31 ਜੁਲਾਈ 1880 ਨੂੰ ਉੱਤਰ ਪ੍ਰਦੇਸ਼ ਦੇ ਵਾਰਾਨਸੀ ਤੋਂ 4 ਮੀਲ ਦੂਰ ਪਿੰਡ ਲਮਹੀ ਵਿਖੇ ਦੇਸ਼ ਦੇ ਸ਼ੋਸ਼ਿਤ ਸਾਮਾਜ ਦੇ ਲੇਖਕ ਮੁਨਸ਼ੀ ਪ੍ਰੇਮਚੰਦ ਜੀ ਦਾ ਜਨਮ ਹੋਇਆ ਸੀ! ਮੁਨਸ਼ੀ ਪ੍ਰੇਮਚੰਦ ਜੀ ਦਾ ਅਸਲ ਨਾਂਅ ਧੰਨਪੱਤ ਰਾਏ ਸ਼ੀਵਾਸਤਵ ਸੀ! ਹੋਇਆ ਇਹ ਸੀ ਕਿ ਬ੍ਰਿਟਿਸ਼ ਹਕੂਮਤ ਨੇ ਉਨਾਂ ਦੀ ਕਿਤਾਬ ਤੋਂ ਡਰ ਕੇ 1908 ਵਿਚ ਪ੍ਰਕਾਸ਼ਿਤ ਕਿਤਾਬ ਸੋਜੇ ਵਤਨ ਨੂੰ ਜਬਤ ਕਰਕੇ ਸਾੜ ਦਿੱਤਾ ਅਤੇ ਇਸਦੇ ਲੇਖਕ ਤੇ ਹੋਰ ਸਾਹਿਤ ਦੀ ਰਚਨਾ ਕਰਨ ਤੇ ਪਾਬੰਦੀ ਲਗਾ ਦਿੱਤੀ ਮੁਨਸ਼ੀ ਪ੍ਰੇਮਚੰਦ ਦੀ ਕਿਤਾਬ ਸੋਜੇ ਵਤਨ ਦੇਸ਼ ਭਗਤੀ ਨਾਲ ਪਰਭੂਰ ਕਹਾਣੀਆਂ ਦਾ ਇਕ ਸੰਗਰਹਿ ਸੀ ਨਾਂਅ ਤੇ ਪਾਬੰਦੀ ਲਗ ਜਾਣ ਤੋਂ ਬਾਅਦ ਉਨਾਂ ਆਪਣਾ ਨਾਂਅ ਬਦਲਕੇ ਮੁਨਸ਼ੀ ਪ੍ਰੇਮਚੰਦ ਰੱਖ ਲਿਆ ਅਤੇ ਇਸ ਨਾਂਅ ਹੇਠ ਆਪਣੀਆ ਰਚਨਾਵਾਂ ਪ੍ਰਕਾਸ਼ਿਤ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ!

ਮੁਨਸ਼ੀ ਪ੍ਰੇਮਚੰਦ ਜੀ ਦਾ ਨਿੱਜੀ ਜੀਵਨ ਵੀ ਆਪਣੀਆਂ ਰਚਨਾਵਾਂ ਦੇ ਪਾਤਰਾਂ ਵਾਂਗ ਹੀ ਔਕੜਾਂ ਭਰਿਆ ਸੀ। ਉਹਨਾਂ ਹਮੇਸ਼ਾਂ ਹੀ ਇhਨਾਂ ਔਕੜਾਂ ਦਾ ਡਟ ਕੇ ਮੁਕਾਬਲਾ ਕੀਤਾ! ਮੁਨਸ਼ੀ ਪ੍ਰੇਮਚੰਦ ਜੀ ਵਿਗਿਆਨਿਕ ਸੋਚ ਦੇ ਧਾਰਨੀ ਸਨ ਜਿਸਦਾ ਪ੍ਰਗਟਾਵਾ ਉਹਨਾਂ ਦੀਆਂ ਰਚਨਾਵਾਂ ਵਿਚ ਵੀ ਦੇਖਿਆ ਜਾ ਸਕਦਾ ਹੈ! ਸੇਵਾ ਸਦਨ, ਗੋਦਾਨ, ਕਫਨ, ਗਬਨ, ਈਦਗਾਹ, ਨਮਕ ਕਾ ਗਰੋਗਾ, ਬੂਡੀ ਕਾਕੀ, ਨਿਰਮਲਾ, ਸਵਾਸੇਰ ਗੇਹੂੰ ਆਦਿ ਰਚਨਾਵਾਂ ਦੇ ਪਾਤਰਾਂ ਰਾਹੀਂ ਇਸ ਮਹਾਨ ਲੇਖਕ ਨੇ ਸਮਾਜ ਵਿਚ ਹੋ ਰਹੀ ਲੁੱਟ ਖਸੁੱਟ , ਬਾਲ ਵਿਆਹ, ਬੇ-ਮੇਲ ਵਿਆਹ, ਦਾਜ ਦਹੇਜ, ਇਸਤਰੀਆਂ, ਦਲਿਤਾਂ, ਮਜਦੂਰਾਂ ਅਤੇ ਕਿਸਾਨਾਂ ਦੇ ਹਾਲਾਤ ਬਿਆਨ ਕਰਦੀਆਂ ਸਮਾਜ ਦੀਆਂ ਤਲਖ ਹਕੀਕਤਾਂ ਪੇਸ਼ ਕੀਤੀਆਂ! ਉਨਾਂ ਦੀ ਰਚਨਾਵਾਂ ਜਿਥੇ ਬਰਤਾਨਵੀ ਹਕੂਮਤ ਪ੍ਰਤੀ ਜਾਗਰਤੀ ਪੈਦਾ ਕਰਦੀਆਂ ਸਨ ਉਥੇ ਸਾਹੂਕਾਰੀ ਅਤੇ ਬ੍ਰਾਹਮਣਵਾਦ ਵਲੋਂ ਕੀਤੀ ਜਾ ਰਹੀ ਮਜਦੂਰ ਕਿਸਾਨ ਦੀ ਲੁੱਟ ਨੂੰ ਵੀ ਉਜਾਗਰ ਕਰਕੇ ਵਰਗ ਚੇਤਨਾ ਪੈਦਾ ਕਰਦੀਆਂ ਹਨ !




ਪ੍ਰਸਿੱਧ ਲੇਖਕ ਗੁਲਜਾਰ ਜੀ ਨੇ ਮੁਨਸ਼ੀ ਪ੍ਰੇਮਚੰਦ ਜੀ ਦੀਆਂ ਚੋਣਵੀਆਂ ਰਚਨਾਵਾਂ ਨੂੰ ਲੈ ਕੇ ਬਣਾਇਆ ਲੜੀਵਾਰ ਤਹਿਰੀਰ ਮੁਨਸ਼ੀ ਪ੍ਰੇਮਚੰਦ ਕੀ ਯੂ ਟਿਊਬ ਤੇ ਦੇਖਿਆ ਜਾ ਸਕਦਾ ਹੈ ! ਅੱਜ ਜਦੋਂ ਦੇਸ਼ ਤੇ ਫਿਰਕਾਪ੍ਰਸਤੀ ਦਾ ਖਤਰਾ ਮੰਡਰਾ ਰਿਹਾ ਹੈ ਤਾਂ ਮੁਨਸ਼ੀ ਪ੍ਰੇਮਚੰਦ ਜੀ ਦੀਆਂ ਰਚਨਾਵਾਂ ਦੀ ਪ੍ਰਸੰਗਕਿਤਾ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ ਦੇ ਸਾਰੇ ਰਾਹ ਮੁਨਸ਼ੀ ਪ੍ਰੇਮਚੰਦ ਜੀ ਦੀਆਂ ਰਚਨਾਵਾਂ ਵਿਚੋਂ ਹੀ ਮਿਲ ਸਕਦੇ ਹਨ!

ਭਾਵੇਂਕਿ 8 ਅਕਤੂਬਰ 1936 ਨੂੰ ਮੁਨਸ਼ੀ ਪ੍ਰੇਮਚੰਦ ਆਪਣੀ ਦੇਸ਼ਭਗਤ ਵਿਰਾਸਤ ਅਤੇ ਜੁੰਮੇਵਾਰੀ ਸਾਨੂੰ ਸੌਂਪ ਕੇ ਹਮੇਸ਼ਾਂ ਲਈ ਸਾਡੇ ਤੋਂ ਵਿਦਾ ਹੋ ਗਏ ਸਨ ਪਰ ਉਨਾਂ ਦਾ ਜੀਵਨ ਅਤੇ ਉਨਾਂ ਦੀ ਰਚਨਾ ਦੇਸ਼ ਦੇ ਮਿਹਨਤਕਸ਼ ਆਵਾਮ ਵਾਸਤੇ ਹਮੇਸ਼ਾਂ ਚਾਨਣ ਮੁਨਾਰੇ ਦਾ ਕੰਮ ਕਰਦੇ ਰਹਿਣਗੇ ! ਅਸੀਂ ਮੁਨਸ਼ੀ ਪ੍ਰੇਮਚੰਦ ਜੀ ਦੀ ਜਨਵਾਦੀ ਵਿਰਾਸਤ ਦੇ ਵਾਰਿਸ ਹਮੇਸ਼ਾਂ ਉਨਾਂ ਦਾ ਨਕਸ਼ੇ ਕਦਮ ਤੇ ਚੱਲਣ ਦਾ ਪ੍ਰਣ ਕਰਦੇ ਹਾਂ!

## ਮਿੱਟੀ ਦੀਆਂ ਮੂਰਤੀਆਂ

ਇਕ ਦਿਨ ਮਿੱਟੀ ਦੀਆ ਮੁਰਤੀਆ ਬਨਾਉਣ ਵਾਲੇ ਨੇ ਰਬ ਨੂੰ ਕਿਹਾ ਕਿ "ਪਰਮਾਤਮਾ ਤੂੰ ਵੀ ਇਕ ਕਲਾਕਾਰ ਹੈ ਤੇ ਮੈਂ ਵੀ ਇਕ ਕਲਾਕਾਰ"। ਤੂੰ ਮੇਰੇ ਵਰਗੀਆਂ ਲੱਖਾ ਮੁਰਤਾ ਬਣਾ ਕੇ ਧਰਤੀ ਤੇ ਭੇਜ ਦਿੱਤੀਆਂ "ਤੇ ਮੈਂ ਤੇਰੀਆ ਲੱਖਾ ਮੁਰਤੀਆ ਬਣਾ ਕੇ ਧਰਤੀ ਤੇ ਵੇਚ ਦਿੱਤੀਆ" ਪਰ ਮੈਨੂੰ ਵੇਖ ਵੇਖ ਕੇ ਹਾਸਾ ਆਉਂਦਾ ਹੈ "ਜਦੋਂ ਤੇਰੀਆ ਬਣਾਈਆਂ ਮੁਰਤੀਆ ਮੇਰੀਆਂ ਬਣਾਈਆਂ ਮੁਰਤੀਆ ਅਗੇ ਝੁਕਦੀਆ ਨੇ" ਸੱਚ ਜਾਣੀ ਬਹੁਤ ਸ਼ਰਮ ਆਉਂਦੀ ਹੈ। **ਪੇਸ਼ਕਸ- ਰਾਜਿੰਦਰ ਗੰਗੜ ਸੇਲਮਾ**

## ਦਹਿਸ਼ਤ

ਨਫ਼ਰਤ ਕਿਉਂ ਕਰਦਾ ਏ, ਐ ਇਨਸਾਨ ਤੂੰ ਇਨਸਾਨ ਤੋਂ।
ਥੋੜ੍ਹਾ ਜਿਹਾ ਡਰ ਕੇ ਰਹੀਏ, ਤੂੰ ਤੇ ਮੈਂ ਭਗਵਾਨ ਤੋਂ।
ਬੇਦੋਸ਼ਿਆਂ ਨੂੰ ਮਾਰ ਕੇ, ਅਸਾਂ ਨੂੰ ਕੀ ਮਿਲੂਗਾ।
ਤੁਰ ਜਾਣਾ ਇੱਕ ਦਿਨ ਤੂੰ, ਤੇ ਮੈਂ ਵੀ ਇਸ ਜਹਾਨ ਤੋਂ।
ਸ਼ੌਕ ਹੈ ਦਹਿਸ਼ਤਵਾਦ ਦਾ, ਜ਼ਿੰਦਗੀਆਂ ਨਾਲ ਖੇਡਣਾ।
ਧਰਮ ਦੇ ਨਾਂਅ 'ਤੇ ਦੰਗੇ ਕਰਵਾਉਂਦਾ, ਹੈ ਸ਼ੈਤਾਨ ਇਨਸਾਨ ਤੋਂ।
ਮਿੱਟੀ ਦਾ ਖਿਡਾਉਣਾ ਸਮਝਦਾ ਹੈ, ਇਨਸਾਨ-ਇਨਸਾਨ ਨੂੰ।
ਐ ਖੁਦਾ ਇਹ ਉਮੀਦ ਨਹੀਂ ਸੀ, ਤੇਰੇ ਬਣਾਏ ਇਨਸਾਨ ਤੋਂ।
ਬੇਕਸੂਰਾਂ ਦੇ ਖੂਨ ਨਾਲ, ਖੇਡਦਾ ਹੈ ਹੋਲੀ ਇਹ।
ਵੀਰਪਾਲ ਜਾਨਵਰ ਹੀ ਚੰਗੇ ਨੇ, ਇਸ ਬੇਰਹਿਮ ਇਨਸਾਨ ਤੋਂ।

**- ਵੀਰਪਾਲ ਕੌਰ ਭੱਠਲ (91-97810-13953)**

# 'ਰੂਹ 'ਤੇ ਉਕਰੇ ਚਿੱਤਰ' ਅਤੇ 'ਵਰਤਮਾਨ ਦੇ ਆਰ-ਪਾਰ' - 20 ਅਗਸਤ ਨੂੰ ਸਟਾਕਟਨ ਵਿਖੇ ਰਲੀਜ਼ ਹੋਣਗੀਆਂ

**ਸਟਾਕਟਨ/ ਬਿਊਰੋ-** ਕੈਲੀਫੋਰਨੀਆ ਦੀਆਂ ਤਿੰਨ ਸਾਹਿਤਕ ਸੰਸਥਾਵਾਂ ਵਲੋਂ 20 ਅਗਸਤ ਨੂੰ ਸਟਾਕਟਨ ਵਿੱਚ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਵਿਚ 'ਰੂਹ 'ਤੇ ਉਕਰੇ ਚਿੱਤਰ' ਅਤੇ 'ਵਰਤਮਾਨ ਦੇ ਆਰ-ਪਾਰ' ਪੁਸਤਕਾਂ ਰਲੀਜ਼ ਕੀਤੀਆਂ ਜਾ ਰਹੀਆਂ ਹਨ। 'ਰੂਹ 'ਤੇ ਉਕਰੇ ਚਿੱਤਰ' ਪ੍ਰੋ. ਹਰਭਜਨ ਸਿੰਘ ਦਾ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ, ਇਸ ਵਿਚ 15 ਚੋਣਵੀਆਂ ਕਹਾਣੀਆਂ ਸ਼ਾਮਿਲ ਹਨ। 'ਵਰਤਮਾਨ ਦੇ ਆਰ-ਪਾਰ' ਕਾਵਿ-ਸੰਗ੍ਰਹਿ ਵਿਚ ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਜਾਪਾਨ ਦੇ 79 ਸ਼ਾਇਰਾਂ ਦੀ ਰਚਨਾਵਾਂ ਸ਼ਾਮਿਲ ਹਨ। ਇਹ ਸੰਗ੍ਰਹਿ ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਰਸ਼ਨ ਬੁਲੰਦਵੀ, ਅਜ਼ੀਮ ਸ਼ੇਖ਼ਰ ਅਤੇ ਕੁਲਵੰਤ ਕੌਰ ਢਿੱਲੋਂ ਵਲੋਂ ਸੰਪਾਦਿਤ ਕੀਤਾ ਗਿਆ ਹੈ। ਇਸ ਪ੍ਰਯੋਜਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਣ ਵਿੱਚ ਸੰਪਾਦਕਾਂ ਤੋਂ ਇਲਾਵਾ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਮਹਿੰਦਰਪਾਲ ਧਾਲੀਵਾਲ, ਦਲਜੀਤ ਮੋਖਾ (ਮਰਹੂਮ), ਤਾਰਾ ਸਾਗਰ, ਸੁਰਜੀਤ ਕੌਰ, ਅਮਰਜੀਤ ਚਾਹਲ, ਉਂਕਾਰਪ੍ਰੀਤ ਸਿੰਘ ਦਾ ਵੀ ਵਿਸ਼ੇਸ਼ ਯੋਗਦਾਨ ਹੈ।

'ਵਰਤਮਾਨ ਦੇ ਆਰ-ਪਾਰ' ਵਿਚ ਛਪੇ ਸ਼ਾਇਰਾਂ ਦੀ ਪਰਵਾਸੀ ਦੇਸ਼ ਅਨੁਸਾਰ ਸੂਚੀ ਇਸ ਪ੍ਰਕਾਰ ਹੈ:

ਅਮਰੀਕਨ ਕਵੀ: 1. ਸੁਰਿੰਦਰ ਸੋਹਲ 2. ਸੁਖਵਿੰਦਰ ਕੰਬੋਜ 3. ਪ੍ਰੋ. ਹਰਭਜਨ ਸਿੰਘ 4. ਹਰਜੀਤ ਹਠੂਰ 5. ਹਰਪ੍ਰੀਤ ਕੌਰ ਧੂਤ 6. ਹਰਜਿੰਦਰ ਕੰਗ 7. ਕੁਲਵਿੰਦਰ 8. ਗੁਰਦਿਆਲ ਸਿੰਘ ਸੰਘਾ (ਮਰਹੂਮ) 9. ਡਾ. ਗੁਰੂਮੇਲ ਸਿੱਧੂ 10. ਚਰਨਜੀਤ ਸਿੰਘ ਸਾਹੀ 11. ਡਾ. ਜਗਜੀਤ ਬਰਾੜ 12. ਤਾਰਾ ਸਿੰਘ ਸਾਗਰ 13. ਦਲਜੀਤ ਮੋਖਾ (ਮਰਹੂਮ) 14. ਨੀਲਮ ਸੈਣੀ 15. ਪਰਮਜੀਤ ਸਾਗਰ 16. ਬਲਦੇਵ ਬਾਵਾ 17. ਮਨਦੀਪ ਗੋਰਾ 18. ਰਵਿੰਦਰ ਸਹਿਰਾਅ 19. ਡਾ. ਰਵੀ ਸ਼ੇਰਗਿਲ 20. ਰਾਜ ਲਾਲੀ ਸ਼ਰਮਾ 21. ਰਾਣੀ ਨਗਿੰਦਰ







ਕੈਨੇਡੀਅਨ ਕਵੀ: 1. ਉਂਕਾਰਪ੍ਰੀਤ 2. ਅਜਮੇਰ ਰੋਡੇ 3. ਅਮਰੀਕ ਪਲਾਹੀ 4. ਅਮਰਜੀਤ ਚਾਹਲ 5. ਅੰਮ੍ਰਿਤ ਦੀਵਾਨਾ 6. ਇਕਬਾਲ ਖਾਨ 7. ਇੰਦਰਜੀਤ ਸਿੰਘ ਧਾਮੀ 8. ਸੁਰਿੰਦਰ ਧੰਜਲ 9. ਸੁਖਿੰਦਰ 10. ਸੁਰਜੀਤ ਕੌਰ 11. ਕ੍ਰਿਸ਼ਨ ਭਨੋਟ 12. ਕੁਲਵਿੰਦਰ ਖਹਿਰਾ 13. ਗੁਰਦੇਵ ਚੌਹਾਨ 14. ਗੁਰਦਰਸ਼ਨ ਬਾਦਲ 15. ਤਨਦੀਪ ਤਮੰਨਾ 16. ਨਵਤੇਜ ਭਾਰਤੀ 17. ਨਦੀਮ ਪਰਮਾਰ 18. ਨੀਰੂ ਅਸੀਮ 19. ਡਾ. ਪ੍ਰਤਿਪਾਲ ਕੌਰ ਚਾਹਲ 20. ਪਰਮਿੰਦਰ ਕੌਰ ਸਵੈਚ 21. ਮੋਹਨ ਗਿੱਲ 22. ਮਹਿੰ-ਦਰਪਾਲ ਸਿੰਘ ਪਾਲ 23. ਰਵਿੰਦਰ ਰਵੀ

ਬਰਤਾਨਵੀ ਕਵੀ:1. ਅਜ਼ੀਮ ਸ਼ੇਖ਼ਰ 2. ਡਾ. ਅਮਰ ਜਿਓਤੀ 3. ਅਵਤਾਰ ਸਿੰਘ ਸਾਦਿਕ 4. ਐਸ ਬਲਵੰਤ 5. ਸੰਤੋਖ ਸਿੰਘ ਸੰਤੋਖ (ਮਰਹੂਮ) 6. ਸੁਰਿੰਦਰਪਾਲ ਸਿੰਘ 7. ਸਾਥੀ ਲੁਧਿਆਣਵੀ 8. ਸੰਤੋਖ ਧਾਲੀਵਾਲ 9. ਸੁਰਿੰਦਰ ਸੀਹਰਾ 10. ਕੁਲਵੰਤ ਕੌਰ ਢਿਲੋਂ 11. ਕੇ ਸੀ ਮੋਹਨ 12. ਕਿਰਪਾਲ ਪੂੰਨੀ 13. ਕਿੱਟੀ ਬੱਲ 14 ਗੁਰਦਾਸ ਪਰਮਾਰ 15. ਗੁਰਨਾਮ ਢਿਲੋਂ 16. ਗੁਰਸ਼ਰਨ ਸਿੰਘ ਅਜੀਬ 17. ਗਗਨ ਬਰਾੜ 18. ਚਮਨ ਲਾਲ ਚਮਨ 19. ਜਤਿੰਦਰ ਪੱਤੜ 20. ਜਗਤਾਰ ਢਾਅ 21. ਜਸਵਿੰਦਰ ਮਾਨ 22. ਡਾ. ਦੇਵਿੰਦਰ ਕੌਰ 23. ਦਰਸ਼ਨ ਬੁਲੰਦਵੀ 24. ਦਲਵੀਰ ਕੌਰ 25. ਬਿੱਟੂ ਖੰਗੂਰਾ 26. ਬਲਵਿੰਦਰ ਮਠਾੜੂ 27. ਭੂਪਿੰਦਰ ਸਿੰਘ ਸੱਗੂ 28. ਮੁਸ਼ਤਾਕ ਸਿੰਘ ਮੁਸ਼ਤਾਕ 29. ਮਹਿੰਦਰ ਗਿੱਲ 30. ਮਿਸਿਜ਼ ਮੁਸਕਾਨ ਸਿੰਘ 31. ਮਨਜੀਤ ਕੌਰ ਪੱਡਾ 32. ਮਹਿੰਦਰਪਾਲ ਸਿੰਘ ਧਾਲੀਵਾਲ 33. ਰਾਜਿੰਦਰਜੀਤ 34. ਵਰਿੰਦਰ ਪਰਿਹਾਰ।

ਜਾਪਾਨੀ ਕਵੀ: ਪਰਮਿੰਦਰ ਸੋਢੀ

ਇਹ ਸੰਮੇਲਨ ਕਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਹੋਵੇਗਾ। 'ਵਰਤਮਾਨ ਦੇ ਆਰ-ਪਾਰ' ਬਾਰੇ ਡਾ. ਜਸਵਿੰਦਰ ਸਿੰਘ ਅਤੇ 'ਰੂਹ 'ਤੇ ਉਕਰੇ ਚਿੱਤਰ' ਬਾਰੇ ਡਾ. ਧਨਵੰਤ ਕੌਰ ਆਪਣੇ ਖੋਜ ਪੱਤਰ ਪੇਸ਼ ਕਰਨਗੇ। ਤਦ ਉਪਰੰਤ ਕਹਾਣੀ ਦਰਬਾਰ ਅਤੇ ਕਵੀ ਦਰਬਾਰ ਹੋਵੇਗਾ।

ਸੰਮੇਲਨ ਰਾਇਲ ਇੰਡੀਅਨ ਕੁਜ਼ੀਨ, 7610 ਪੈਸਿਫਿਕ ਐਵੇਨਿਊ, ਸਟਾਕਟਨ ਕੈਲੇਫੋਰਨੀਆ 95209 ਵਿੱਚ ਸਵੇਰੇ ਦਸ ਵਜੇ ਆਰੰਭ ਹੋ ਕੇ ਸ਼ਾਮ ਦੇ ਦਸ ਵਜੇ ਤੱਕ ਚੱਲਦਾ ਰਹੇਗਾ।

ਵਧੇਰੇ ਜਾਣਕਾਰੀ ਲਈ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਅਤੇ ਹਰਜਿੰਦਰ ਪੰਧੇਰ (ਫੋਨ: 209-610-5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਯਾਦਾਂ ਦੀ ਪਟਾਰੀ ਦੇ ਸੂਹੇ ਰੰਗ 'ਚ ਰੰਗਿਆ ਗਿਆ ਬੇ ਏਰੀਆ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ ਦਾ ਮੇਲਾ

## ਕੈਲੇਫੋਰਨੀਆ ਦੇ ਸੈਨਹੋਜੇ ਸ਼ਹਿਰ ਦੀਆਂ ਤੀਆਂ ਦਾ ਪੰਦਰਵਾਂ ਮੇਲਾ

"ਉਚੇ ਟਾਹਣੇ ਪੀਂਘ ਪਾ ਦੇ, ਜਿਥੇ ਆਪ ਹੁਲਾਰਾ ਆਵੇ" ਦੇ ਮਨਮੋਹਣੇ ਬੋਲ ਤੀਜ ਦੀਆਂ ਤੀਆਂ 'ਚ ਕੁਝ ਇਹੋ ਜਿਹਾ ਰੰਗ ਭਰ ਗਏ ਕਿ ਸੈਨਹੋਜੇ ਦਾ ਯੂਨੀਫਾਈ ਇਵੈਂਟ ਸੈਂਟਰ, ਜਿਥੇ ਮੁਟਿਆਰਾਂ ਇੱਕਤਰ ਹੋਈਆਂ, ਕੁੜੀਆਂ ਹੁੰਮ ਹੁੰਮਾ ਕੇ ਪੁੱਜੀਆਂ, ਸੱਜ ਵਿਆਹੀਆਂ ਚਾਵਾਂ ਨਾਲ ਨੱਚੀਆਂ ਤੇ ਅਧ-ਖੜ ਉਮਰੇ ਵੀ ਸੱਜੀਆਂ-ਧੱਜੀਆਂ ਤ੍ਰੀਮਤਾਂ ਨੇ ਆਪਣੀ ਧਰਤੀ ਦੇ ਉਸ ਰੰਗ ਨੂੰ ਯਾਦ ਕੀਤਾ, ਜਿਹੜਾ ਯਾਦ-ਪਟਾਰੀ 'ਚ ਪਾ, ਉਹ ਆਪਣੇ ਵਤਨਾਂ ਨੂੰ ਛੱਡਣ ਵੇਲੇ ਆਪਣੇ ਲੜ ਬੰਨ੍ਹਕੇ ਲਿਆਈਆਂ ਸਨ। 86 ਸਾਲ ਦੀ ਬੇਬੇ ਨੇ ਵੀ ਸੈਨਹੋਜੇ ਦੀਆਂ ਤੀਆਂ 'ਚ ਸ਼ਿਰਕਤ ਕੀਤੀ ਅਤੇ ਪੌਣੇ ਪੰਜ ਮਹੀਨਿਆਂ ਦੀ ਛੋਟੀ ਜਿਹੀ 'ਗੁੱਡੀ' ਨੇ ਵੀ।

ਤੀਆਂ ਦੇ ਇਸ ਮੇਲੇ 'ਚ ਕਿਹੜੀ ਉਹ ਮੁਟਿਆਰ ਸੀ, ਜਿਸ ਸਾਵਣ ਦੇ ਮਹੀਨੇ 'ਚ ਪੰਜਾਬ ਵਾਲੇ "ਬਾਬੇ ਬੋਹੜ" ਤੇ ਪਿੱਪਲਾਂ ਥੱਲੇ ਪਾਈਆਂ ਪੀਂਘਾਂ ਨੂੰ ਯਾਦ ਨਾ ਕੀਤਾ ਹੋਵੇ। ਫੁਲਕਾਰੀਆਂ ਲੈ, ਸੋਹਣੇ-ਮੋਹਣੇ ਪਟਿਆਲਵੀ ਸੂਟ ਪਾ, ਹਰ ਉਮਰ ਦੀਆਂ ਕੁੜੀਆਂ-ਚਿੜੀਆਂ, ਤ੍ਰੀਮਤਾਂ, ਬੀਬੀਆਂ ਨੇ ਮਹਿੰਦੀ ਲਾਈ, ਵੰਗਾਂ ਪਾਈਆਂ, ਟਿੱਕਾ, ਪਰਾਂਦਾ ਪਾਇਆ, ਬੂੰਦੀ ਦੇ ਲੱਡੂ ਖਾਧੇ, ਖੀਰ ਪੂੜੇ ਦਾ ਸੁਆਦ ਚੱਖਿਆ । ਉਪਰੋਂ ਗੁਲਗੁਲੇ, ਮੰਡੇ, ਪੰਜਾਬ ਦਾ ਹਲਵਾ, ਖੋਏ ਦੀ ਕੁਲਫੀ ਉਹਨਾ ਦੀ ਜੀਭ ਤੋਂ ਲੱਥ ਹੀ ਨਹੀਂ ਸਨ ਰਹੇ। ਤੀਆਂ ਦੇ ਖੁਲ੍ਹੇ ਵਿਹੜੇ 'ਚ ਲਗਾਏ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੇ ਦ੍ਰਿਸ਼ਾਂ 'ਤੇ ਪਹਿਰਾਵਿਆਂ, ਖਾਣ ਪੀਣ ਦੀ ਚੀਜ਼-ਵਸਤਾਂ, ਵੰਗਾਂ, ਦੁਪੱਟਿਆਂ, ਸੂਟਾਂ, ਫੁਲਕਾਰੀਆਂ, ਝੁਮਕਿਆਂ ਦੇ ਸਟਾਲ ਤੀਆਂ ਦੇ ਅਕਾਸ਼ 'ਚ ਤਾਰਿਆਂ ਵਾਂਗਰ ਚਮਕਦੇ ਸਨ, ਉਪਰੋਂ ਆਵਾਜ਼ ਦੀ ਮਲਿਕਾ ਆਸ਼ਾ ਸ਼ਰਮਾ ਨੇ ਜਿਸ ਢੰਗ ਨਾਲ ਇਕੱਲੇ ਇਕੱਲੇ ਸਟਾਲ ਉਤੇ ਉਹਨਾ ਦਾ ਤੁਆਰਫ਼ ਕਰਾਇਆ, ਉਹਨਾ ਸਟਾਲਾਂ ਤੇ ਖੜੀਆਂ ਕੁਝ ਸ਼ਰਮਾਉਂਦੀਆਂ, ਕੁਝ ਮੁਸਕਰਾਉਂਦੀਆਂ, ਮੁਟਿਆਰਾਂ ਨੇ ਆਪਣੇ ਵਣਜ-ਵਪਾਰ ਵਿੱਚ ਵੀ ਨਿਵੇਕਲਾ ਸ਼ੋਖ਼-ਰੰਗ ਭਰ ਦਿੱਤਾ।

ਤੇਜ਼ ਰਫ਼ਤਾਰ ਚਲਦੀ ਜ਼ਿੰਦਗੀ ਵਿੱਚੋਂ ਫੁਰਸਤ ਦੇ ਪਲਾਂ 'ਚ ਤੀਆਂ ਦੇ ਇਸ ਤਿਉਹਾਰ ਦੀ ਵਿਧੀ-ਬੱਧ ਸਟੇਜ ਆਸ਼ਾ ਸ਼ਰਮਾ ਨੇ ਸੰਭਾਲਕੇ "ਸਾਉਣ ਦੇ ਮਹੀਨੇ ਪੈਂਦੀ ਤੀਆਂ 'ਚ ਧਮਾਲ ਵੇ" ਦੇ ਬੋਲਾਂ ਨਾਲ ਛੋਟੀਆਂ ਬੱਚੀਆਂ ਤੋਂ ਗਿੱਧਾ ਵੀ ਪੁਆਇਆ ਕਿੱਕਲੀ ਵੀ ਤੇ ਭੰਗੜਾ ਵੀ। ਵੱਡੀ ਉਮਰ ਦੀਆਂ ਬੀਬੀਆਂ ਨੂੰ ਨੱਚਣ ਵੀ ਲਾਇਆ ਅਤੇ ਮੁਟਿਆਰਾਂ ਤੋਂ ਤਾਂ ਉਸ ਇਹੋ-ਜਿਹਾ ਗਿੱਧਾ ਪੁਆਇਆ, ਕਿ ਹਰ ਮੂੰਹ "ਗਿੱਧਿਆ ਪਿੰਡ ਵੜ ਵੇ ਲਾਂਭ ਲਾਂਭ ਨਾ ਜਾਈ" ਦੀ ਚਰਚਾ ਰਹੀ। ਬੀਬੀਆਂ ਨੇ ਕਿੱਕਲੀ ਪਾਈ, ਬੋਲੀਆਂ ਪਾਈਆਂ, ਸੁਹਾਗ ਗਾਏ, ਘੋੜੀਆਂ ਗਾਈਆਂ, ਗਿੱਧੇ ਦੇ ਤਮਾਸ਼ੇ ਲਗਾਏ , ਸਕਿਟਾਂ ਖੇਡੀਆਂ ਅਤੇ ਹਰ ਆਈਟਮ ਤੇ ਹਾਲ ਲਗਾਤਾਰ ਤਾੜੀਆਂ ਨਾਲ ਗੂੰਜਿਆ। ਅਜੈ ਭੰਗੜਾ ਅਕੈਡਮੀ ਵਾਲਿਆ ਇਸ ਪ੍ਰੋਗਰਾਮ 'ਚ ਇੰਨਾ ਸਾਥ ਦਿੱਤਾ ਕਿ ਹਰ ਹਾਜ਼ਰ ਸਰੋਤੇ ਦੀ ਰੂਹ ਖਿੜ ਉਠੀ। ਯਾਦਾਂ ਦੇ ਹੁਲਾਰੇ, ਪਿਆਰਾਂ ਭਰੇ ਹੁੰਗਾਰੇ, ਕਿਸ ਮਨ 'ਚ ਨਹੀਂ ਸਨ। ਖੁਸ਼ੀ



ਦੇ ਅਥਰੂ ਕਿਸ ਦਰਸ਼ਕ ਦੇ ਅੱਖਾਂ 'ਚ ਨਹੀਂ ਸਨ। ਪੰਜਾਬ 'ਚ ਤੀਆਂ ਦੇ ਤਿਉਹਾਰ ਨੂੰ ਤਾਂ ਜਿਵੇਂ ਨਜ਼ਰ ਹੀ ਲੱਗੀ ਹੋਈ ਹੈ, ਕਿਧਰੇ ਸਕੂਲਾਂKਕਾਲਜਾਂ 'ਚ ਤਾਂ ਧਮਾਲ ਪੈਂਦੀ ਹੋਵੇਗੀ ਪਰ ਪਿੰਡਾਂ ਦੇ ਪਿੱਪਲ ਸੁੰਨੇ ਦਿਸਦੇ ਹਨ। ਪਰ ਵਿਦੇਸ਼ ਵਸਦੀਆਂ ਬੀਬੀਆਂ ਨੇ, ਮੁਟਿਆਰਾਂ ਨੇ, ਕੁੜੀਆਂ ਨੇ, ਬੱਚੀਆਂ ਨੇ ਪੰਜਾਬ ਨੂੰ ਪਿਆਰ ਕਰਨ ਵਾਲੀਆਂ ਪਿਆਰ ਗੜੁੱਚੀਆਂ ਰੂਹਾਂ ਦੀ ਪ੍ਰੇਰਨਾ ਨਾਲ ਪੰਜਾਬੀ ਸਭਿਆਚਾਰ ਦੀ ਇਸ ਵੰਨਗੀ ਨੂੰ ਜਿਊਂਦਾ ਰੱਖਿਆ ਹੋਇਆ ਹੈ। "ਬਹੁਤੀਆਂ ਭਰਾਵਾਂ ਵਾਲੀਏ ਤੈਨੂੰ ਤੀਆਂ 'ਚ ਲੈਣ ਨਾ ਆਏ" ਦੇ ਉਲਾਬੇਂ ਨੂੰ ਦੂਰ ਕਰਦਿਆਂ ਪੰਜਾਬਣਾ ਵਲੋਂ ਤੀਆਂ ਨਿਊਯਾਰਕ 'ਚ ਮਨਾਈਆਂ ਜਾਂਦੀਆਂ ਹਨ, ਕੈਨੇਡਾ ਦੇ ਸਰੀ, ਬਰੰਪਟਨ ਵਿੱਚ ਵੀ ਤੇ ਬਰਤਾਨੀਆ ਦੇ ਸ਼ਹਿਰ ਸਾਊਥਹਾਲ ਵਿੱਚ ਵੀ ਅਤੇ ਅਸਟਰੇਲੀਆਂ ਦੇ ਸ਼ਹਿਰ ਮੈਲਬੋਰਨ ਵਿੱਚ ਵੀ ਪਰ ਜਿਹੜਾ ਤੀਆਂ ਦਾ ਰੰਗ ਪੰਜਾਬ ਵਰਗੇ ਸੂਬੇ ਕੈਲੇਫੋਰਨੀਆਂ ਦੀ ਧਰਤੀ ਸੈਨਹੋਜੇ 'ਚ ਦੇਖਣ ਨੂੰ ਮਿਲਿਆ, ਉਸਦਾ ਕੋਈ ਸਾਨੀ ਹੀ ਨਹੀਂ। ਕਿੰਨਾ ਭਾਵਪੂਰਕ ਜਜ਼ਬਿਆਂ ਨਾਲ ਭਰਪੂਰ, ਮਨਮੋਹਕ ਨਜ਼ਾਰਾ ਸੀ ਉਹ, ਜਦੋਂ 15 ਸੱਜ-ਵਿਆਹੀਆਂ ਮੁਟਿਆਰਾਂ (ਜਿਸ 'ਚ ਦੋ ਮਹੀਨਿਆਂ ਦੀ ਸੱਜ ਵਿਆਹੀ ਮੁਟਿਆਰ ਵੀ ਸ਼ਾਮਲ ਸੀ) ਨੂੰ ਸੰਧਾਰਾ ਭੇਂਟ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਵੀਨ ਸੋਹਲ, ਰਾਣਾ ਸਤਿੰਦਰ ਧਾਲੀਵਾਲ, ਦਵਿੰਦਰ ਦੀਪ ਸਰਾਂ ਨੇ ਭਰਪੂਰ ਹਿੱਸਾ ਪਾਇਆ। ਪ੍ਰਬੰਧਕਾਂ ਵਲੋਂ ਗਿੱਧੇ ਦੀਆਂ ਟੀਮਾਂ ਲਈ ਸੁਖਨਿੰਦਰ ਭੰਗਲ, ਪ੍ਰੀਤ ਕੈਲੇ, ਗੋਲਡਨ ਸਟੇਟ ਮੁਟਿਆਰਾਂ, ਸੋਹਣੀਆਂ ਮੁਟਿਆਰਾਂ, ਤ੍ਰਿਝਣਾਂ ਦੀਆਂ ਕੁੜੀਆਂ, ਸੁਖਜੀਤ, ਦਵਿੰਦਰ, ਰਾਣੋ, ਸੋਨੀਆ ਚੇੜਾ, ਜਸਵਿੰਦਰ ਧਨੋਆ, ਰਡੀਓ ਚੜ੍ਹਦੀਕਲਾ, ਰੇਡੀਓ ਪੰਜਾਬ ਦਾ ਖਾਸ ਧੰਨਵਾਦ ਕੀਤਾ ਗਿਆ। ਬੱਚਿਆਂ ਨੂੰ ਟਰਾਫੀਆਂ ਰਾਜਜੋਤ ਰੈਸਟੋਰੈਂਟ ਸੈਨਹੋਜ਼ੇ ਦੀ ਮਾਲਕ ਰਾਜ ਗੁਰਾਇਆ ਵਲੋਂ ਆਪਣੀ ਬੇਟੀ ਜਸਲੀਨ ਗੁਰਾਇਆ ਦੇ ਜਨਮਦਿਨ ਦੀ ਖੁਸ਼ੀ ਵਿੱਚ ਦਿੱਤੀਆਂ ਗਈਆਂ। ਇਸ ਰੈਸਟੋਰੈਂਟ ਵਲੋਂ ਇਸ ਮੇਲੇ ਵਿੱਚ ਸਵਾਦਿਸ਼ਟ ਖਾਣੇ ਦਾ ਸਟਾਲ ਵੀ ਲਗਾਇਆ ਗਿਆ ਸੀ ਜਿਸ ਦੀ ਹਰ ਕਿਸੇ ਨੇ ਪ੍ਰਸ਼ੰਸਾ ਕੀਤੀ। ਤੀਆਂ ਦੇ ਇਸ ਮੇਲੇ ਵਿੱਚ ਘੜੇ ਵਾਲੀ ਖੋਏ ਦੀ ਕੁਲਫੀ ਦੀ ਹਰ ਪਾਸੇ ਚਰਚਾ ਰਹੀ ਅਤੇ ਇਹ ਖੂਬ ਵਿਕੀ ਵੀ। ਮੇਲੇ ਵਿੱਚ ਰੈਫਲ ਇਨਾਮ ਵੀ ਕੱਢੇ ਗਏ ਜਿਸ ਵਿੱਚ ਜੇਤੂ ਨੂੰ ਇਕ ਤੋਲੇ ਦਾ ਸੋਨੇ ਦਾ ਸੈਂਟ ਸਮੇਤ ਕਈ ਇਨਾਮ ਵੰਡੇ ਗਏ। ਤੀਆਂ ਦਾ ਇਹ ਮੇਲਾ ਮਿੰਨੀ ਪੰਜਾਬ ਦਾ ਦ੍ਰਿਸ਼ ਪੇਸ਼ ਕਰਦਾ ਸੀ ਜਿਥੇ ਖੂਹ, ਦਰਖਤ, ਰਿਕਸ਼ਾ, ਚਰਖਾ, ਅਟੇਰਨ ਆਦਿ ਚੀਜ਼ਾਂ ਵੱਖ-ਵੱਖ ਥਾਂਵਾ ਉਤੇ ਸਜਾਵਟ ਦਾ ਸ਼ਿੰਗਾਰ ਬਣਾ ਕਿ ਰਖੀਆਂ ਹੋਈਆ ਸਨ। ਮੇਲਾ ਸਵੇਰੇ 11 ਵਜੇ ਸ਼ੁਰੂ ਹੋ ਕਿ ਸ਼ਾਮ 7 ਵਜੇ ਤਕ ਖਤਮ ਹੋਇਆ। ਪ੍ਰਬੰਧਕ ਬੀਬੀਆਂ ਵਲੋਂ ਸਾਰੇ ਸਪੌਂਸਰਾਂ ਅਤੇ ਭਾਈਚਾਰੇ ਦਾ ਧੰਨਵਾਦ ਕੀਤਾ ਗਿਆ ਅਤੇ ਇਹ ਵੀ ਯਕੀਨ ਦਿਵਾਇਆ ਗਿਆ ਕਿ ਅਗਲੇ ਸਾਲ ਇਸ ਸਾਲ ਨਾਲੋ ਵੀ ਬਿਹਤਰ ਪ੍ਰਬੰਧ ਕੀਤੇ ਜਾਣਗੇ।

**ਰਿਪੋਰਟ : ਸੁਕ੍ਰਿਤੀ ਸਿੰਘ**

## ਕੁਝ ਜ਼ਰੂਰੀ ਗੱਲਾਂ



ਜਿਸਨੂੰ ਯਾਰੀ ਦੋਸਤੀ ਦੀ ਕਦਰ ਹੋਵੇ
ਉਹ ਯਾਰਾਂ ਦੋਸਤਾਂ ਨੂੰ ਪਿੱਠ ਦਿਖਾਉਂਦਾ ਨਹੀਂ।

ਜਿਹੜਾ ਅੱਲ੍ਹੇ ਜ਼ਖਮਾਂ ਨੂੰ ਖੋਹਣ ਦੇਵੇ
ਉਹ ਕਦੇ ਮੱਲਮਾਂ ਜ਼ਖਮਾਂ 'ਤੇ ਲਾਉਂਦਾ ਨਹੀਂ।

ਜਿਸਨੂੰ ਦੂਜਿਆਂ ਦੇ ਦਰਦ ਦਾ ਅਹਿਸਾਸ ਹੋਵੇ
ਉਹ ਤੇਲ ਬਲਦੀ ਦੇ ਉਤੇ ਪਾਉਂਦਾ ਨਹੀਂ।

ਜਿਹੜਾ ਲੋਕਾਂ ਦੇ ਦਰਦ ਦਾ ਨਾ ਹੋਵੇ ਸਾਂਝੀ
ਉਹ ਨੇਤਾ ਲੋਕਾਂ ਦਾ ਕਦੇ ਅਖਵਾਉਂਦਾ ਨਹੀਂ।

ਜਿਸਨੂੰ ਧੀਆਂ ਭੈਣਾਂ ਦੀ ਇੱਜਤ ਦਾ ਅਹਿਸਸ ਹੋਵੇ
ਉਹ ਹੱਥ ਭੁੱਲ ਕੇ ਵੀ ਚੁੰਨੀ ਨੂੰ ਪਾਉਂਦਾ ਨਹੀਂ।

ਜਿਹਨੂੰ ਆਪਣੇ ਪੈਨ ਦਾ ਅਹਿਸਾਸ ਹੋਵੇ
ਉਹ ਧੋਖਾ ਆਪਣਿਆਂ ਨਾਲ ਕਮਾਉਂਦਾ ਨਹੀਂ।

ਜਿਹਨੂੰ ਪਤਾ ਉਸ ਰੱਬ ਨੇ ਸਭ ਕੁਝ ਦੇਣਾ
ਉਹ ਕਦੇ ਭੁੱਖਿਆਂ ਦੀਆਂ ਮਿੰਨਤਾਂ ਪਾਉਂਦਾ ਨਹੀਂ।

ਜਿਸ ਮੱਲ ਨੇ ਮਿਹਨਤਾਂ ਕੀਤੀਆਂ ਨੇ
ਮੂਹਰੇ ਉਸਦੇ ਕੋਈ ਛਿੰਝ ਵਿਚ ਆਉਂਦਾ ਨਹੀਂ।

ਜਿਹੜਾ ਲੋਕਾਂ ਨਾਲ ਸਦਾ ਗਲਤ ਬੋਲੇ
ਉਹਨੂੰ ਚਾਹ ਕੇ ਵੀ ਕੋਈ ਬੁਲਾਉਂਦਾ ਨਹੀਂ।

**– ਜੁਗਿੰਦਰ ਧਾਮੀ ਪਿਪਲਾਂਵਾਲਾ**
530-844-0987

# ਸੂਦਰਾਂ ਦੀ ਕਹਾਣੀ-ਗੋਤਾਂ ਦੀ ਜ਼ੁਬਾਨੀ!

**1. ਪੰਜਾਬ ਵਿਚ ਜੱਟਾਂ ਚਮਾਰਾਂ 'ਚ ਸਾਂਝੇ ਗੋਤ–** ਬੈਂਸ, ਚਾਹਲ, ਚੌਹਾਨ, ਢਿੱਲੋਂ, ਗਿੱਲ, ਹੀਰ, ਖੋਖਰ, ਨਾਂਬਾ, ਮਾਨ, ਮੱਲ, ਮਢਾਰ, ਨਾਹਰਾ, ਪੂਨੀਆ, ਸਹੋਤਾ, ਸੰਧੂ (ਸਿੱਧੂ), ਸਿੱਧੂ, ਵਿਰਕ, ਅੱਤਰੀ, ਜੰਜੂਆ, ਸਪਰਾ,ਗਿੱਲ, ਢੰਡਾ, ਕਾਜ਼ਲਾ (ਕਜ਼ਲਾ), ਪਵਾਰ, ਰਾਏ, ਤੂਰ (ਟੂਰ), ਭੱਟੀ, ਕਲਸੀ, ਛਿੱਬਰ, ਸ਼ੀਂਹਮਾਰ, ਝੱਲੀ, ਬੰਗੜ, ਚੁੰਬਰ, ਮਹਿਮੀ, ਰੱਤੂ, ਗਿੰਡਾ, ਲਾਖਾ, ਮਹੇ, ਮਾਹੀ ਬਿੱਜੀ, ਕਲੇਰ, ਰਾਣਾ, ਬੱਧਨ, ਰੰਧਾਵਾ, ਸਰੋਏ, ਬਸਰਾ, ਧੀਰ, ਪੂਨੀ, ਪੰਨੂੰ, ਸੁੰਢ (ਸੂੰਢ) ਆਦਿ।

**2. ਜੱਟਾਂ, ਚੂਹੜਿਆਂ 'ਚ ਸਾਂਝੇ ਗੋਤ–** ਗਿੱਲ, ਹੰਸ, ਮਾਨ, ਸਹੋਤਾ, ਸੰਧੂ (ਸਿੱਧੂ), ਸਿੱਧੂ, ਗਿੱਲ, ਢੰਡਾ, ਕਾਜ਼ਲਾ, ਸ਼ੇਰਗਿਲ, ਭੱਟੀ, ਮੱਟੂ, ਰੰਧਾਵਾ, ਧਾਰੀਵਾਲ (ਧਾਲੀਵਾਲ)- ਬਾਲੂ, ਬਰਾੜ ਆਦਿ।

**3. ਜੱਟਾਂ ਤੇ ਤਰਖਾਣਾਂ ਲੋਹਾਰਾਂ 'ਚ ਸਾਂਝੇ ਗੋਤ–** ਔਲਖ, ਬੈਂਸ, ਚੌਹਾਨ, ਢਿੱਲੋਂ, ਗਿੱਲ, ਹੰਸ, ਖੋਖਰ, ਮਾਨ, ਸੰਘਾ, ਸਹੋਤਾ, ਸਿੱਧੂ, ਵਿਰਕ, ਜੰਜੂਆ, ਸਪਰਾ, ਬੱਧਨ, ਮੱਟੂ, ਰੰਧਾਵਾ, ਸਰੋਹੇ, ਧਾਰੀਵਾਲ, ਧੀਰ, ਪੂਨੀ, ਪੁਨੂੰ, ਸੂੰਢ, ਗਿੱਲ, ਰਾਏ, ਸੋਹਲ, ਸ਼ਾਹੀ, ਤੂਰ (ਟੂਰ), ਭੰਟੀ, ਕਲਸੀ, ਕਲੇਰ ਆਦਿ।

**4. ਜੱਟਾਂ ਤੇ ਛਿੰਬਿਆਂ 'ਚ ਸਾਂਝੇ ਗੋਤ–** ਔਲਖ, ਬੈਂਸ, ਚੌਹਾਨ, ਮਾਨ, ਮੇਕਰ ਆਦਿ।

**5. ਜੱਟਾਂ ਤੇ ਬਰੜਾਂ ਨਾਲ ਸਾਂਝੇ ਗੋਤ–** ਖੋਖਰ, ਨਾਹਰਾ, ਸਹੋਤਾ, ਗਿੱਲ, ਸ਼ੇਰਗਿੱਲ, ਬਰੜ, ਰੰਧਾਵਾ ਆਦਿ।

**6. ਜੱਟਾਂ ਤੇ ਘੁੰਮਿਆਰਾਂ ਨਾਲ ਸਾਂਝੇ ਗੋਤ–** ਢਿੱਲੋਂ, ਖੋਖਰ, ਮੱਲੀ, ਹੋਹਲ ਆਦਿ।

**7. ਜੱਟਾਂ ਤੇ ਨਾਈਆਂ 'ਚ ਸਾਂਝੇ ਗੋਤ–** ਖੋਖਰ, ਭੱਟੀ, ਕਲਸੀ ਆਦਿ।

**(ਸ੍ਰੀ ਸੀ. ਐਲ. ਚੁੰਬਰ ਜੀ ਦੀ ਅਣਛਪੀ ਕਿਤਾਬ) 'ਕੌਮੀ ਉਡਾਰੀਆਂ ਵਿਚੋਂ ਧੰਨਵਾਦ ਸਹਿਤ**



**ਸੀ. ਐਲ. ਚੁੰਬਰ**

# ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣ ਦਾ ਮੁੱਦਾ ਭਖਿਆ

**ਲੰਡਨ –** ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਉੱਤੇ ਬਣੀ ਫਿਲਮ 'ਦ ਬਲੈਕ ਪ੍ਰਿੰਸ' ਦੀ ਚਰਚਾ ਨਾਲ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣ ਤੇ ਸਿੱਖ ਮਰਿਆਦਾ ਅਨੁਸਾਰ ਉਨ੍ਹਾਂ ਦੇ ਅੰਤਿਮ ਸੰਸਕਾਰ ਦੀ ਚਰਚਾ ਫਿਰ ਛਿੜ ਗਈ ਹੈ।

ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਇੰਗਲੈਂਡ ਵਿੱਚ ਬੀਤਿਆ ਅਤੇ ਉਨ੍ਹਾਂ ਨੂੰ ਬਚਪਨ 'ਚ ਵਰਗਲਾ ਕੇ ਇਸਾਈ ਬਣਾ ਲਿਆ ਗਿਆ ਸੀ, ਪ੍ਰੰਤੂ ਉਨ੍ਹਾ ਨੇ ਅੰਤਲੇ ਦਿਨਾਂ ਦੌਰਾਨ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ ਅਤੇ ਆਪਣਾ ਰਾਜ ਵਾਪਸ ਲੈਣ ਲਈ ਰੂਸ, ਅਮਰੀਕਾ ਅਤੇ ਆਇਰਲੈਂਡ ਨਾਲ ਮਿਲ ਕੇ ਕਾਫੀ ਕੋਸ਼ਿਸ਼ਾਂ ਕੀਤੀਆਂ ਸਨ, ਜਿਨ੍ਹਾਂ ਵਿੱਚ ਕਾਮਯਾਬੀ ਨਹੀਂ ਸੀ ਮਿਲੀ। ਦਲੀਪ ਸਿੰਘ ਦੀ ਮੌਤ ਫਰਾਂਸ ਦੇ ਇਕ ਹੋਟਲ ਵਿੱਚ ਹੋਈ ਸੀ, ਜਿਥੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੀ ਸਭ ਤੋਂ ਮਨਪਸੰਦ ਜਗ੍ਹਾ ਐਲਵੀਡਨ ਮਹੱਲ ਕੋਲ ਚਰਚ ਵਾਲੀ ਜਗ੍ਹਾ 'ਚ ਦਫਨਾ ਦਿੱਤਾ ਗਿਆ ਸੀ, ਜਿਥੇ ਉਨ੍ਹਾਂ ਦੀ ਕਬਰ ਅੱਜ ਵੀ ਮੌਜੂਦ ਹੈ। ਬ੍ਰਿਟਿਸ਼ ਪਾਰਲੀਮੈਂਟ ਦੇ ਲਾਰਡ ਦਲਜੀਤ ਸਿੰਘ ਰਾਣਾ 'ਮੈਂਬਰ ਆਫ ਹਾਊਸ ਆਫ ਲਾਰਡਜ਼' ਨੇ ਕਿਹਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੀਆਂ ਅੰਤਮ ਰਸਮਾਂ ਸਿੱਖ ਅਤੇ ਹਿੰਦੂ ਮਰਿਆਦਾ ਦੇ ਅਨੁਸਾਰ ਪੰਜਾਬ ਵਿੱਚ ਹੋਣੀਆਂ ਚਾਹੀਦੀਆਂ ਹਨ, ਜਿਵੇਂ ਉਹ ਆਖਰੀ ਦਮ ਤੱਕ ਪੰਜਾਬ ਵਾਪਸ ਜਾਣਾ ਚਾਹੁੰਦੇ ਸਨ।

ਇਸ ਸਬੰਧ ਵਿੱਚ ਪਾਰਲੀਮੈਂਟ ਮੈਂਬਰ ਵਰਿੰਦਰ ਸ਼ਰਮਾ ਨੇ ਕਿਹਾ ਹੈ ਕਿ ਮੈਂ ਇਹ ਮਾਮਲਾ ਸਾਥੀਆਂ ਪਾਰ-ਲੀਮੈਂਟ ਮੈਂਬਰਾਂ ਤੇ ਬ੍ਰਿਟਿਸ਼ ਸਰਕਾਰ ਕੋਲ ਉਠਾਵਾਂਗਾ ਤੇ ਭਾਰਤੀ ਹਾਈ ਕਮਿਸ਼ਨ ਨੂੰ ਕਹਾਂਗਾ ਕਿ ਇਸ ਸਬੰਧੀ ਕੋਈ ਹੱਲ ਕੱਢੇ। ਜੇ ਭਾਰਤ ਸਰਕਾਰ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਲਿਜਾਣ ਬਾਰੇ ਕਹੇ ਤਾਂ ਬ੍ਰਿਟਿਸ਼ ਸਰਕਾਰ ਇਸ ਬਾਰੇ ਜ਼ਰੂਰ ਬਿਆਨ ਦੇਵੇਗੀ। ਇਸ ਦੌਰਾਨ ਯੂ ਕੇ ਪੰਜਾਬ ਹੈਰੀਟੇਜ਼ ਐਸੋਸੀਏਸ਼ਨ ਦੇ ਅਮਨਦੀਪ ਸਿੰਘ ਮਾਦਰਾ ਨੇ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਨੇ ਦਲੀਪ ਸਿੰਘ ਦੀ ਮੌਤ ਤੋਂ ਇਕ ਮਹੀਨਾ ਪਹਿਲਾਂ ਲਿਖੀ ਆਖਰੀ ਵਸੀਅਤ ਸਬੂਤ ਵਜੋਂ ਪੇਸ਼ ਕਰਦਿਆਂ ਕਿਹਾ ਕਿ ਮਹਾਰਾਜਾ ਦੀ ਆਖਰੀ ਇੱਛਾ ਸੀ ਕਿ ਉਸ ਨੂੰ ਉਥੇ ਹੀ ਦਫਨਾਇਆ ਜਾਵੇ, ਜਿਥੇ ਉਸ ਦੀ ਮੌਤ ਹੋਵੇ।

ਮਾਦਰਾ ਨੇ ਵਸੀਅਤ ਵਿੱਚ ਲਿਖੇ ਅੰਗਰੇਜ਼ੀ ਸ਼ਬਦ 'ਬਰੀ' ਦਾ ਅਨੁਵਾਦ 'ਦਫਨਾਇਆ' ਵਜੋਂ ਕੀਤਾ ਹੈ, ਪਰ ਕੁਝ ਹੋਰ ਲੋਕਾਂ ਦਾ ਕਹਿਣਾ ਹੈ ਕਿ ਬਰੀ ਸ਼ਬਦ ਦਾ ਮਤਲਬ ਆਖਰੀ ਰਸਮਾਂ ਹਨ।

ਮਹਾਰਾਜਾ ਦਲੀਪ ਸਿੰਘ ਨੇ ਆਖਰੀ ਸਮੇਂ ਮੁੜ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ ਅਤੇ ਉਸ ਨੇ ਮਹਾਰਾਣੀ ਜਿੰਦਾਂ ਦਾ ਸਸਕਾਰ ਆਪਣੇ ਹੱਥੀਂ ਸਿੱਖ ਮਰਿਆਦਾ ਅਨੁਸਾਰ ਕੀਤਾ ਸੀ, ਇਸ ਕਰਕੇ ਉਹ ਅੰਤਿਮ ਰਸਮਾਂ ਬਾਰੇ ਭਲੀਭਾਂਤ ਜਾਣਦਾ ਸੀ। ਸਿੱਖ ਇਤਿਹਾਸਕਾਰ ਪੀਟਰ ਬੈਂਸ ਦੇ ਮੁਤਾਬਕ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਅੰਗਰੇਜ਼ੀ ਤੌਰ ਤਰੀਕੇ ਵਾਲਾ ਸੀ, ਉਸ ਦੀ ਬੋਲੀ, ਸੱਭਿਆਚਾਰ, ਧਰਮ ਉਸ ਤੋਂ ਵੱਖ ਹੋ ਗਏ ਸਨ, ਉਹ ਬ੍ਰਿਟਿਸ਼ ਬਣ ਚੁੱਕਾ ਸੀ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ- ਪ੍ਰੀਤਮ ਰਾਮਦਾਸਪੁਰੀ

ਪ੍ਰੀਤਮ ਰਾਮਦਾਸਪੁਰੀ ਉਰਦੂ ਜੁਬਾਨ ਦਾ ਇਕ ਇਨਕਲਾਬੀ ਸ਼ਾਇਰ ਸੀ। ਉਸਨੇ ਸ਼ਾਇਰੀ ਦੀ ਸ਼ੁਰੂਆਤ 17 ਸਾਲ ਦੀ ਅੱਲੜ੍ਹ ਉਮਰ ਵਿਚ ਉਰਦੂ ਜ਼ੁਬਾਨ ਵਿਚ ਕੀਤੀ ਪਰ ਜਨ-ਸਧਾਰਨ ਦੇ ਹਿਰਦਿਆਂ ਵਿਚ ਅੰਬੇਡਕਰੀ ਫਲਸਫੇ ਦਾ ਬੀਜ ਬੀਜਣ, ਇਸਨੂੰ ਪ੍ਰਚਾਰਿਤ, ਪ੍ਰਸਾਰਿਤ ਅਤੇ ਪ੍ਰਫੁੱਲਿਤ ਕਰਵਾਉਣ ਲਈ ਆਜ਼ਾਦ ਭਾਰਤ ਵਿਚ ਉਸਨੇ ਆਪਣੀ ਮਾਂ-ਬੋਲੀ ਵਿਚ ਕਾਵਿ-ਰਚਨਾ ਨੂੰ ਪ੍ਰਗਟਾਵੇ ਦੇ ਸਾਧਨ ਵਜੋਂ ਅਪਣਾ ਲਿਆ। ਉਸ ਦਾ ਜਨਮ 1931 ਈ. ਵਿਚ ਰਾਮਦਾਸਪੁਰਾ (ਬੂਟਾ ਮੰਡੀ) ਜਲੰਧਰ ਦੇ ਇਕ ਅਤਿ ਖੁਸ਼ਹਾਲ ਪਰਿਵਾਰ ਵਿਚ ਹੋਇਆ। ਉਹ ਬੜ ਰੋਅਬ-ਦਾਬ ਅਤੇ ਆਕਰਸ਼ਕ ਵਿਅਕਤੀਤਵ ਦਾ ਮਾਲਕ ਸੀ। ਉਸ ਦਾ ਸਮੁੱਚਾ ਪਰਿਵਾਰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਨਾਲ ਪੱਕੀ-ਪੀਢੀ ਤਰ੍ਹਾਂ ਜੁੜਿਆ ਹੋਇਆ ਸੀ। ਉਸਦੇ ਚਾਚਾ ਸੇਠ ਕਿਸ਼ਨ ਦਾਸ ਆਦਿ ਧਰਮ ਮੰਡਲ ਵੱਲੋਂ 1937 ਵਿਚ ਐਮ. ਐਲ. ਏ. ਚੁਣੇ ਗਏ ਸਨ ਅਤੇ 1945 ਵਿਚ ਬਾਬਾ ਸਾਹਿਬ ਵੱਲੋਂ ਸਥਾਪਤ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ ਦੇ ਪਹਿਲੇ ਪ੍ਰਧਾਨ ਨਿਯੁਕਤ ਕੀਤੇ ਗਏ ਸਨ। ਪਰਿਵਾਰਕ ਮਾਹੌਲ ਦੇ ਪ੍ਰਭਾਵ ਅਧੀਨ ਪ੍ਰੀਤਮ ਰਾਮਦਾਸਪੁਰੀ ਦੇ ਕੋਮਲ ਬਾਲ ਮਨ 'ਤੇ ਅੰਬੇਡਕਰਵਾਦ ਦਾ ਰੰਗ ਚੜ੍ਹਨਾ ਸ਼ੁਰੂ ਹੋ ਗਿਆ। ਜੁਆਨੀ ਦੀ ਦਹਿਲੀਜ਼ 'ਤੇ ਪਹੁੰਚਦਿਆਂ ਇਹ ਜਜ਼ਬੇ ਵਿਚਾਰਧਾਰਕ ਪ੍ਰਤੀਬੱਧਤਾ ਵਿਚ ਪਰਿਵਰਤਿਤ ਹੋ ਗਏ ਅਤੇ ਉਹ ਅੰਬੇਕਰਵਾਦ ਪ੍ਰਤੀ ਸਮਰਪਿਤ ਇਕ ਪ੍ਰਤੀਬੱਧ ਲਿਖਾਰੀ ਹੋ ਨਿਬੜਿਆ।

ਪ੍ਰੀਤਮ ਰਾਮਦਾਸਪੁਰੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ 27 ਤੋਂ 29 ਅਕਤੂਬਰ 1951 ਦੀ ਆਪਣੀ ਪੰਜਾਬ ਯਾਤਰਾ ਉਸਦੀ ਬਿਊਕ ਕਾਰ ਰਾਹੀਂ ਸੰਪੰਨ ਕੀਤੀ ਅਤੇ ਕਾਰ ਦੀ ਡ੍ਰਾਈਵਿੰਗ ਵੀ ਪ੍ਰੀਤਮ ਜੀ ਨੇ ਹੀ ਕੀਤੀ। 1948 ਵਿਚ ਅੰਬੇਡਕਰੀ ਵਿਚਾਰਧਾਰਾ ਨਾਲ ਸਬੰਧਤ ਉਰਦੂ ਅੱਖਰਾਂ ਵਿਚ ਪਹਿਲਾ ਸਪਤਾਹਿਕ ਪੇਪਰ 'ਉਜਾਲਾ' ਮਾਣਯੋਗ ਸ੍ਰੀ ਕੇ. ਸੀ. ਸੁਲੇਖ ਸਾਹਿਬ ਦੀ ਅਗਵਾਈ ਹੇਠ ਸ਼ੁਰੂ ਹੋਇਆ ਤਾਂ ਉਸਦੇ ਪੂਰੇ ਪਹਿਲੇ ਪੰਨੇ 'ਤੇ ਪ੍ਰੀਤਮ ਜੀ ਦੀ ਕਵਿਤਾ 'ਰੈਨ ਗਈ ਅਬ ਹੂਆ ਉਜਾਲਾ' ਸਿਰਲੇਖ ਹੇਠ ਪ੍ਰਕਾਸ਼ਿਤ ਹੋਈ। 1972 ਈ. ਨੂੰ ਪ੍ਰਕਾਸ਼ਿਤ ਆਪਣੇ ਇਕ ਲੇਖ 'ਦੇਵਤਾ ਦੇ ਦਰਸ਼ਨ' ਵਿਚ ਉਹ ਆਪ ਲਿਖਦੇ ਹਨ, "ਆਪਣੀ ਕਵਿਤਾ ਨੂੰ ਛਪੀ ਦੇਖ ਕੇ ਮੇਰੇ ਮਨ ਵਿਚ ਪੜ੍ਹਨ-ਲਿਖਣ ਦੀ ਲਗਨ ਪੈਦਾ ਹੋਈ। ਮੇਰੀ ਇਹ ਲਗਨ ਦਿਨ-ਪ੍ਰਤੀ ਦਿਨ ਵਧਦੀ ਗਈ ਅਤੇ 'ਉਜਾਲਾ' ਵਿਚ ਛਪੇ ਲੇਖਾਂ ਦੇ ਅਧਿਐਨ ਤੋਂ ਮੇਰੇ ਵਿਚਾਰਾਂ ਵਿਚ ਪਰਿਪੱਕਤਾ ਆਉਣ ਲੱਗੀ।

ਉਰਦੂ ਭਾਸ਼ਾ ਦੇ ਸੰਜੀਦਾ ਸ਼ਾਇਰ ਹੋਣ ਦੇ ਨਾਲ ਪ੍ਰੀਤਮ ਜੀ ਨਿਪੁੰਨ ਵਾਰਤਾਕਾਰ ਵੀ ਸਨ। ਬਾਬਾ ਸਾਹਿਬ ਵੱਲੋਂ ਪੰਜਾਬ ਦੇ ਤਿੰਨ ਦਿਨਾ ਟੂਰ ਦਾ ਬੜਾ ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਚਿੱਤਰ ਉਨ੍ਹਾਂ ਨੇ ਆਪਣੇ ਉਪਰੋਕਤ ਲੰਮੇ ਲੇਖ ਵਿਚ ਬੜੀ ਸੰਵੇਦਨਾ ਭਰਪੂਰ ਕਾਵਿਕ ਸ਼ੈਲੀ ਵਿਚ ਉਲੀਕਿਆ ਹੈ। ਇਸੇ ਤਰ੍ਹਾਂ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਸਬੰਧੀ ਵਿਚਾਰਾਂ ਦੀ ਪੇਸ਼ਕਾਰੀ ਮੌਕੇ ਪ੍ਰਸਤੁਤ ਉਨ੍ਹਾਂ ਦੀ ਵਾਰਤਕ ਸ਼ੈਲੀ ਵਾਚਣਯੋਗ ਹੈ। ਉਹ ਲਿਖਦ ਹਨ, "ਇਕ ਸ਼ਮਾ ਸੀ ਜੋ ਬੁਝ ਗਈ। ਇਕ ਸਹਾਰਾ ਸੀ, ਜੋ ਨਹੀਂ ਰਿਹਾ। ਵਿਦਵਤਾ ਅਤੇ ਕਰੁਣਾ ਦਾ ਇਕ ਖਜ਼ਾਨਾ ਸੀ, ਜੋ ਲੁਟ ਗਿਆ। ਪ੍ਰਕਾਸ਼ ਸਤੰਭ ਜਿਉਤੀ-ਵਿਹੀਨ ਹੋ ਗਿਆ। ਹਿਤਕਾਰਤਾ ਅਤੇ ਪ੍ਰੇਮ ਦਾ ਇਕ ਵਹਿਣ ਸੀ, ਜੋ ਮੌਤ ਦੇ ਮਾਰਗ ਵਿਚ ਸਮਾ ਗਿਆ। ਨਿਰੰਤਰ ਯਤਨਾਂ ਦਾ ਉਬਲਦਾ ਇਕ ਲਾਵਾ ਸੀ ਜੋ ਠੰਡਾ ਪੈ ਗਿਆ।"

ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 27 ਅਕਤੂਬਰ 1951 ਨੂੰ ਜਲੰਧਰ ਪਧਾਰਨ ਤੇ ਲੱਗਭੱਗ ਸਾਢੇ 6 ਏਕੜ ਵਿਚ ਸਜਾਏ ਪੰਡਾਲ ਵਿਖੇ ਬਾਬਾ ਸਾਹਿਬ ਦੇ ਸਵਾਗਤੀ ਸਨਮਾਨ ਵਿਚ ਕਵਿਤਾ ਪੇਸ਼ ਕਰਨ ਦਾ ਮਾਣ ਲੋਕ ਕਵੀ ਗੁਰਦਾਸ ਰਾਮ ਆਲਮ ਸਮੇਤ ਪ੍ਰੀਤਮ ਰਾਮਦਾਸਪੁਰੀ ਨੂੰ ਵੀ ਪ੍ਰਾਪਤ ਹੈ। ਉਨ੍ਹਾਂ ਨੇ ਇਸ ਇਤਿਹਾਸਕ ਅਵਸਰ ਤੇ ਉਰਦੂ ਭਾਸ਼ਾ ਵਿਚ ਲਿਖੀ 'ਹਿੰਦੋਸਤਾਨ ਕੋ ਹਸਤੀ-ਏ ਅੰਬੇਡਕਰ ਪਰ ਨਾਜ ਹੈ' ਸਿਰਲੇਖ ਤਹਿਤ ਆਪਣੀ ਕਵਿਤਾ ਪੇਸ਼ ਕੀਤੀ। ਬਾਬਾ ਸਾਹਿਬ ਦੇ ਦੇਹਾਂਤ 'ਤੇ 6 ਦਸੰਬਰ 1956 ਨੂੰ ਉਹਨਾਂ ਨੇ 'ਚੰਦ ਆਂਸੂ' ਟਾਈਟਲ ਅਧੀਨ ਸੌ ਤੋਂ ਵਧੇਰੇ ਸ਼ਿਅਰਾਂ ਦਾ ਇਕ ਮਰਸੀਆ ਲਿਖਿਆ, ਜੋ ਬਾਅਦ ਵਿਚ ਪ੍ਰਕਾਸ਼ਿਤ ਵੀ ਹੋਇਆ। ਇਸ ਉਪਰੰਤ ਉਹਨਾਂ ਦਾ ਇਕ ਹੋਰ ਸੰਗ੍ਰਹਿ 'ਮਾਲਾ ਕੇ ਤੀਨ ਮੋਤੀ' ਵੀ ਛਪਿਆ।

1947 ਨੂੰ ਦੇਸ਼ ਰਾਜਨੀਤਕ ਤੌਰ ਤੇ ਤਾਂ ਸੁਤੰਤਰ ਹੋ ਗਿਆ ਪਰ ਗੋਰੇ ਗਏ ਕਾਲੇ ਆ ਗਏ, ਸਰਮਾਏਦਾਰੀ ਹਾਵੀ ਹੋ ਗਈ। ਸਿਰਫ ਰਾਜਨੀਤਿਕ ਚਿਹਰੇ ਹੀ ਬਦਲੇ, ਸਮਾਜਿਕ ਤੇ ਆਰਥਿਕ ਵਿਵਸਥਾ ਉਂਝ ਹੀ ਕਾਇਮ ਰਹੀ। ਇਸ ਸਥਿਤੀ ਨੇ ਪ੍ਰੀਤਮ ਜੀ ਦੀ ਕਾਵਿ-ਸੰਵੇਦਨਾ ਨੂੰ ਟੁੰਬਿਆ, ਬੇਗੁਨਾਹਾਂ ਦੇ ਡੁੱਲ੍ਹਦੇ ਲਹੂ, ਜਿਉਂਦੇ ਸਾਡੇ ਮੂਲ ਨਿਵਾਸੀਆਂ ਦੀ ਪੀੜਾ, ਮਿਹਨਤਕਸ਼ਾਂ ਦੀ ਕਿਰਤ-ਕਮਾਈ ਤੇ ਪਲਦੀਆਂ ਵਿਹਲੜ ਸਰਮਾਇਦਾਰ ਤੇ ਜਾਗੀਰਦਾਰ ਜੋਕਾਂ ਅਤੇ ਇਹਨਾਂ ਵਿਰੁੱਧ ਬਗਾਵਤ ਕਰਨ ਦਾ ਸੱਦਾ ਉਸਦੀ ਕਵਿਤਾ ਦੇ ਮੂਲ ਵਿਸ਼ੇ ਬਣਦੇ ਹਨ। ਉਸਦਾ ਸਮੁੱਚਾ ਕਾਵਿ ਸਦੀਆਂ ਤੋਂ ਮਨੂੰਵਾਦੀ ਵਿਵਸਥਾ ਦਾ ਸ਼ਿਕਾਰ ਹੋਏ ਪੀੜਤਾਂ ਵਿਚ ਨਵਾਂ ਜੋਸ਼, ਨਵਾਂ ਉਤਸ਼ਾਹ, ਸਵੈ-ਮਾਣ, ਸਵੈ-ਵਿਸ਼ਵਾਸ ਅਤੇ ਸਵੈ-ਸ਼ਕਤੀ ਪ੍ਰਜਵਲਿਤ ਕਰਨ ਦਾ ਇਕ ਬੇਮਿਸਾਲ ਯਤਨ ਹੈ। ਉਹ 'ਭੀਮ ਦਾ ਸ਼ੈਦਾਈ' ਹੈ ਜਿਸਨ ਹਜ਼ਾਰਾਂ ਸਾਲਾਂ ਬਾਅਦ ਆਪਣੇ ਨਿਰੰਤਰ ਸੰਘਰਸ਼ ਦੁਆਰਾ ਆਪਣੀ ਸੋਚ ਤੇ ਤਦਬੀਰ ਨਾਲ ਕਰੋੜਾਂ ਲੋਕਾਂ ਦੀਆਂ ਤਕਦੀਰਾਂ ਨੂੰ ਬਦਲ ਕੇ ਰੱਖ ਦਿੱਤਾ। ਉਸਨੇ ਮੂਲ ਨਿਵਾਸੀਆਂ ਨੂੰ ਆਪਣੀ ਵੰਸ਼ਾਵਲੀ ਦਾ ਅਹਿਸਾਸ ਕਰਵਾਉਂਦਿਆਂ ਉਹਨਾਂ ਨੂੰ ਸਮਾਜਿਕ ਵਿਵਸਥਾ ਪਰਿਵਰਤਿਤ ਕਰਨ ਲਈ ਵੰਗਾਰਿਆ ਹੈ। ਕਵੀ ਆਸਵੰਦ ਹੈ ਕਿ ਵਕਤ ਦੀ ਰਫਤਾਰ ਨੂੰ ਬਦਲਣ ਲਈ ਨਵੇਂ ਸਮਾਨ, ਨਵੇਂ ਭਗਵਾਨ (ਕਿਰਤੀ, ਕਿਸਾਨ) ਅਤੇ ਝੁੱਗੀਆਂ ਵਿਚੋਂ ਨਵੇਂ ਤੂਫਾਨ ਪੈਦਾ ਹੋਣਗੇ ਜੋ ਦਕਿਆਨੂਸੀ, ਰੂੜ੍ਹੀਵਾਦੀ ਸਰਮਾਇਆਵਾਦੀ ਨਿਜ਼ਾਮ ਨੂੰ ਤਹਿਸ ਨਹਿਸ ਕਰਕੇ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਕ ਵਿਵਸਥਾ ਵਾਲੇ ਸਮਾਜ ਦੀ ਸਿਰਜਣਾ ਕਰਨਗੇ। ਉਸਦੀ ਕਵਿਤਾ ਦਾ ਮੂਲ ਮੁਹਾਵਰਾ ਤੇ ਮੰਤਵ ਸਥਾਪਤੀ ਦੇ ਵਿਰੋਧ ਵਿਚ ਖੜ੍ਹਾ ਹੈ। ਉਹ ਪ੍ਰੰਪਰਿਕ ਪ੍ਰਸਥਿਤੀਆਂ ਦੇ ਖਿਲਾਫ ਆਵਾਜ਼ ਬੁਲੰਦ ਕਰਦਾ ਹੈ।



ਪ੍ਰੀਤਮ ਰਾਮਦਾਸਪੁਰੀ

ਉਸਦੀ ਉਰਦੂ ਸ਼ਾਇਰੀ ਵਿਚ ਸਾਹਿਤਕ ਚਾਸ਼ਣੀ ਦੀ ਰੰਗਤ ਵਧੇਰੇ ਹੈ ਜਦਕਿ ਪੰਜਾਬੀ ਕਵਿਤਾ ਵਿਚ ਸਰਲ, ਸਪਸ਼ਟ ਭਾਸ਼ਾ ਰਾਹੀਂ ਉਸਨੇ ਜ਼ਿੰਦਗੀ ਦੇ ਦੁਖਾਂਤ ਦੀਆਂ ਕਈ ਪਰਤਾਂ ਨੂੰ ਉਲੀਕਦਿਆਂ, ਬੇਬੋਲ ਦੁੱਖਾਂ ਨੂੰ ਜ਼ੁਬਾਨ ਦਿੱਤੀ ਹੈ।

ਪ੍ਰੀਤਮ ਰਾਮਦਾਸਪੁਰੀ ਜੀ 22 ਅਕਤੂਬਰ 1991 ਨੂੰ ਸਦੀਵੀ ਵਿਛੋੜਾ ਦੇ ਗਏ ਪਰ ਆਪਣੇ ਇਨਕਲਾਬੀ ਕਾਵਿ ਦੇ ਰੂਪ ਵਿਚ ਉਹ ਹਮੇਸ਼ਾ ਜਿੰਦਾ ਰਹਿਣਗੇ।

**– ਡਾ ਜੀ. ਸੀ. ਕੌਲ**
(91-94632-23223)

## ਤੂਫਾਨ ਪੈਦਾ ਹੋਣਗੇ

ਵਕਤ ਬਦਲੂਗਾ, ਨਵੇਂ ਸਾਮਾਨ ਪੈਦਾ ਹੋਣਗੇ।
ਇਕ ਨਵੀਂ ਧਰਤੀ, ਨਵੇਂ ਅਸਮਾਨ ਪੈਦਾ ਹੋਣਗੇ।

ਆਉਣ ਵਾਲਾ ਹੈ ਅਜਿਹਾ ਇਨਕਲਾਬ, ਐ ਦੋਸਤੋ,
ਕੀੜੀਆਂ ਦੇ ਭੌਣ 'ਚੋਂ, ਸੁਲੇਮਾਨ ਪੈਦਾ ਹੋਣਗੇ।

ਜਿਹਦੀ ਦਹਿਸ਼ਤ ਨਾਲ ਕੰਬਣਗੇ, ਮੁਨਾਰੇ ਮਹਿਲ ਦੇ।
ਝੁੱਗੀਆਂ ਵਿਚੋਂ ਹੀ ਉਹ, ਤੂਫਾਨ ਪੈਦਾ ਹੋਣਗੇ।

ਖੇਤ ਮੰਦਰ, ਕਿਰਤ ਦੀ ਪੂਜਾ, ਤੇ ਕਾਮਾ ਦੇਵਤਾ,
ਹੁਣ ਨਵੀਂ ਭਗਤੀ, ਨਵੇਂ ਭਗਵਾਨ ਪੈਦਾ ਹੋਣਗੇ।

ਸੁੱਤੀ ਮਾਨਵਤਾ ਨੂੰ ਜੋ, ਝੰਜੋੜ ਕੇ ਦੇਵਣ ਜਗਾ,
ਗੈਬ ਦੇ ਪਰਦੇ 'ਚੋਂ, ਉਹ ਇਨਸਾਨ ਪੈਦਾ ਹੋਣਗੇ।

ਭੇਦ ਭਾਵ ਦੇ ਕੋਹੜ ਨੂੰ, ਜੜ੍ਹ ਤੋਂ ਉਖਾੜਨ ਵਾਸਤੇ,
ਭੀਮ ਦੀ ਉਮੱਤ 'ਚੋਂ ਹੀ, ਲੁਕਮਾਨ ਪੈਦਾ ਹੋਣਗੇ।

ਵਕਤ ਦੀ ਰਫਤਾਰ ਤੇ ਰੁਖ ਨੂੰ ਬਦਲ ਕੇ ਰੱਖ ਦੇਣ,
ਉਹ ਦਿਲਾਂ ਵਿਚ ਜੋਸ਼, ਉਹ ਈਮਾਨ ਪੈਦਾ ਹੋਣਗੇ।

ਜਿਸ ਨੂੰ 'ਪ੍ਰੀਤਮ' ਅੱਜ ਤੇਰੀ ਹੈ ਕਲਮ ਨੇ ਅਰੰਭਿਆ,
ਇਸ ਫਸਾਨੇ ਦੇ ਕਈ, ਉਨਵਾਨ ਪੈਦਾ ਹੋਣਗੇ।

**– ਪ੍ਰੀਤਮ 'ਰਾਮਦਾਸਪੁਰੀ'**

## ਬੰਸ 'ਚੋਂ ਰਵੀਦਾਸ ਦੀ ਹਾਂ

ਰਾਈ ਦਾਣੇ ਨਾਲ ਪਰਬਤ ਨੂੰ ਉੜਾ ਸਕਦਾ ਹਾਂ ਮੈਂ।
ਸੈਂਕੜੇ ਜਵਾਲਾ ਮੁਖੀ ਝੋਲੀ 'ਚ ਪਾ ਸਕਦਾ ਹਾਂ ਮੈਂ।

ਮਾਰਦੇ ਲੱਫਾਂ ਸਮੁੰਦਰ ਚੀਂਘ ਲਾ ਕੇ ਪੀ ਲਵਾਂ,
ਬਿਫਰਦੇ ਤੂਫਾਨ ਮੁੱਠੀ ਵਿਚ ਦਬਾ ਸਕਦਾ ਹਾਂ ਮੈਂ।

ਜੋ ਅਸੰਭਵ ਨੂੰ ਕਰੇ ਸੰਭਵ, ਮੈਂ ਉਹ ਫਰਹਾਦ ਹਾਂ।
ਬੰਸ 'ਚੋਂ ਰਵੀਦਸ ਦੀ ਹਾਂ, ਭੀਮ ਦੀ ਔਲਾਦ ਹਾਂ।

ਸ਼ਹਿਨਸ਼ਾਹਾਂ ਨੇ ਮੇਰੇ ਤੇ ਜ਼ੁਲਮ ਢਾਹ ਕੇ ਦੇਖਿਆ।
ਧਰਮ ਦੇ ਫਤਵੇ ਦਾ ਖੰਜਰ ਅਜ਼ਮਾ ਕੇ ਦੇਖਿਆ।

ਮੇਰੀ ਕੁੱਲ ਤੇ ਨੀਚਤਾ ਦਾ ਦਾਗ ਲਾ ਕੇ ਦੇਖਿਆ।
ਮੈਨੂੰ ਹਰ ਹੀਲੇ ਕੁਚਲ ਕੇ, ਦਬਾ ਕੇ ਦੇਖਿਆ।

ਜੋ ਕਿਸੇ ਸੇਕੋਂ ਵੀ ਨਾ ਪਿਘਲੇ, ਮੈਂ ਉਹ ਫੌਲਾਦ ਹਾਂ।
ਬੰਸ 'ਚੋਂ ਰਵੀਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

ਜ਼ੁਲਮ ਉਤੇ ਜ਼ੁਲਮ ਸਹਿ ਕੇ ਵੀ ਮੈਂ ਜੀਂਦਾ ਹੀ ਰਿਹਾ।
ਵਿਸ਼ ਭਰੇ ਪਿਆਲੇ ਤਸ਼ੱਦਦ ਦੇ ਮੈਂ ਪੀਂਦਾ ਹੀ ਰਿਹਾ।

ਮੈਂ ਵੀ ਆਜ਼ਾਦੀ ਦੇ ਮਿੱਠੇ ਫਲ ਨੂੰ ਕਿਧਰੇ ਚੱਖ ਸਕਾਂ।
ਲੀਰ-ਲੀਰ ਆਸਾਂ ਦੇ ਦਾਮਨ ਨੂੰ ਮੈਂ ਸੀਂਦਾ ਹੀ ਰਿਹਾ।

ਅਰਸ਼ ਤੋਂ ਵੀ ਜੋ ਮੁੜੀ ਸੱਖਣੀ, ਮੈਂ ਉਹ ਫਰਿਆਦ ਹਾਂ।
ਬੰਸ 'ਚੋਂ ਰਵੀਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

ਮੈਂ ਉਸ ਮੁਨਸਫ ਦੇ ਹੱਥੋਂ ਯੁੱਗਾਂ ਤੋਂ ਬਰਬਾਦ ਹਾਂ,
ਬੰਸ 'ਚੋਂ ਰਵੀਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

ਕਤਰਾ ਕਤਰਾ ਲਹੂ ਦਾ ਇਕ ਦਾਸਤਾਂ ਕਹਿੰਦਾ ਰਿਹਾ,
ਜਦ ਕਿਸੇ ਮਜ਼ਲੂਮ ਦੀ ਗਰਦਨ 'ਚੋਂ ਉਹ ਬਹਿੰਦਾ ਰਿਹਾ।

ਜਬਰਦਸਤੀ ਜਦ ਕਿਸੇ ਅਬਲਾ ਦੀ ਪੱਤ ਲੁੱਟੀ ਗਈ,
ਇਹ ਅਖੌਤੀ ਰੱਬ ਚੁੱਪ ਕਰਕੇ ਖੜ੍ਹਾ ਵੇਂਹਦਾ ਰਿਹਾ।

ਆਪਣਾ ਦਾਰੂ ਆਪ ਕਰਨੇ ਨੂੰ ਮੈਂ ਹੁਣ ਆਜ਼ਾਦ ਹਾਂ,
ਬੰਸ 'ਚੋਂ ਰਵੀਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

ਆਪਣੀ ਵਿਗੜੀ ਨੂੰ ਸੰਵਾਰੋ ਆਪ ਆਓ ਸਾਥੀਓ,
ਆਪਣੀ ਕਿਸ਼ਤੀ ਨੂੰ ਕਿਨਾਰੇ ਤੇ ਲਗਾਓ ਸਾਥੀਓ।

ਛੁੱਟ ਗਏ ਚੱਪੂ ਤੇ ਕੋਈ ਗਮ ਨਹੀਂ, ਹਿੰਮਤ ਕਰੋ,
ਆਪਣੀਆਂ ਬਾਹਾਂ ਨੂੰ ਹੁਣ ਚੱਪੂ ਬਣਾਓ ਸਾਥੀਓ।

ਆਪ ਹੁਣ ਆਪਣਾ ਖਵੱਈਆ ਲੋੜ ਦੀ ਈਜਾਦ ਹਾਂ,
ਬੰਸ 'ਚੋਂ ਰਵੀਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

ਹੱਥ ਜੋੜਨ ਦੀ ਬਜਾਏ ਹੱਥ ਵਿਚ ਹਥਿਆਰ ਲੈ,
ਏਕਤਾ ਦੀ ਡਾਂਗ ਲੈ, ਤਾਲੀਮ ਦੀ ਤਲਵਾਰ ਲੈ।

ਭੇਡ ਦੀ ਦਿੰਦੇ ਬਲੀ, ਉਠ ਜਾਗ ਬੱਬਰ ਸ਼ੇਰ ਬਣ,
ਮੰਗ ਕੇ ਨਹੀਂ, ਖੋਹ ਕੇ 'ਪ੍ਰੀਤਮ' ਆਪਣੇ ਅਧਿਕਾਰ ਲੈ।

ਆਉਣ ਵਾਲਾ ਹੈ ਜੋ ਪਰਲੋ ਉਹਦੀ ਮੈਂ ਬੁਨਿਆਦ ਹਾਂ,
ਬੰਸ 'ਚੋਂ ਰਵੀਦਾਸ ਦੀ ਹਾਂ, ਭੀਮ ਦੀ ਔਲਾਦ ਹਾਂ।

**– ਪ੍ਰੀਤਮ 'ਰਾਮਦਾਸਪੁਰੀ'**

## 27 ਅਕਤੂਬਰ 1951 ਨੂੰ ਜਲੰਧਰ ਵਿਖੇ ਬਾਬਾ ਸਾਹਿਬ ਦੇ ਸਨਮਾਨ ਵਿਚ ਪੇਸ਼ ਉਰਦੂ ਕਵਿਤਾ

ਹਿੰਦੋਸਤਾਂ ਕੋ ਹਸਤੀ ਏ ਅੰਬੇਡਕਰ ਪਰ ਨਾਜ਼ ਹੈ
ਮੁਰਗੇ ਬਿਸਮਲ ਮੇਂ ਪਰੋ ਪਰਵਾਜ ਪੈਦਾ ਤੂਨੇ ਕੀ
ਤਾਰ ਟੂਟੇ ਥੇ ਮਗਰ ਆਵਾਜ਼ ਪੈਦਾ ਤੂਨੇ ਕੀ
ਹਮਰਹੋਂ ਮੇਂਕੁਵੱਤੇਏ ਜਾਜ਼ ਪੈਦਾ ਤੂਨੇ ਕੀ
ਇਸ ਕਦਰ ਨੀਂਰਗੀ ਐ ਦੌਰਾਂ ਕਾ ਤੂ ਹਮਰਾਜ ਹੈ
ਹਿੰਦੋਸਤਾਂ ਕੋ ਹਸਤੀ ਏ ਅੰਬੇਡਕਰ ਪਰ ਨਾਜ਼ ਹੈ।

ਇਨ ਖਿਜਾਓਂ ਮੇਂ ਬਹਾਰੋਂ ਕਾ ਸਮਾਂ ਪੈਦਾ ਕੀਆ
ਅਪਨੇ ਫਿਕਰੇ ਨੁਕਤਾਏ ਆਰਾ ਸੇ ਵਿਧਾਂ ਪੈਦਾ ਕੀਆ
ਯਾਨਿ ਫਿਰ ਸੇ ਇਕ ਨਯਾ ਹਿੰਦੋਸਤਾਂ ਪੈਦਾ ਕੀਆ
ਹਿੰਦ ਕਾ ਆਈਨ ਤੇਰਾ ਪਰ ਤੂ ਏਜਾਜ ਹੈ
ਹਿੰਦੋਸਤਾਂ ਕੋ ਹਸਤੀ ਏ ਅੰਬੇਡਕਰ ਪਰ ਨਾਜ਼ ਹੈ।

ਯੂੰ ਤੋ ਹੋਂਗੇ ਰਿਜ਼ਮਗਰ ਮੇਂ ਔਰ ਭੀ ਪੀਰੋ ਜਵਾਂ
ਮਹਿਰੇਫਨ ਵ ਅਲਮ ਹੋਂਗੀ ਬਹੁਤ ਸੀ ਹਸਤੀਆਂ
ਭੀਮ ਜੇਗਮ ਸੇ ਲੜੇਂਗੀ ਗਰਬ-ਏ-ਬੁਜਦਿਲ ਕਹਾਂ
ਇਸ ਕਦਰ ਰਫਅਤ ਪਰ ਤੇਰੇ ਫਿਕਰ ਕੀ ਪਰਵਾਜ ਹੈ
ਹਿੰਦੋਸਤਾਂ ਕੋ ਹਸਤੀ ਏ ਅੰਬੇਡਕਰ ਪਰ ਨਾਜ਼ ਹੈ।

**– ਪ੍ਰੀਤਮ 'ਰਾਮਦਾਸਪੁਰੀ'**

## ਅਜੇ

ਅਜੇ ਪੈਰਾਂ 'ਚ ਕੰਡੇ ਨੇ, ਅਜੇ ਹੱਥਾਂ 'ਚ ਛਾਲੇ ਨੇ।
ਅਜੇ ਤੜਪਣ 'ਤੇ ਪਾਬੰਦੀ, ਅਜੇ ਬੁਲ੍ਹਾਂ 'ਤੇ ਤਾਲੇ ਨੇ।
ਕਦੇ ਤਾਂ ਆਪਣਾ ਜ਼ਖਮਾਂ ਤੇ, ਮਰਹਮ ਲਾ ਕੇ ਦੇਖਾਂਗੇ।

ਲਹੂ ਇਹ ਬੇਗੁਨਾਹਾਂ ਦਾ, ਕਦੇ ਤਾਂ ਰੰਗ ਲਿਆਊਗਾ।
ਕਦੇ ਮਜ਼ਲੂਮ ਮਿਹਨਤਕਸ਼ ਦਾ, ਮੁੜ੍ਹਕਾ ਮੁੱਲ ਪਾਊਗਾ।
ਕਦੇ ਤਾਂ ਆਪ, ਫਲ ਮਿਹਨਤ ਦਾ, ਆਪੂੰ ਖਾ ਕੇ ਦੇਖਾਂਗੇ।

ਕਿਤੇ ਭੁੱਖਿਆਂ ਯਤੀਮਾਂ ਦੇ, ਸੁਣੇ ਜਾਂਦੇ ਨਹੀਂ ਹਾੜੇ।
ਕਿਤੇ ਜ਼ੋਰਾਵਰਾਂ ਦੇ ਜ਼ੁਲਮ ਨੇ, ਜੀਊਂਦੇ ਦਲਿਤ ਸਾੜੇ।
ਕਦੋਂ ਤੱਕ ਇਹ ਤਮਾਸ਼ਾ, ਮੂੰਹ 'ਤੇ ਜੰਦਰਾ ਲਾ ਕੇ ਦੇਖਾਂਗੇ।

ਜੋ ਬਣ ਜੋਕਾਂ ਗਰੀਬਾਂ ਦਾ ਲਹੂ, ਦਿਨ ਰਾਤ ਪੀਂਦੇ ਨੇ।
ਜੋ ਵਿਹਲੜ, ਕਾਮੇ ਕਿਰਤੀ ਦੀ, ਕਮਾਈ 'ਤੇ ਹੀ ਜੀਂਦੇ ਨੇ।
ਕਦੇ ਪੰਜਾਲੀ ਉਹਨਾਂ ਦੇ ਵੀ, ਗਲ ਵਿਚ ਪਾ ਕੇ ਦੇਖਾਂਗੇ।

ਅਜੇ ਕਾਮੇ ਦੇ ਘਰ ਇੱਥੇ, ਸਣੇ ਸਮਾਨ ਸੜਦੇ ਨੇ।
ਪਸ਼ੂ ਡੰਗਰ ਤੇ ਜੀਂਦੇ ਜਾਗਦੇ, ਇਨਸਾਨ ਸੜਦੇ ਨੇ।
ਕਦੀ ਮਹਿਲਾਂ ਦੀ ਇੱਟ ਦੇ ਨਾਲ ਇੱਟ, ਖੜਕਾ ਕੇ ਦੇਖਾਂਗੇ।

ਜਿਹਨਾਂ ਹੱਥਾਂ 'ਚ ਦੁਰਮਟ ਹੈ, ਜਿਹਨਾਂ ਹੱਥਾਂ 'ਚ ਕਹੀਆਂ ਨੇ,
ਜਿਹਨਾ ਹੱਥਾਂ 'ਚ ਹੱਥਕੜੀਆਂ, ਬਿਨਾਂ ਦੋਸ਼ਾਂ ਦੇ ਪਈਆਂ ਨੇ।
ਉਨ੍ਹੀਂ ਹੱਥੀਂ ਬਗਾਵਤ ਦਾ, ਧਵੱਜ ਲਹਿਰਾ ਕੇ ਦੇਖਾਂਗੇ।

**– ਪ੍ਰੀਤਮ 'ਰਾਮਦਾਸਪੁਰੀ'**

## ਆਪਣੀ ਕਿਸ਼ਤੀ ਦਾ ਖਵੱਈਆ

ਏ ਭੀਮ ਤੇਰੇ ਕੋਲ ਹੀ ਚਾਨਣ ਮੁਨਾਰੇ ਬਣ ਗਏ।
ਬੇਸਹਾਰਾ ਕੌਮ ਦਾ ਏਹੋ ਸਹਾਰੇ ਬਣ ਗਏ।

ਕਲਮ ਤੇਰੀ ਨੇ ਜਗਾਇਆ ਸੁੱਤਿਆਂ ਨੂੰ ਟੁੰਬ ਕੇ,
ਬੋਲ ਤੇਰੇ ਮੇਰੀ ਮੰਜ਼ਿਲ ਦੇ ਇਸ਼ਾਰੇ ਬਣ ਗਏ।

ਇਕ ਅਟੁੱਟ ਸੰਘਰਸ਼ ਦਾ ਹੁਣ ਬੀਜ ਬੋਣਾ ਆ ਗਿਆ।
ਆਪਣੀ ਕਿਸ਼ਤੀ ਦਾ ਖਵੱਈਆ ਆਪ ਹੋਣਾ ਆ ਗਿਆ।

ਨਾਲ ਹਿਕਮਤ ਦੇਸ਼ ਦੀ ਬਿਗੜੀ ਬਣਾ ਕੇ ਦੱਸ ਗਿਆ।
ਕੌਮ ਦੀ ਮੰਝਧਾਰ 'ਚੋਂ ਕਿਸ਼ਤੀ ਬਚਾ ਕੇ ਦੱਸ ਗਿਆ।

ਰੱਖ ਦਿੱਤਾ ਬਦਲ ਕੇ ਤਕਦੀਰ ਨੂੰ ਤਦਬੀਰ ਨਾਲ,
ਮੁਰਦਿਆਂ ਵਿਚ ਫੇਰ ਮੁੜ ਕੇ ਜਾਨ ਪਾ ਕੇ ਦੱਸ ਗਿਆ।

ਲੇਖ ਦੇ ਲਿਖੇ ਨੂੰ ਅਮਲਾਂ ਨਾਲ ਧੋਣਾ ਆ ਗਿਆ,
ਆਪਣੀ ਕਿਸ਼ਤੀ ਦਾ ਖਵੱਈਆ ਆਪ ਹੋਣਾ ਆ ਗਿਆ।

ਆਪਣੀ ਬਦਹਾਲੀ ਨੂੰ ਜੋ ਕਰਮਾਂ ਦਾ ਫਲ ਕਹਿੰਦੇ ਰਹੇ,
ਮੁੱਦਤਾਂ ਭਰਮਾਂ ਦੀ ਨ੍ਹੇਰੀ ਗਾਰ ਵਿਚ ਰਹਿੰਦੇ ਰਹੇ।

ਜ਼ੁਲਮ ਅਤੇ ਅਨਿਆ ਨੂੰ ਭਾਣਾ ਰੱਬ ਦਾ ਸੀ ਮੰਨਦੇ,
ਡੰਗਰਾਂ ਵਾਂਗੂੰ ਜੋ ਹਰ ਇਕ ਮਾਰ ਨੂੰ ਸਹਿੰਦੇ ਰਹੇ।

ਹੁਣ ਤਸ਼ੱਦਦ ਸਾਹਮਣੇ ਡਟ ਕੇ ਖਲੋਣਾ ਆ ਗਿਆ,
ਆਪਣੀ ਕਿਸ਼ਤੀ ਦਾ ਖਵੱਈਆ ਆਪ ਹੋਣਾ ਆ ਗਿਆ।

ਮੇਰੇ ਅੰਦਰ ਜੋਤ ਜਗਦੀ ਏ ਮੇਰੇ ਅਜਦਾਦ ਦੀ,
ਸੀਨੇ ਤੇ ਉਕਰੀ ਨਿਸ਼ਾਨੀ ਇਕ ਸਿਤਮ ਈਜਾਦ ਦੀ।

ਰੱਬ, ਲੋਕਾਂ ਵਾਸਤੇ ਇਨਸਾਫ ਦਾ ਸੋਮਾ ਹੈ ਪਰ,
ਰੁਕ ਨਹੀਂ ਸਕਦਾ ਮੈਂ ਕਹਿਣੋਂ ਇਹ ਕਥਾ ਬੇਦਾਦ ਦੀ।

**– ਪ੍ਰੀਤਮ 'ਰਾਮਦਾਸਪੁਰੀ'**



# ਇਸ਼ਕ ਜਿਨ੍ਹਾਂ ਦੇ ਹੱਡੀਂ ਐਕਟਿੰਗ ਦਾ


## ਬਾਲੀਵੁੱਡ ਹਲਚਲ

ਤਰਸੇਮ ਬੱਧਣ
097796-27888




ਫਿਲਮੀ ਦੁਨੀਆਂ ਦੀ ਚਕਾਚੌਂਧ, ਚਮਕਾਹਟ ਦੇਖ ਕੇ ਅਣਗਿਣਤ ਗੱਭਰੂ ਮੁਟਿਆਰਾਂ, ਪਿੰਡਾਂ ਸ਼ਹਿਰਾਂ ਤੋਂ ਖਿੱਚੇ ਚਲੇ ਆਉਂਦੇ ਹਨ। ਹਰ ਕੋਈ ਚੜ੍ਹਦੀ ਜਵਾਨੀ 'ਚ ਆਪਣੇ ਆਪ ਨੂੰ ਧਰਮਿੰਦਰ-ਹੇਮਾ ਮਾਲਿਨੀ ਤੋਂ ਘੱਟ ਨਹੀਂ ਸਮਝਦਾ। ਦਰਅਸਲ ਪਹਿਲਾਂ ਤੋਂ ਹੀ ਫਿਲਮੀ ਦੁਨੀਆਂ ਦਾ ਅਜਿਹਾ ਪ੍ਰਚਾਰ ਰਿਹਾ ਹੈ ਕਿ ਪਤਾ ਨਹੀਂ ਇੱਥੇ ਕਿੰਨੀ ਕੁ ਧਨ ਦੌਲਤ ਹੈ, ਪਰ ਧਨ ਦੌਲਤ ਤਾਂ ਤੁਹਾਡੀ ਕਿਸਮਤ, ਮਿਹਨਤ, ਲਗਨ ਨਾਲ ਹੀ ਕਮਾਈ ਜਾ ਸਕਦੀ ਹੈ। ਇੱਥੇ ਸ਼ੋਹਰਤ, ਵਾਹ-ਵਾਹ, ਬੱਲੇ-ਬੱਲੇ, ਕਰੋੜਾਂ ਅਰਬਾਂ ਰੁਪਏ ਦੇ ਹੱਕ ਜਮਾਉਣ ਲਈ ਸਾਡੇ ਨੌਜਵਾਨ ਇਸ ਫਿਲਮੀ ਦੁਨੀਆਂ ਵੱਲ ਆਉਂਦੇ ਹਨ। ਪਰ ਇਸ ਚਮਕਦੀ ਦੁਨੀਆਂ 'ਚ ਆਪਣੇ ਆਪ ਨੂੰ ਸੈਟ ਕਰਨ ਲਈ ਉਮਰਾਂ ਬੀਤ ਜਾਂਦੀਆਂ ਹਨ। ਹਰ ਸਕੂਲ, ਕਾਲਜ ਜਾਂ ਕਿਸੇ ਵੀ ਖੇਤਰ ਦੇ ਸਿਰਫ ਨੌਜਵਾਨ ਹੀ ਨਹੀਂ ਇੱਧਰ ਆਉਂਦੇ, ਹਰ ਤਰ੍ਹਾਂ ਦੇ ਵਿਅਕਤੀ, ਔਰਤ ਇਸ ਨਗਰੀ ਵੱਲ ਖਿੱਚੇ ਚਲੇ ਜਾਂਦੇ ਹਨ।

ਭਾਰਤੀ ਫਿਲਮਾਂ ਦੇ ਪਿਤਾਮਾ ਦਾਦਾ ਸਾਹਿਬ ਫਾਲਕੇ ਨੇ ਸਭ ਤੋਂ ਪਹਿਲਾਂ 1913 'ਚ 'ਰਾਜਾ ਹਰੀਸ਼ਚੰਦਰ' ਸਾਈਲੈਂਟ ਫਿਲਮ (ਬਿਨਾਂ ਆਵਾਜ਼ ਦੇ) ਫਿਲਮ ਦਾ ਜਦੋਂ ਨਿਰਮਾਣ ਕੀਤਾ ਤਾਂ ਸਾਰੇ ਹੈਰਾਨ ਹੋਏ ਕਿ ਕਿਵੇਂ ਫੋਟੋ ਪਰਦੇ ਤੇ ਚੱਲ ਰਹੀਆਂ ਹਨ। ਫਾਲਕੇ ਐਂਡ ਕੰਪਨੀ ਦੇ ਬੈਨਰ ਹੇਠ ਜਦੋਂ ਇਹ ਫਿਲਮ ਬਣਾਈ ਗਈ ਤਾਂ ਇਸ ਫਿਲਮ ' ਕੰਮ ਕਰਨ ਲਈ ਔਰਤ ਕਲਾਕਾਰਾਂ ਦੀ ਜ਼ਰੂਰਤ ਪਈ ਤਾਂ ਕਿਸੇ ਨੇ ਵੀ ਹਾਂ ਨਹੀਂ ਕੀਤੀ। ਕਿਉਂਕਿ ਫਿਲਮੀ ਦੁਨੀਆਂ ਨੂੰ ਠੀਕ ਨਹੀਂ ਸਮਝਿਆ ਜਾਂਦਾ। ਕੋਈ ਵੀ ਚੰਗਾ ਪਰਿਵਾਰ ਆਪਣੀਆਂ ਧੀਆਂ ਨੂੰ ਫਿਲਮਾਂ 'ਚ ਭੇਜ ਕੇ ਰਾਜ਼ੀ ਨਹੀਂ ਸੀ। ਇਸ ਲਈ ਦਾਦਾ ਸਾਹਿਬ ਫਾਲਕੇ ਨੇ ਸਟੇਜ ਦੇ ਕਲਾਕਾਰਾਂ ਤੋਂ ਔਰਤ ਕਿਰਦਾਰ ਕਰਵਾਏ। ਪਹਿਲੀਆਂ ਬਹੁਤ ਸਾਰੀਆਂ ਫਿਲਮਾਂ 'ਚ ਲੜਕੇ ਹੀ ਲੜਕੀਆਂ ਦਾ ਰੋਲ ਕਰਦੇ ਸਨ। ਸੁਲੰਕੇ, ਰਾਮਚੰਦਰ ਫਾਲਕੇ, ਸਾਨੇ, ਤੇਲੰਗ, ਸ਼ਿੰਦੇ ਆਦਿ ਕਲਾਕਾਰ ਹਰੇਕ ਪਾਤਰ ਨਿਭਾਉਂਦੇ ਸਨ। ਦਾਦਾ ਸਾਹਿਬ ਫਾਲਕੇ ਨੇ ਪੂਰੀ ਜ਼ਿੰਦਗੀ ਫਿਲਮਾਂ 'ਤੇ ਹੀ ਲਾ ਦਿੱਤੀ, ਕਿਉਂਕਿ ਇਕ ਜਨੂੰਨ ਸੀ, ਇਕ ਲਗਨ ਸੀ, ਉਹਨਾਂ ਦੀ ਮਿਹਨਤ ਸਦਕਾ ਹੀ ਭਾਰਤ 'ਚ ਫਿਲਮ ਸਨਅਤ ਦਾ ਨਿਰਮਾਣ ਹੋਇਆ ਹੈ। ਇਸੇ ਲਈ ਫਿਲਮੀ ਦੁਨੀਆਂ ਦਾ ਸਭ ਤੋਂ ਵੱਡਾ ਫਿਲਮ ਐਵਾਰਡ ਹਰ ਸਾਲ 'ਦਾਦਾ ਸਾਹਿਬ ਫਾਲਕੇ ਐਵਾਰਡ' ਦੇ ਨਾਂ 'ਤੇ ਦਿੱਤਾ ਜਾਂਦਾ ਹੈ। ਦਾਦਾ ਸਾਹਿਬ ਪਹਿਲਾਂ ਸਟੇਜ ਕਰਿਆ ਕਰਦੇ ਸਨ। ਉਸ ਸਮੇਂ ਭਾਰਤ 'ਚ ਬਹੁਤ ਥਾਵਾਂ 'ਤੇ ਸਟੇਜ ਚਲਦੀ ਸੀ। ਕਲਾਕਾਰ ਆਪਣੇ ਅਭਿਨੈ 'ਓ ਨਿਖਾਰ ਇਹਨਾਂ ਸਟੇਜਾਂ 'ਤੇ ਹੀ ਲਿਆਉਂਦੇ ਸਨ। ਇਹਨਾਂ ਸਟੇਜਾਂ 'ਚ ਕੰਮ ਕਰਕੇ ਅਭਿਨੈ ਬਾਰੇ ਬਹੁਤ ਸਾਰੀਆਂ ਬਰੀਕੀਆਂ ਦਾ ਪਤਾ ਲੱਗਦਾ ਹੈ। ਓਮ ਪੁਰੀ, ਰਾਜ ਬੱਬਰ ਤੇ ਹੋਰ ਬਹੁਤ ਸਾਰੇ ਕਲਾਕਾਰ ਸਟੇਜਾਂ ਤੋਂ ਹੀ ਆਏ ਹਨ। ਵੱਡੇ-ਵੱਡੇ ਘਰਾਂ ਦੇ ਬੱਚੇ ਪਹਿਲਾਂ ਸਟੇਜ ਨੂੰ ਹੀ ਪਹਿਲ ਦਿੰਦੇ ਸਨ। ਸਕੂਲ, ਕਾਲਜ ਦੀ ਸਟੇਜ ਪਹਿਲਾ ਕਦਮ ਹੈ, ਜਿੱਥੇ ਅਭਿਨੈ ਕਰਾਇਆ ਜਾਂਦਾ ਹੈ। ਅਸਲ ਵਿਚ ਜਮਾਂਦਰੂ ਤੌਰ ਤੇ ਹਰ ਇਨਸਾਨ ਕਲਾਕਾਰ ਹੁੰਦਾ ਹੈ।

ਐਕਟਿੰਗ ਸਿਖਾਉਣ ਲਈ ਬਹੁਤ ਸਾਰੇ ਸਕੂਲ ਹਨ, ਜੋ ਕਾਫ਼ੀ ਮਹਿੰਗੇ ਹਨ। ਪੰਜਾਹ ਹਜ਼ਾਰ ਤੋਂ ਲੈ ਕੇ ਦਸ ਲੱਖ ਤੱਕ ਐਕਟਿੰਗ ਸਿਖਾਉਣ ਦਾ ਲੈਂਦੇ ਹਨ। ਐਕਟਿੰਗ ਸਿੱਖ ਕੇ ਕੁਝ ਹੀ ਨਸੀਬ ਵਾਲੇ ਹੁੰਦੇ ਹਨ, ਜਿਹਨਾਂ ਨੂੰ ਸਹੀ ਮੁਕਾਮ ਮਿਲਦਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਹਰ ਸਾਲ ਕਾਲਜਾਂ ਤੋਂ ਲੱਖਾਂ ਨੌਜਵਾਨ ਡਿਗਰੀਆਂ ਲੈਂਦੇ ਹਨ ਪਰ ਨੌਕਰੀਆਂ ਨਸੀਬ ਵਾਲਿਆਂ ਨੂੰ ਹੀ ਮਿਲਦੀਆਂ ਹਨ। ਅਜਿਹਾ ਹੀ ਫਿਲਮੀ ਦੁਨੀਆਂ ਵਿਚ ਹੁੰਦਾ ਹੈ ਪਰ ਅੱਜ ਦੀ ਫਿਲਮ ਸਨਅਤ 'ਚ ਬਹੁਤ ਕੰਮ ਹੈ। ਫਿਲਮਾਂ, ਟੀ. ਵੀ., ਐਡ ਫਿਲਮਾਂ, ਤਕਨੀਕੀ ਕੰਮ ਆਦਿ ਕਰਕੇ ਕੰਮ ਦੀ ਘਾਟ ਨਹੀਂ ਹੈ ਪਰ ਇਹਨਾਂ ਨੂੰ ਸਖ਼ਤ ਮਿਹਨਤ, ਲਗਨ, ਸਹੀ ਖੇਤਰ ਦੀ ਚੋਣ ਕਰਨੀ ਪਏਗੀ। ਇਹ ਵੀ ਗੱਲ ਕਰਨੀ ਠੀਕ ਸਮਝੀ ਜਾਵੇਗੀ ਕਿ ਧਰਮਿੰਦਰ, ਦਲੀਪ ਕੁਮਾਰ, ਜਤਿੰਦਰ ਆਦਿ ਨੇ ਕਿਤਿਉਂ ਐਕਟਿੰਗ ਦਾ ਕੋਰਸ ਨਹੀਂ ਕੀਤਾ, ਬੱਸ ਆਪਣੇ ਬੌਸ ਯਾਨਿ ਕਿ ਨਿਰਦੇਸ਼ਕ ਦੇ ਕਹਿਣ 'ਤੇ ਅਭਿਨੈ ਦੀਆਂ ਬਰੀਕੀਆਂ ਨੂੰ ਸਮਝਿਆ 'ਤੇ ਦੁਨੀਆਂ 'ਤੇ ਰਾਜ ਕੀਤਾ।



ਜਿਸ ਤਰ੍ਹਾਂ ਸਟੇਜਾਂ 'ਤੇ ਆਪਣੇ ਆਪ ਨੂੰ ਨਿਖਾਰਿਆ ਜਾ ਸਕਦਾ ਹੈ, ਉਥੇ ਹੀ ਰੇਡੀਓ, ਟੀ. ਵੀ. ਇਕ ਅਜਿਹਾ ਸਾਧਨ ਹੈ, ਜਿੱਥੇ ਆਪਣੇ ਆਪ ਨੂੰ ਤਿਆਰ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਕਲਾਕਾਰ ਰੇਡੀਓ ਤੋਂ ਆਏ, ਜਿਵੇਂ ਸੁਨੀਲ ਦੱਤ ਤੇ ਹੋਰ ਕਈ ਕਲਾਕਾਰ ਰੇਡੀਓ ਨਾ ਸਬੰਧਤ ਸਨ। ਰੇਡੀਓ ਦੀ ਦੁਨੀਆਂ ਵੀ ਅੱਜਕਲ੍ਹ ਵਿਸ਼ਾਲ ਹੈ, ਇਸੇ ਕਰਕੇ ਅਮੀਨ ਸਾਹਨੀ ਦਾ ਨਾਂਅ ਰੇਡੀਓ ਦੀ ਦੁਨੀਆਂ 'ਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਰੇਡੀਓ ਤੋਂ ਕਾਫੀ ਕੁਝ ਸਿੱਖਿਆ ਜਾ ਸਕਦਾ ਹੈ। ਆਪਣੇ ਜਵਾਨੀ ਦੇ ਦਿਨਾਂ 'ਚ ਜਤਿੰਦਰ ਨੇ ਵੀ ਰੇਡੀਓ 'ਤੇ ਪ੍ਰੋਗਰਾਮ ਦਿੱਤੇ ਸਨ। ਪਰ ਉਹਨਾਂ ਦੀ ਕਿਸਮਤ ਬਤੌਰ ਨਾਇਕ ਚਮਕਣੀ ਸੀ ਚਮਕ ਗਈ। ਇਕ ਦਿਨ ਜਦੋਂ ਉਹ ਆਰਟੀਫਿਸ਼ੀਅਲ ਗਹਿਣੇ ਵੀ ਸ਼ਾਂਤਾਰਾਮ ਦੇ ਸੈਟ ਤੇ ਗਏ ਤਾਂ ਉਹਨਾਂ ਨੇ ਜਤਿੰਦਰ ਨੂੰ ਨਾਇਕ ਬਣਾ ਦਿੱਤਾ। ਜਤਿੰਦਰ ਨੇ ਫਿਲਮੀ ਦੁਨੀਆਂ 'ਚ ਇਤਿਹਾਸ ਰਚਿਆ ਹੈ। ਛੋਟੇ ਪਰਦੇ ਤੋਂ ਸਾਡੇ ਨੌਜਵਾਨ ਬਹੁਤ ਕੁਝ ਸਿੱਖ ਸਕਦੇ ਹਨ। ਨਜ਼ਦੀਕੀ ਦੂਰਦਰਸ਼ਨ ਤੋਂ ਕਾਫੀ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸੇ ਲਈ ਤਾਂ ਹਰ ਛੋਟਾ ਵੱਡਾ ਕਲਾਕਾਰ ਛੋਟੇ ਪਰਦੇ ਨੂੰ ਪਹਿਲ ਦਿੰਦਾ ਹੈ। ਅਮਿਤਾਬ ਬੱਚਨ ਦਾ 'ਕਰੋੜਪਤੀ' ਲਈ 60 ਤੋਂ 80 ਕਰੋੜ ਦਾ ਕਰਾਰ ਹੈ। ਬਿਗ ਬੌਸ-7 ਲਈ ਸਲਮਾਨ ਖਾਨ ਨੇ ਪੰਜਾਹ ਕਰੋੜ ਤੋਂ ਵੱਧ ਦਾ ਕਰਾਰ ਕੀਤਾ। ਆਮਿਰ ਖਾਨ ਨੇ ਇਕ ਐਡ ਕੰਪਨੀ ਲਈ 150 ਕਰੋੜ ਦਾ ਕਰਾਰ ਕੀਤਾ ਹੈ।

ਇਕ ਚੰਗੇ ਕਲਾਕਾਰ ਲਈ ਐਕਟਿੰਗ ਦੇ ਨਾਲ ਸ਼ੁੱਧ ਭਾਸ਼ਾ ਬੋਲਣੀ ਆਉਣੀ ਵੀ ਜ਼ਰੂਰੀ ਹੈ ਤਾਂ ਹੀ ਉਹ ਸਫਲ ਹੋ ਸਕਦਾ ਹੈ। ਸ਼ਬਦਾਂ ਦਾ ਸਹੀ ਉ੍ਚਾਰਣ ਆਉਂਦਾ ਹੋਵੇ, ਜੇਕਰ ਕਲਾਕਾਰ ਉਰਦੂ ਲਿਖਦਾ ਹੈ ਤਾਂ ਉਸ ਨੂੰ ਫਾਇਦਾ ਬਹੁਤ ਹੁੰਦਾ ਹੈ ਕਿਉਂਕਿ ਹਿੰਦੀ ਦੇ ਕਈ ਅਜਿਹੇ ਸ਼ਬਦ ਹਨ, ਜਿਹਨਾਂ ਨੂੰ ਉਰਦੂ ਤੋਂ ਲਿਆ ਗਿਆ ਹੈ। ਇਸੇ ਲਈ ਅੱਜ ਤੱਕ ਧਰਮਿੰਦਰ ਉਰਦੂ ਦਾ ਸਾਹਿਤ ਹੀ ਪੜ੍ਹਦੇ ਆ ਰਹੇ ਹਨ। ਧਰਮ ਜੀ ਨੂੰ ਉਰਦੂ ਵਿਚ ਹੀ ਡਾਈਲਾਗ ਦੇਣੇ ਪੈਂਦੇ ਹਨ। ਨਿਰਦੇਸ਼ਕ ਅਨਿਲ ਸ਼ਰਮਾ ਦੇ ਇਕ ਸਹਾਇਕ ਸ਼ੀਤਲ ਨੇ ਧਰਮਿੰਦਰ ਕਰਕੇ ਹੀ ਉਰਦੂ ਸਿੱਖਿਆ। ਐਲਾਨੇ ਜੰਗ, ਫਰਿਸ਼ਤੇ, ਮੇਰੇ ਅਪਨੇ ਆਦਿ ਫਿਲਮਾਂ 'ਚ ਇਸ ਲੇਖਕ ਦਾ ਵੀ ਸਾਥ ਰਿਹਾ ਹੈ, ਇਸ ਲਈ ਪਤਾ ਹੈ। ਧਰਮਿੰਦਰ ਸ਼ੀਤਲ ਦੀ ਇਸ ਲਗਨ ਤੋਂ ਬਹੁਤ ਖੁਸ਼ ਹੁੰਦੇ ਸਨ। ਕਿਉਂਕਿ ਫਿਲਮੀ ਦੁਨੀਆਂ ਜਨੂੰਨ, ਜਜ਼ਬੇ, ਫਕੀਰੀ ਦੀ ਲਾਈਨ ਹੈ। ਇੱਥੇ ਮਿੱਟੀ ਨਾਲ ਮਿੱਟੀ ਹੋਣਾ ਪੈਂਦਾ ਹੈ। ਮਿੱਟੀ ਨਾਲ ਮਿੱਟੀ ਹੋਣ ਲਈ ਆਪਣੀ ਮੰਜ਼ਿਲ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਬਲਦੀ ਭੱਠੀ 'ਚ ਤਪਾਉਣਾ ਪੈਂਦਾ ਹੈ, ਫਿਰ ਜਾ ਕੇ ਹੀਰੇ ਵਰਗੀ ਚਮਕ ਆਉਂਦੀ ਹੈ।

ਲੜਕੀਆਂ ਲਈ ਦੁਨੀਆਂ ਕਿਸ ਤਰ੍ਹਾਂ ਦੀ ਹੈ, ਬਹੁਤ ਸਵਾਲ ਕੀਤੇ ਜਾਂਦੇ ਹਨ। ਹਰ ਥਾਂ 'ਚ ਭੈੜੇ ਵਿਚਾਰਾਂ ਵਾਲੇ ਲੋਕ ਹੁੰਦੇ ਹਨ, ਪਰ ਅਸਲ ਗੱਲ ਇਹ ਹੈ ਕਿ ਤੁਸੀਂ ਆਪਣੇ ਕੰਮ ਨਾਲ ਕਿੰਨੀ ਵਫਾਦਾਰੀ ਕਰਦੇ ਹੋ। ਤੁਸੀਂ ਆਪਣੇ ਕੰਮ ਨਾਲ ਵਫਾਦਾਰ ਹੋ ਕੋਈ ਕੁਝ ਨਹੀਂ ਕਹਿੰਦਾ। ਹਾਂ ਕਈ ਵਾਰ ਹਾਲਾਤ ਇਨਸਾਨ ਦੇ ਅਜਿਹੇ ਹੋ ਜਾਂਦੇ ਹਨ, ਜਿਸ ਕਰਕੇ ਗਲਤ ਰਸਤੇ ਮਿਲਦੇ ਹਨ। ਪਰ ਸਭ ਕੁਝ ਆਪਣੇ ਹੱਥ ਵਿਚ ਹੈ ਕਿ ਤੁਸੀਂ ਆਪਣੇ ਆਪ ਨੂੰ ਇਸ ਦੁਨੀਆਂ ਲਈ ਕਿਵੇਂ ਫਿੱਟ ਬਣਾਉਣਾ ਹੈ।

ਅੱਜਕਲ੍ਹ ਫਿਲਮਾਂ ਦਾ ਇੰਨਾ ਜ਼ਿਆਦਾ ਪ੍ਰਚਾਰ ਵੱਧ ਗਿਆ ਹੈ ਕਿ ਅੱਜ 100 ਕਰੋੜੀ ਫਿਲਮਾਂ ਦੀ ਬਹਾਰ ਲੱਗੀ ਹੈ। ਇਸ ਦੇ ਨਾਲ ਸਾਡੇ ਨੌਜਵਾਨ ਅਜਿਹੀਆਂ ਕਰੋੜਾਂ ਦੀਆਂ ਖਬਰਾਂ ਪੜ੍ਹ ਕੇ ਸਾਰੇ ਹੀ ਆਪਣੇ ਆਪ ਨੂੰ ਸਲਮਾਨ, ਆਮਿਰ, ਸ਼ਾਹਰੁਖ ਤੇ ਰਿਤਿਕ ਸਮਝਣ ਲੱਗਦੇ ਹਨ। 100 ਕਰੋੜ ਕਲੱਬ ਦੀ ਸ਼ੁਰੂਆਤ 2008 'ਚ ਆਮਿਰ ਖਾਨ ਦੀ ਗਜਨੀ ਤੋਂ ਹੋਈ ਸੀ। ਫਿਰ '3 ਇਡੀਅਟਸ, ਚੇਨਈ ਐਕਸਪ੍ਰੈਸ' ਪਹਿਲੇ ਹਫਤੇ 137 ਕਰੋੜ ਕਮਾਏ ਤੇ ਹੁਣ 150 ਕਰੋੜ ਤੋਂ ਪਾਰ ਕਰ ਗਈਆਂ। ਭਾਗ ਮਿਲਖਾ ਭਾਗ ਨੇ ਚੌਥੇ ਹਫਤੇ 100 ਕਰੋੜ, ਸਲਮਾਨ ਖਾਨ ਦੀ 'ਏਕ ਥਾਂ ਟਾਈਗਰ ਹੁਣ ਤੱਕ 286 ਕਰੋੜ, ਯੇ ਜਵਾਨੀ ਹੈ ਦੀਵਾਨੀ, ਰੇਸ-2, ਦਬੰਗ, ਰਾਊਡੀ ਰਠੌੜ, ਜਬ ਤੱਕ ਹੈ ਜਾਨ ਆਦਿ ਦੇ ਇਲਾਵਾ ਹੋਰ ਵੀ ਕਈ ਫਿਲਮਾਂ ਨੇ 100 ਕਰੋੜ ਤੋਂ ਉਪਰ ਦਾ ਬਿਜਨਸ ਕੀਤਾ ਹੈ।

ਫਿਲਮੀ ਦੁਨੀਆਂ 'ਓ ਸਿਰਫ ਹੀਰੋ-ਹੀਰੋਇਨ ਹੀ ਨਹੀਂ ਬਣਿਆ ਜਾ ਸਕਦਾ। ਕਮੇਡੀ ਕਲਾਕਾਰ, ਚਰਿੱਤਰ ਕਲਾਕਾਰ ਹੋਰ ਵੀ ਬਹੁਤ ਸਾਰੇ ਖੇਤਰ ਹਨ, ਜਿੱਥੇ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਡਾਂਸਰ ਬਣ ਕੇ ਬਹੁਤ ਪੈਸਾ ਕਮਾਇਆ ਜਾ ਸਕਦਾ ਹੈ। ਵਧੀਆ ਗਾਇਕ, ਸੰਗੀਤਕਾਰ ਵੀ ਬਣਿਆ ਜਾ ਸਕਦਾ ਹੈ। ਪ੍ਰੋਡਕਸ਼ਨ ਦਾ ਕੰਮ, ਪ੍ਰਚਾਰ ਆਦਿ ਬਹੁਤ ਸਾਰੇ ਖੇਤਰ ਹਨ। ਕਹਿਣ ਦਾ ਮਤਲਬ ਹੈ ਕਿ ਫਿਲਮੀ ਧਰਤੀ ਅਰਬਾਂ ਖਰਬਾਂ ਦੀ ਹੈ, ਬੱਸ ਕਿਵੇਂ ਲੱਖਾਂ ਕਰੋੜਾਂ ਪ੍ਰਾਪਤ ਕਰਨੇ ਹਨ, ਤੁਹਾਡੇ 'ਤੇ ਨਿਰਭਰ ਕਰਦਾ ਹੈ। ਇਸ ਲਈ ਸਖਤ ਮਿਹਨਤ, ਲਗਨ, ਅਟੁੱਟ ਵਿਸ਼ਵਾਸ, ਸਾਫ ਦਿਲ, ਦੋਸਤਾਂ ਦੀ ਮਦਦ, ਸਮੇਂ ਦੀ ਕਦਰ ਇਹ ਗੱਲਾਂ ਜ਼ਰੂਰੀ ਹਨ। ਇਹਨਾਂ ਗੱਲਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਐਕਟਿੰਗ ਸਿੱਖਣ ਤੇ ਲੱਖਾਂ ਖਰਚ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

ਹਾਂ ਵਧੀਆ ਫਿਲਮਾਂ ਜ਼ਰੂਰ ਦੇਖੋ, ਕਲਾਕਾਰ ਦੀ ਕਾਪੀ ਕਰੋ ਲੇਕਿਨ ਜ਼ਿਆਦਾ ਨਹੀਂ, ਬੱਸ ਉਸ ਨੂੰ ਫਾਲੋ ਕਰੋ। ਸੱਚੇ ਦਿਲੋਂ ਕਿਸੇ ਵੀ ਖੇਤਰ ਵਿਚ ਕੀਤੀ ਮਿਹਨਤ ਜ਼ਰੂਰ ਹੀ ਰੰਗ ਲਿਆਉਂਦੀ ਹੈ। ਫਿਲਮੀ ਦੁਨੀਆਂ ਨੂੰ ਆਪਣਾ ਬਣਾਉਣ ਲਈ ਉਸਦਾ ਬਣਨਾ ਪਵੇਗਾ।

# ਸੋਚ ਬਦਲਣ ਦੀ ਜ਼ਰੂਰਤ - ਜ਼ਰੀਨ ਖਾਨ



ਅਭਿਨੇਤਰੀ ਅਤੇ ਮਾਡਲ ਜ਼ਰੀਨ ਖਾਨ ਹੁਣ ਬਾਲੀਵੁੱਡ ਫਿਲਮਾਂ ਦੇ ਨਾਲ ਹੀ ਤਮਿਲ ਅਤੇ ਪੰਜਾਬੀ ਫਿਲਮ ਜਗਤ ਵਿਚ ਵੀ ਚਰਚਿਤ ਨਾਂ ਹੈ। ਉਹਨਾਂ ਨੇ ਆਪਣੀ ਮਿਹਨਤ ਅਤੇ ਕੰਮ ਨਾਲ ਇਸ ਇੰਡਸਟਰੀ ਵਿਚ ਆਪਣੀ ਜਗ੍ਹਾ ਯਕੀਨੀ ਕੀਤੀ ਹੈ।

ਬਾਲੀਵੁੱਡ ਦੇ ਗਲਿਆਰੇ ਵਿਚ ਨੈਪੋਟਿਜ਼ਮ ਦੀਆਂ ਖਬਰਾਂ ਉਠਦੀਆਂ ਰਹਿੰਦੀਆਂ ਹਨ। ਨੈਪੋਟਿਜ਼ਮ ਦਾ ਮਤਲਬ ਹੈ ਭਾਈ-ਭਤੀਜਾਵਾਦ ਯਾਨਿ ਆਪਣੇ ਕਿਸੇ ਸਬੰਧੀ ਜਾਂ ਜਾਣ-ਪਛਾਣ ਦੇ ਵਿਅਕਤੀ ਦੀ ਕੰਮ ਦੇ ਸਿਲਸਿਲੇ ਵਿਚ ਮਦਦ ਕਰਨਾ। ਅਕਸਰ ਇਸ ਬਾਰੇ ਚਰਚਾ ਕੀਤੇ ਜਾਣ ਦਾ ਇਹ ਮਤਲਬ ਨਹੀਂ ਹੈ ਕਿ ਇੰਡਸਟਰੀ ਵਿਚ ਕਿਸੇ ਨੂੰ ਆਪਣੇ ਦਮ 'ਤੇ ਕੰਮ ਮਿਲਦਾ ਹੀ ਨਾ ਹੋਵੇ। ਅਜਿਹੇ ਬਹੁਤ ਸਾਰੇ ਲੋਕ ਹਨ, ਜਿਹਨਾਂ ਨੇ ਆਪਣੇ ਬਲ 'ਤੇ ਕੰਮ ਅਤੇ ਨਾਂ ਕਮਾਇਆ ਹੈ, ਉਹਨਾਂ ਵਿਚੋਂ ਇਕ ਅਭਿਨੇਤਰੀ ਜ਼ਰੀਨ ਖਾਨ ਹੈ।

**ਐਕਟਿੰਗ ਵੱਲ ਰੁਝਾਨ ਕਿਵੇਂ ਆਇਆ?**

ਮੈਂ ਇੱਥੇ ਅਚਾਨਕ ਆ ਗਈ। ਮੈਂ ਡਾਕਟਰ ਬਣਨਾ ਚਾਹੁੰਦੀ ਸੀ। ਇਕ ਵਾਰ ਸੁਭਾਸ਼ ਘਈ ਦੇ ਐਕਟਿੰਗ ਸਕੂਨ ਵਿਚ ਗਈ ਸੀ, ਜਿੱਥੇ 'ਯੁਵਰਾਜ' ਫਿਲਮ ਦਾ ਸੈਟ ਲੱਗਿਆ ਹੋਇਆ ਸੀ। ਸਲਮਾਨ ਖਾਨ ਨੇ ਮੈਨੂੰ ਉਥੇ ਦੇਖਿਆ ਅਤੇ ਆਪਣੀ ਅਗਲੀ ਫਿਲਮ 'ਵੀਰ' ਵਿਚ ਲੀਡ ਅਭਿਨੇਤਰੀਦੇ ਤੌਰ ਤੇ ਕਾਸਟ ਕਰਨ ਦਾ ਫੈਸਲਾ ਕੀਤਾ। ਸਕ੍ਰੀਨ ਟੈਸਟ ਤੋਂ ਬਾਅਦ ਰਾਜਕੁਮਾਰੀ ਯਸ਼ੋਧਰਾ ਦੇ ਕਿਰਦਾਰ ਵਿਚ ਮੇਰੀ ਚੋਣ ਹੋ ਗਈ ਸੀ।

**ਫਿਲਮਾਂ ਵਿਚ ਤੁਹਾਡੇ ਬੋਲਡ ਕਿਰਦਾਰਾਂ ਤੇ ਪਰਿਵਾਰ ਦੀ ਪ੍ਰਤੀਕਿਰਿਆ?**

ਜਦੋਂ ਮੈਨੂੰ 'ਹੇਟ ਸਟੋਰੀ 3' ਆਫਰ ਕੀਤੀ ਗਈ ਤਾਂ ਉਸਦੇ ਬੋਲਡ ਸੀਨ ਬਾਰੇ ਵੀ ਦੱਸਿਆ ਗਿਆ ਸੀ। ਮੈਂ ਉਸ ਫਿਲਮ ਨੂੰ ਸਾਈਨ ਕਰਨ ਤੋਂ ਪਹਿਲਾਂ ਕੁਝ ਦੁਬਿਧਾ ਵਿਚ ਸੀ। ਅਜਿਹੇ ਮੌਕਿਆਂ ਤੇ ਮੈਂ ਹਮੇਸ਼ਾ ਆਪਣੀ ਮਾਂ ਦੀ ਸਲਾਹ ਲੈਂਦੀ ਹਾਂ। ਉਹਨਾਂ ਨੇ ਮੈਨੂੰ ਸਮਝਾਇਆ ਕਿ ਅੱਜਕਲ੍ਹ ਤਾਂ ਅਜਿਹੇ ਸੀਨ ਆਮ ਹਨ ਅਤੇ ਮੈਨੂੰ ਇਸ ਬਾਰੇ ਇੰਨਾ ਸੋਚਣਾ ਨਹੀਂ ਚਾਹੀਦਾ। ਮੇਰੇ ਲਈ ਮੇਰੀ ਮਾਂ ਦੀ ਸਲਾਹ ਅਤੇ ਸਾਥ ਤੋਂ ਜ਼ਿਆਦਾ ਮਹੱਤਵਪੂਰਨ ਕੁਝ ਨਹੀਂ ਹੈ। ਸਭ ਦਾ ਆਪਣਾ ਨਜ਼ਰੀਆ ਹੁੰਦਾ ਹੈ, ਮੈਨੂੰ ਅਜਿਹਾ ਲੱਗਦਾ ਹੈ ਕਿ ਹੁਣ ਲੋਕਾਂ ਨੂੰ ਆਪਣੀ ਸੋਚ ਨੂੰ ਬਦਲਣ ਦੀ ਜ਼ਰੂਰਤ ਹੈ, ਪਹਿਰਾਵੇ ਦੇ ਨਾਲ ਹੀ ਵਿਚਾਰਾਂ ਵਿਚ ਵੀ ਮਾਡਰਨ ਹੋਣਾ ਚਾਹੀਦਾ ਹੈ।

**ਸੈਂਸਰ ਬੋਰਡ ਤੇ ਤੁਹਾਡੀ ਰਾਏ?**

ਕਿਸੇ ਫਿਲਮ ਤੋਂ ਇਤਰਾਜ਼ਯੋਗ ਸੀਨ ਜਾਂ ਡਾਇਲਾਗ ਨੂੰ ਕੱਟ ਕਰਨ ਤੱਕ ਤਾਂ ਠੀਕ ਹੈ ਪਰ ਆਪਣੇ ਇੱਥੇ ਨਿਯਮ ਬਹੁਤ ਸਖਤ ਹਨ। ਕਈ ਵਾਰ ਫਿਲਮ ਦੀ ਜ਼ਰੂਰਤ ਦੇ ਸੀਨ ਵੀ ਉਹਨਾਂ ਦੇ ਨਿਯਮਾਂ ਦੀ ਬਲੀ ਚੜ੍ਹ ਜਾਂਦੇ ਹਨ।

**ਤੁਹਾਡੀ ਅਭਿਨੇਤਰੀ ਕੈਟਰੀਨਾ ਕੈਫ ਨਾਲ ਤੁਲਨਾ ਕੀਤੀ ਜਾਂਦੀ ਹੈ?**

ਇੰਡਸਟਰੀ ਵਿਚ ਹਰ ਕੋਈ ਆਪਣੀ ਪਛਾਣ ਬਣਾਉਣ ਆਉਂਦਾ ਹੈ। ਸ਼ੁਰੂ ਵਿਚ ਸਭ ਮੈਨੂੰ ਕਹਿੰਦੇ ਸਨ ਕਿ ਮੈਂ ਕੈਟਰੀਨਾ ਕੈਫ ਵਰਗੀ ਲੱਗਦੀ ਹਾਂ। ਜਦੋਂ ਮੈਂ ਇੱਕੇ ਆਪਣਾ ਕੈਰੀਅਰ ਜਮਾਉਣ ਦੀ ਕੋਸ਼ਿਬ ਕਰ ਰਹੀ ਸੀ, ਉਹ ਉਦੋਂ ਸਥਾਪਤ ਹੋ ਗਈ ਸੀ। ਅਜਿਹੇ ਵਿਚ ਸਾਡੀ ਤੁਲਨਾ ਕੀਤੇ ਜਾਣਾ ਬਹੁਤ ਗਲਤ ਸੀ। ਇਸ ਤੁਲਨਾ ਦੇ ਕਾਰਨ ਕਈ ਵਾਰ ਮੇਰੇ ਕੰਮ ਨੂੰ ਅਣਦੇਖਿਆ ਕਰ ਦਿੱਤਾ ਗਿਆ। ਮੀਡੀਆ ਵਿਚ ਵੀ ਮੇਰੇ ਕੰਮ ਤੋਂ ਜ਼ਿਆਦਾ ਖਬਰ ਇਸ ਗੱਲ ਦੀ ਹੁੰਦੀ ਸੀ। ਹਾਲਾਂਕਿ ਇੰਡਸਟਰੀ ਵਿਚ 7 ਸਾਲ ਬੀਤਜਾਣ ਦੇ ਬਾਅਦ ਹੁਣ ਉਹ ਤੁਲਨਾ ਬੰਦ ਹੋ ਗਈ ਹੈ, ਜਿਸ ਤੋਂ ਮੈਂ ਬਹੁਤ ਖੁਸ਼ ਹਾਂ।

**ਆਪਣੇ ਸਫਰ ਨੂੰ ਕੀ ਰੇਟਿੰਗ ਦਿਓਗੀ?**

ਮੈਂ ਫਿਲਮ 'ਵੀਰ' ਤੋਂ ਸ਼ੁਰੂਆਤ ਕੀਤੀ ਸੀ ਪਰ ਉਸ ਤੋਂ ਜ਼ਿਆਦਾ ਪਛਾਣ ਫਿਲਮ 'ਰੈਡੀ' ਦੇ ਆਈਟਮ ਸੌਂਗ 'ਕੈਰੇਕਟਰ ਢੀਲਾ' ਤੋਂ ਮਿਲੀ ਸੀ। ਉਸ ਤੋਂ ਬਾਅਦ ਮੈਂ ਇਕ ਮਿਊਜ਼ਿਕ ਵੀਡੀਓ 'ਪਿਆਰ ਮਾਂਗਾ ਹੈ' ਵਿਚ ਵੀ ਕੰਮ ਕੀਤਾ ਸੀ, ਜਿਸ ਵਿਚ ਮੇਰੇ ਨਾਲ ਅਲੀ ਫਜ਼ਲ ਸਨ। ਮੈਂ ਆਪਣੇ ਕੈਰੀਅਰ ਦੀ ਰਫਤਾਰ ਅਤੇ ਸਫਲਤਾ ਤੋਂ ਸੰਤੁਸ਼ਟ ਹਾਂ। ਇਸ ਸਾਲ ਮੇਰੀਆਂ ਫਿਲਮਾਂ 'ਅਕਸਰ 2' ਅਤੇ '1921' ਰਿਲੀਜ਼ ਹੋਣਗੀਆਂ।





# TIYAN MELA

**Saturday August, 5 2017 Time 4 PM to 9 PM**

**Anderson Community Service Park and Recreation, 1887 Howard Street Anderson, CA 96007**

## Items: Dance / Performance / Giddha / Food



**For participation, Please contact :-**

Paramjit Kaur (650) 452-5022
Kuldip Kaur (530) 356-6710
Baljit Kaur (530) 321-4216
Navreet Kaur (530) 840-1155
Mandeep Kaur (530) 646-7334
Harvinder Kaur (530) 605-8183



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# NINTH ANNUAL

# IVACC PICNIC 2017

## In Honor of Late

# Commissioner Lahori Ram



**Forerunner Indo-American to become involved in California politics.**

**"Nothing is ever really lost to us as long as we remember it"**
**L.M. Montgomery**

# Sunday AUGUST 6, 2017

## 11:00 AM to 6 PM

**No Charge**

*Hot Cholay Bhturas will be prepared on site (Authentic Indian Cuisine) by Jimmy's Indian Restaurant (Yuba City) - Phone (530) 821- 0121 - Fax (530) 821- 0122*

**Program consists of:**

* Program consists of: DJ, Sports for all ages, Musical contest. Tug of war and Awards for all ages. Jump house.
* Teams contest: Volleyball, Cricket,
* Soccer and Wrestling demonstration
* We have limited time but unlimited fun.

**At: Elk Grove Park**
**9950 Elk Grove-Florin Road, Section C, Elk Grove, CA**

**Directions** From Elk Grove Blvd East-Turn Right at Elk Grove-Florin Road.

**Program consists of: DJ, Sports for all ages, Musical contest. Tug of war and Awards for all ages. Jump house.**

**Teams contest:** Volleyball, Cricket,Soccer and Wrestling demonstration

*We have limited time but unlimited fun.*

## Ninth Annual Picnic in Memory of Commissioner Lahori Ram

### THEME: LAHORI RAM -- INDIAN TRAILBLAZER IN CALIFORNIA POLITICS

Lahori Ram was one of the first Indo-Americans to become involved in California politics and he encouraged many others to become a part of the political process. His motto was "United We Stand and Divided We Fall." He told all Indians to unite together and realize their political power. He said that until the Indo-American community gets active in the political process, they will have no real power in this country. Taxation without representation is the problem the early settlers of the United States faced and we as Indians were becoming victims of this same problem.

A mentor for Indians wanting to get involved in the American political process, Lahori Ram was the first Indo-American to be appointed to a statewide commission in California. Mr. Ram was first appointed to the California Small Business Commission. He later served on the California Trade, Technology, and Commerce Commission. He also served on the California Transportation Commission.

He was nominated by California State Governor Gray Davis to the highly exclusive California Economic Development Commission in 2003. In this position, he helped out many Indian community members and arranged many meetings for the Indian community to meet with many elected officials. He facilitated a dialogue between the Indian community and many distinguished politicians. The Indian community had an opportunity to tell their story and voice their opinion about the issues that directly affected them.

Lahori Ram served as an inspiration and role model to many aspiring politicians. He opened up many doors for our community. Many politicians have a special respect for the Indian community due to the great work of Mr. Lahori Ram. His contributions to the Indian community and pioneering work in the California political process justify the title of "Indian Trailblazer in California Politics" that is rightfully due to Mr. Lahori Ram.

**Important Notes**

IVACC has the privilege to invite you at our picnic with no charge. Come and enjoy your day in the company of your elected representatives.

**For further information please contact:**

| | |
|---|---|
| Jack Ram | 650-455-9026 |
| Paul Ram | 650-296-4208 |
| Pawittar Nahal | 916 601 8885 |
| Amarjeet Bedi/Lodi | 209 368 0415 |
| Manisha Sharma | 530 682 8328 |
| Sukh C. Singh | 916-802-5776 |